@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 3 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 3 ਫਰਵਰੀ 2026, 21 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 90. qpatrika@gmail.com ਫੋਨ : 9971359517 www.qaumipatrika.org

# ਦਿੱਲੀ ’ਚ ਨਾਇਬ ਸੈਣੀ ਨੇ PM ਮੋਦੀ ਨਾਲ ਕੀਤੀ ਮੁਲਾਕਾਤ, ਹਰਿਆਣਾ ਦੇ ਦੌਰੇ ਲਈ ਦਿੱਤਾ ਸੱਦਾ

## ਆਦਮਪੁਰ ਹਵਾਈ ਅੱਡੇ ਦਾ ਨਾਂ ਸ਼ਰੀ ਗੁਰੂ ਰਵਿਦਾਸ ਦੇ ਨਾਂ ’ਤੇ ਰੱਖਣਾ ਇਤਿਹਾਸਕ ਫੈਸਲਾ : CM ਸੈਣੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ



ਨਵੀਂ ਦਿੱਲੀ, 2 ਫਰਵਰੀ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਰਾਸ਼ਟਰੀ ਰਾਜਧਾਨੀ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਸ਼?ਰੀ ਸੈਣੀ ਦੀ ਮੁਲਾਕਾਤ ਨੂੰ ਸੂਬੇ ਦੇ ਵਿਕਾਸ ਕੰਮਾਂ ਅਤੇ ਆਉਣ ਵਾਲੇ ਰਾਜਨੀਤਕ ਪ੍ਰੋਗਰਾਮਾਂ ਦੇ ਲਿਹਾਜ ਨਾਲ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਬੈਠਕ ਦੌਰਾਨ ਕੇਂਦਰ ਅਤੇ ਸੂਬੇ ਵਿਚਾਲੇ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਮਾਰਗਦਰਸ਼ਨ ’ਚ ‘ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕੀ ਕੋਸ਼ਿਸ਼’ ਦੇ ਮੰਤਰ ਨਾਲ ਹਰਿਆਣਾ ਲਗਾਤਾਰ ਤਰੱਕੀ ਦੀ ਰਾਹ ’ਤੇ ਚੱਲ ਰਿਹਾ ਹੈ। ਸੂਤਰਾਂ ਅਨੁਸਾ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਅੰਬਾਲਾ ’ਚ ਬਣ ਕੇ ਤਿਆਰ ਹੋਏ ਸ਼ਾਨਦਾਰ ਸ਼ਹੀਦ ਸਮਾਰਕ ਦੇ ਉਦਘਾਟਨ ਲਈ ਸੱਦਾ ਦਿੱਤਾ। ਇਹ ਸਮਾਰਕ ਦੇਸ਼ ਦੇ ਵੀਰ ਸ਼ਹੀਦਾਂ ਦੇ ਸਨਮਾਨ ’ਚ ਬਣਾਇਆ ਗਿਆ ਹੈ ਅਤੇ ਇਸ ਨੂੰ ਹਰਿਆਣਾ ਦੀ ਇਕ ਮਹੱਤਵਪੂਰਨ ਪਛਾਣ ਵਜੋਂ ਦੇਖਿਆ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਸੱਦੇ ਤੋਂ ਬਾਅਦ ਪ੍ਰਧਾਨ ਮੰਤਰੀ ਜਲਦ ਹੀ ਹਰਿਆਣਾ ਦਾ ਦੌਰਾ ਕਰ ਸਕਦੇ ਹਨ, ਜਿਸ ਨਾਲ ਪ੍ਰਦੇਸ਼ ’ਚ ਵਿਕਾਸ ਯੋਜਨਾਵਾਂ ਨੂੰ ਨਵੀਂ ਗਤੀ ਮਿਲਣ ਦੀ ਸੰਭਾਵਨਾ ਹੈ। ਬੈਠਕ ਦੌਰਾਨ ਮੁੱਖ ਮੰਤਰੀ ਸੈਣੀ ਨੇ ਪੰਜਾਬ ਸਥਿਤ ਆਦਮਪੁਰ ਏਅਰਪੋਰਟ ਦਾ ਨਾਂ ਸ਼?ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਂ ’ਤੇ ਰੱਖਣ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਸਮਾਜਿਕ ਸਦਭਾਵਨਾ, ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਸ਼?ਰੀ ਸੈਣੀ ਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਦੇ ਵਿਚਾਰ ਅੱਜ ਵੀ ਸਮਾਜ ਨੂੰ ਜੋੜਨ ਦਾ ਕੰਮ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ’ਚ ਲਏ ਗਏ ਅਜਿਹੇ ਫ਼ੈਸਲੇ ਸਾਰੇ ਵਰਗਾਂ ਨੂੰ ਸਨਮਾਨ ਦੇਣ ਦੀ ਦਿਸ਼ਾ ’ਚ ਅਹਿਮ ਕਦਮ ਹਨ। ਬੈਠਕ ’ਚ ਪ੍ਰਦੇਸ਼ ਨਾਲ ਜੁੜੇ ਹੋਰ ਵਿਕਾਸ ਮੁੱਦਿਆਂ ਅਤੇ ਆਉਣ ਵਾਲੇ ਪ੍ਰੋਗਰਾਮਾਂ ’ਤੇ ਵੀ ਚਰਚਾ ਹੋਈ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ਼ਰੀ ਗੁਰੂ ਰਵਿਦਾਸ ਰੱਖਣ ਦੇ ਫ਼ੈਸਲੇ ਨੂੰ ਇਤਿਹਾਸਕ ਦੱਸਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਮੁੱਖ ਮੰਤਰੀ ਸੈਣੀ ਨੇ ਸੋਮਵਾਰ ਨੂੰ ਰਾਸ਼ਟਰੀ ਰਾਜਧਾਨੀ ਸਥਿਤ ਹਰਿਆਣਾ ਭਵਨ ’ਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼?ਰੀ ਗੁਰੂ ਰਵਿਦਾਸ ਜੀ ਦੀ ਜਯੰਤੀ ਦੇ ਸ਼ੁੱਭ ਮੌਕੇ ’ਤੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ਼?ਰੀ ਗੁਰੂ ਰਵਿਦਾਸ ਮਹਾਰਾਜ ਹਵਾਈ ਅੱਡਾ ਰੱਖਿਆ ਜਾਣਾ ਉਨ੍ਹਾਂ ਦੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਦੇ ਸਮਾਨਤਾ, ਦਇਆ ਅਤੇ ਸੇਵਾ ਦੇ ਮੁੱਲ ਅੱਜ ਵੀ ਸਮਾਜ ਨੂੰ ਪ੍ਰੇਰਿਤ ਕਰਦੇ ਹਨ ਅਤੇ ਇਕ ਨਿਆਂਪੂਰਨ ਅਤੇ ਮਨੁੱਖੀ ਸਮਾਜ ਦੇ ਨਿਰਮਾਣ ਦਾ ਮਾਰਗ ਦਿਖਾਉਂਦੇ ਹਨ। ਇਹ ਨਾਮਕਰਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਉਨ੍ਹਾਂ ਦੇ ਸੰਦੇਸ਼ ਤੋਂ ਪ੍ਰੇਰਨਾ ਦੇਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਲਗਾਤਾਰ ਦੇਸ਼ ਦੀਆਂ ਮੁੱਖ ਸੰਸਥਾਵਾਂ ਦਾ ਨਾਂ ਸੰਤਾਂ ਅਤੇ ਮਹਾਨ ਸ਼ਖਸੀਅਤਾਂ ਦੇ ਨਾਂ ’ਤੇ ਰੱਖ ਖਏ ਉਨ੍ਹਾਂ ਨੂੰ ਸਨਮਾਨ ਦੇ ਰਹੇ ਹਨ। ਹਾਲ ਹੀ ’ਚ ਅਯੁੱਧਿਆ ਹਵਾਈ ਅੱਡੇ ਦਾ ਨਾਂ ਮਹਾਰਿਸ਼ੀ ਵਾਲਮੀਕਿ ਅਤੇ ਹਿਸਾਰ ਹਵਾਈ ਅੱਡੇ ਦਾ ਨਾਂ ਮਹਾਰਾਜਾ ਅਗਰਸੇਨ ਦੇ ਨਾਂ ’ਤੇ ਰੱਖਿਆ ਗਿਆ ਹੈ। ਸ਼ਰੀ ਸੈਣੀ ਨੇ ਆਮ ਬਜਟ ’ਤੇ ਵੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਬਜਟ ਸਮਾਜ ਦੇ ਹਰ ਵਰਗ ਨੂੰ ਧਿਆਨ ’ਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ’ਚ ਹਰਿਆਣਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਖਾਰੇਪਨ ਤੋਂ ਪ੍ਰਭਾਵਿਤ ਜ਼ਮੀਨ ਦੀ ਸਮੱਸਿਆ ਦੇ ਹੱਲ ਲਘੂ ਅਤੇ ਮੱਧਮ ਉਦਯੋਗਾਂ, ਉਯੋਗਿਕ ਵਿਕਾਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ, ਜਿਸ ਨਾਲ ਸੂਬੇ ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਬਜਟ ਔਰਤਾਂ ਨੂੰ ਮਜ਼ਬੂਤ ਬਣਾਉਂਦਾ ਹੈ, ਨੌਜਵਾਨਾਂ ਨੂੰ ਰੁਜ਼ਗਾਰ ਦਿੰਦਾ ਹੈ ਅਤੇ ਕਿਸਾਨਾਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਪੰਜਾਬ ਨਾਲ ਜੁੜੇ ਸਵਾਲ ’ਤੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ’ਚ ਪੰਜਾਬ ’ਚ ਭਾਜਪਾ ਦੀ ਸਰਕਾਰ ਬਣੇਗੀ। ਉਨ੍ਹਾਂ ਦੋਸ਼ ਲਗਾਇਆ ਕਿ ਕਾਂਗਰਸ ਅਤੇ ‘ਆਪ’ ਪਾਰਟੀ ਨੇ ਸੂਬੇ ਦੀ ਜਨਤਾ ਨੂੰ ਸਿਰਫ਼ ਝੂਠੇ ਸੁਪਨੇ ਦਿਖਾਏ ਹਨ। ਹਾਲੀਆ ਹੜ੍ਹ ’ਚ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ ਪਰ ਸਰਕਾਰਾਂ ਸਿਰਫ਼ ਰਾਜਨੀਤੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ

# ‘ਵਿਕਸਤ ਭਾਰਤ 2047’ ਵੱਲ ਇਕ ਮਜ਼ਬੂਤ ਅਤੇ ਦੂਰਦਰਸ਼ੀ ਬਜਟ: ਨਿਤਿਨ ਨਬੀਨ

ਨਵੀਂ ਦਿੱਲੀ, 2 ਫਰਵਰੀ : ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਇਕ ਪ੍ਰੈੱਸ ਬਿਆਨ ਜਾਰੀ ਕਰ ਕੇ ਕੇਂਦਰੀ ਬਜਟ 2026-27 ਲਈ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮਾਣਯੋਗ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਬਣਾਇਆ ਗਿਆ ਇਹ ਬਜਟ ਫਰਜ਼ ਦੇ ਮਾਰਗ ’ਤੇ ਚੱਲਣ ਦੀ ਵਚਨਬੱਧਤਾ ਦਾ ਬਜਟ ਹੈ। ਲਗਾਤਾਰ 9ਵੀਂ ਵਾਰ ਦੇਸ਼ ਦਾ ਬਜਟ ਪੇਸ਼ ਕਰ ਕੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਰਕਾਰ



ਦੀ ਨੀਤੀ ਸਥਿਰਤਾ, ਸੁਸ਼ਾਸਨ ਅਤੇ ਦ੍ਰਿਸ਼ਟੀ ਦਾ ਪ੍ਰਦਰਸ਼ਨ ਕੀਤਾ ਹੈ। ਇਹ ਬਜਟ ਪ੍ਰਧਾਨ ਮੰਤਰੀ ਦੇ ‘ਸਬਕਾ ਸਾਥ, ਸਬਕਾ ਵਿਕਾਸ’ ਦੇ ਮੁੱਖ ਮੰਤਰ ਨੂੰ ਪੂਰੀ ਤਰ੍ਹਾਂ ਦਰਸਾਉਂਦਾ ਹੈ। ਨਬੀਨ ਨੇ ਕਿਹਾ ਕਿ ਇਹ ਬਜਟ 2047 ਵਿਚ ਵਿਕਸਤ ਭਾਰਤ ਦੇ ਟੀਚੇ ਵੱਲ ਇਕ ਠੋਸ ਅਤੇ ਫੈਸਲਾਕੁੰਨ ਕਦਮ ਹੈ। ਇਸ ਵਿਚ ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਨੂੰ ਤਰਜੀਹ ਦੇ ਕੇ ਸਮਾਵੇਸ਼ੀ ਵਿਕਾਸ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਨਿਰਮਾਣ ਇਕਾਈਆਂ ਨੂੰ ਉਤਸ਼ਾਹਿਤ ਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਰਾਹੀਂ ਵੱਡੇ ਪੱਧਰ ’ਤੇ ਰੋਜ਼ਗਾਰ ਪੈਦਾ ਕਰਨ ’ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਸੈਮੀਕੰਡਕਟਰ, ਇਲੈਕਟ?ਰਾਨਿਕਸ, ਖੇਡਾਂ ਅਤੇ ਬਾਇਓਫਾਰਮਾਸਿਊਟੀਕਲ ਵਰਗੇ ਖੇਤਰਾਂ ’ਚ ਪ੍ਰਦਾਨ ਕੀਤੇ ਗਏ ਉਤਸਾਹਨ ਸ਼ਲਾਘਾਯੋਗ ਹਨ। ਸੈਮੀਕੰਡਕਟਰ ਸੈਕਟਰ ਲਈ ਲਗਭਗ 40,000 ਕਰੋੜ ਅਤੇ ਬਾਇਓਫਾਰਮਾ ਲਈ 10,000 ਕਰੋੜ ਦੇ ਸਮਰਥਨ ਨਾਲ ਭਾਰਤ ਨੂੰ ਮੈਨੂਫੈਕਚਰਿੰਗ ਹੱਬ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਸਪੱਸ਼ਟ ਹੁੰਦੀ ਹੈ। ਨਬੀਨ ਨੇ ਅੰਤ ਵਿਚ ਕਿਹਾ ਕਿ ਇਹ ਬਜਟ ਇਕ ਇਤਿਹਾਸਕ ਬਜਟ ਹੈ, ਜੋ ਗਰੀਬਾਂ, ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਸਮੇਤ ਸਮਾਜ ਦੇ ਹਰ ਵਰਗ ਦੀ ਭਲਾਈ ਵਾਲੇ ਵਿਕਸਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਦਾ ਹੈ।

# ਭਾਰਤ ਦੇ ਟਾਪ ਏਅਰਲਾਈਨਜ਼ ਦੇ ਬੇੜੇ ’ਚ ਹੋਵੇਗਾ 30 ਫ਼ੀਸਦੀ ਤੱਕ ਦਾ ਵਾਧਾ ! ਜੁੜਨਗੇ 240 ਨਵੇਂ ਜਹਾਜ਼

ਨਵੀਂ ਦਿੱਲੀ, 2 ਫਰਵਰੀ : ਦੇਸ਼ ਦੇ ਹਵਾਬਾਜ਼ੀ ਖੇਤਰ ਬਾਰੇ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਭਾਰਤ ਦੀਆਂ ਚੋਟੀ ਦੀਆਂ ਏਅਰਲਾਈਨਜ਼, ਇੰਡੀਗੋ, ਏਅਰ ਇੰਡੀਆ ਅਤੇ ਅਕਾਸਾ ਏਅਰ, ਆਉਣ ਵਾਲੇ 2 ਸਾਲਾਂ ’ਚ ਆਪਣੇ ਬੇੜੇ ਵਿਚ ਲਗਭਗ 240 ਨਵੇਂ ਜਹਾਜ਼ ਜੋੜਨ ਦੀ ਤਿਆਰੀ ਵਿਚ ਹਨ। ਇਸ ਦੇ ਨਾਲ ਹੀ ਇਨ੍ਹਾਂ ਏਅਰਲਾਈਨਜ਼ ਦਾ ਸੰਯੁਕਤ ਬੇੜੇ ਦੇ ਸਾਈਜ਼ ’ਚ 30 ਫੀਸਦੀ ਵਾਧਾ ਹੋਣ ਦਾ ਅਨੁਮਾਨ ਹੈ। ਮੌਜੂਦਾ ਸਮੇਂ ਵਿਚ ਇਨ੍ਹਾਂ ਪ੍ਰਮੁੱਖ ਏਅਰਲਾਈਨਜ਼ ਕੋਲ ਕੁੱਲ 804 ਜਹਾਜ਼ ਹਨ, ਜੋ 2027 ਦੇ ਅੰਤ ਤੱਕ 1,044 ਤੱਕ ਪਹੁੰਚ ਸਕਦੇ ਹਨ। ਏਸ਼ੀਆ ਦੇ ਸਭ ਤੋਂ ਵੱਡੇ ਸਿਵਲ ਐਵੀਏਸ਼ਨ ਈਵੈਂਟ ‘ਵਿੰਗਜ਼ ਇੰਡੀਆ 2026’ (ਹੈਦਰਾਬਾਦ) ਵਿਚ ਏਅਰਬੱਸ ਨੇ ਕਿਹਾ ਕਿ ਭਾਰਤ ਵਿਚ ਉਸ ਦੇ ਕੋਲ ਅਗਲੇ 10 ਸਾਲਾਂ ਲਈ 1,250 ਜਹਾਜ਼ਾਂ ਦੀ ਡਲਿਵਰੀ ਬੈਕਲਾਗ ਹੈ। ਇਸ ਵਿਚ ਸਭ ਤੋਂ ਵੱਡਾ ਹਿੱਸਾ ਇੰਡੀਗੋ ਅਤੇ ਏਅਰ ਇੰਡੀਆ ਦਾ ਹੈ। ਇੰਡੀਗੋ ਦਾ ਆਰਡਰ ਲਗਭਗ 900 ਜਹਾਜ਼ਾਂ ਲਈ ਹੈ, ਜਦੋਂ ਕਿ ਏਅਰ ਇੰਡੀਆ ਗਰੁੱਪ ਨੇ ਲਗਭਗ 350 ਜਹਾਜ਼ਾਂ ਦਾ ਆਰਡਰ ਦਿੱਤਾ ਹੈ। ਏਅਰਬੱਸ ਨੇ ਰਿਪੋਰਟ ਦਿੱਤੀ ਕਿ 2025 ’ਚ ਭਾਰਤ ਨੂੰ 55 ਜਹਾਜ਼ ਡਲਿਵਰ ਕੀਤੇ ਗਏ ਸਨ, ਜੋ ਸਾਰੇ ਇੰਡੀਗੋ ਨੂੰ ਗਏ ਸਨ। ਏਅਰਬੱਸ ਦੀ ਗਲੋਬਲ ਡਲਿਵਰੀ ਦਾ ਲਗਭਗ 7 ਫੀਸਦੀ ਇਕੱਲੇ ਇੰਡੀਗੋ ਦਾ ਹੈ। ਏਅਰਬੱਸ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ 2032 ਦੇ ਆਸ-ਪਾਸ ਪ੍ਰਤੀ ਸਾਲ 150 ਜਹਾਜ਼ਾਂ ਦੀ ਸਿਖਰ ਡਲਿਵਰੀ ਦੀ ਉਮੀਦ ਹੈ। ਬੋਇੰਗ ਨੇ ਕਿਹਾ ਹੈ ਕਿ ਉਹ 2026 ਵਿਚ ਭਾਰਤ ਨੂੰ 25 ਜਹਾਜ਼ਾਂ ਦੀ ਡਲਿਵਰੀ ਦਾ ਟੀਚਾ ਰੱਖਦਾ ਹੈ, ਜਿਸ ਦੀ ਰਫ਼ਤਾਰ ਅਮਰੀਕਾ ’ਚ ਉਤਪਾਦਨ ਸਮਰੱਥਾ ਵਧਾਉਣ ਤੋਂ ਬਾਅਦ ਹੋਰ ਤੇਜ਼ ਹੋਵੇਗੀ।

ਬੋਇੰਗ ਇੰਡੀਆ ਦੇ ਪ੍ਰਧਾਨ ਸਲੀਲ ਗੁਪਤੇ ਨੇ ਕਿਹਾ ਕਿ ਆਉਣ ਵਾਲੇ ਸਾਲਾਂ ’ਚ ਹਰ ਮਹੀਨੇ ਔਸਤਨ 2 ਜਹਾਜ਼ ਭਾਰਤ ਆਉਣਗੇ। ਕੁਝ ਮਹੀਨਿਆਂ ’ਚ ਵੱਧ ਗਿਣਤੀ ਹੋਵੇਗੀ, ਕੁਝ ਘੱਟ ਅਤੇ ਕਦੇ-ਕਦੇ ਵਾਈਡ-ਬਾਡੀ ਏਅਰਕ੍ਰਾਫਟ ਵੀ ਸ਼ਾਮਲ ਕੀਤੇ ਜਾਣਗੇ। ਏਅਰ ਇੰਡੀਆ ਦੇ ਸੀ. ਈ. ਓ. ਕੈਂਪਬੈਲ ਵਿਲਸਨ ਅਨੁਸਾਰ ਕੰਪਨੀ ਨੇ 30 ਬੋਇੰਗ 737 (ਨੈਰੋ-ਬਾਡੀ) ਜਹਾਜ਼ਾਂ ਲਈ ਇਕ ਨਵਾਂ ਆਰਡਰ ਦਿੱਤਾ ਹੈ। ਇਸ ਤੋਂ ਇਲਾਵਾ 15 ਜਹਾਜ਼ਾਂ ਨੂੰ ਲਾਂਚ ਰੇਂਜ ਦੇ XLR ਵਿਚ ਅਪਗ੍ਰੇਡ ਕੀਤਾ ਜਾਵੇਗਾ, ਜਿਸ ਨਾਲ ਏਅਰ ਇੰਡੀਆ ਦੇ ਵਿਦੇਸ਼ੀ ਰੂਟਾਂ ਨੂੰ ਮਜ਼ਬੂਤੀ ਮਿਲੇਗੀ। ਏਅਰ ਇੰਡੀਆ ਸਮੂਹ ਨੇ ਕੁੱਲ 190 ਬੋਇੰਗ ਜਹਾਜ਼ਾਂ (ਨੈਰੋ- ਅਤੇ ਵਾਈਡ-ਬਾਡੀ) ਲਈ ਆਰਡਰ ਦਿੱਤੇ ਹਨ। ਸਮੂਹ ਨੂੰ ਇਸ ਸਾਲ 20-24 ਜਹਾਜ਼ ਪ੍ਰਾਪਤ ਹੋਣ ਦੀ ਉਮੀਦ ਹੈ। ਦੇਸ਼ ਦੀ ਸਭ ਤੋਂ ਛੋਟੀ ਏਅਰਲਾਈਨ, ਅਕਾਸਾ ਏਅਰ, ਪਹਿਲਾਂ ਹੀ 226 ਬੋਇੰਗ ਜਹਾਜ਼ਾਂ ਦਾ ਆਰਡਰ ਦੇ ਚੁੱਕੀ ਹੈ, ਜਿਨ੍ਹਾਂ ’ਚੋਂ 194 ਦੀ ਡਲਿਵਰੀ ਪੈਂਡਿੰਗ ਹੈ। ਕੰਪਨੀ ਨੇ ਇਸ ਮਹੀਨੇ 2 ਨਵੇਂ ਬੋਇੰਗ ਜਹਾਜ਼ ਸ਼ਾਮਲ ਕੀਤੇ ਹਨ, ਜਿਨ੍ਹਾਂ ’ਚੋਂ ਦੋ ਹੋਰ ਫਰਵਰੀ ਵਿਚ ਡਲਿਵਰ ਹੋਣ ਦੀ ਉਮੀਦ ਹੈ। ਕੁੱਲ ਮਿਲਾ ਕੇ ਭਾਰਤ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਹਵਾਬਾਜ਼ੀ ਬਾਜ਼ਾਰਾਂ ’ਚੋਂ ਇਕ ਬਣ ਰਿਹਾ ਹੈ। ਨਵੇਂ ਜਹਾਜ਼, ਨਵੇਂ ਰੂਟ ਅਤੇ ਸਸਤੀਆਂ ਉਡਾਣਾਂ ਆਉਣ ਵਾਲੇ ਸਾਲਾਂ ’ਚ ਯਾਤਰੀਆਂ ਨੂੰ ਕਾਫ਼ੀ ਲਾਭ ਪਹੁੰਚਾਉਣਗੀਆਂ।

# ਕਸ਼ਮੀਰ ’ਚ ਰਾਤ ਦੇ ਤਾਪਮਾਨ ’ਚ ਵਾਧਾ

ਨੈਸ਼ਨਲ ਡੈਸਕ, 2 ਫਰਵਰੀ : ਕਸ਼ਮੀਰ ਵਿੱਚ ਰਾਤ ਦੇ ਤਾਪਮਾਨ ਵਿੱਚ ਥੋੜ੍ਹਾ ਵਾਧਾ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਸ਼੍ਰੀਨਗਰ ਵਿੱਚ ਘੱਟੋ-ਘੱਟ ਤਾਪਮਾਨ 2.6 ਡਿਗਰੀ ਸੈਲਸੀਅਸ ਰਿਹਾ, ਜੋ ਕਿ ਸੀਜ਼ਨ ਦੇ ਔਸਤ ਤੋਂ ਤਿੰਨ ਡਿਗਰੀ ਵੱਧ ਹੈ। ਕਸ਼ਮੀਰ ਵਿੱਚ ÷ਚਿੱਲਾ-ਏ-ਕਲਾਂ÷ ਦੇ ਅੰਤ ਤੋਂ ਬਾਅਦ ਸ਼੍ਰੀਨਗਰ ਵਿੱਚ ਘੱਟੋ-ਘੱਟ ਤਾਪਮਾਨ ਹੌਲੀ-ਹੌਲੀ ਪਰ ਲਗਾਤਾਰ ਵਧ ਰਿਹਾ ਹੈ। ਬਾਰਾਮੂਲਾ ਜ਼ਿਲ੍ਹੇ ਦਾ ਮਸ਼ਹੂਰ ਸਕੀ ਰਿਜ਼ੋਰਟ ਗੁਲਮਰਗ, ਜੰਮੂ-ਕਸ਼ਮੀਰ ਦਾ ਸਭ ਤੋਂ ਠੰਡਾ ਸਥਾਨ ਰਿਹਾ, ਜਿੱਥੇ ਘੱਟੋ-ਘੱਟ ਤਾਪਮਾਨ ਮਨਫ਼ੀ ਅੱਠ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਵਿੱਚ ਇੱਕ ਸੈਲਾਨੀ ਸਥਾਨ ਪਹਿਲਗਾਮ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 5.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਦੌਰਾਨ, ਕਾਜ਼ੀਗੁੰਡ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 0.7 ਡਿਗਰੀ ਸੈਲਸੀਅਸ, ਕੋਕਰਨਾਗ ਮਨਫ਼ੀ 0.6 ਡਿਗਰੀ ਸੈਲਸੀਅਸ ਅਤੇ ਕੁਪਵਾੜਾ ਵਿੱਚ ਮਨਫ਼ੀ 1.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

# “ਜਨਰਲ ਨਰਵਣੇ ਦੀ ਕਿਤਾਬ ਨਹੀਂ ਛਪਣ ਦੇ ਰਹੀ ਸਰਕਾਰ !”

## ਲੋਕ ਸਭਾ ’ਚ ਰਾਹੁਲ ਗਾਂਧੀ ਨੇ ਲਗਾਏ ਗੰਭੀਰ ਇਲਜ਼ਾਮ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ



ਨਵੀਂ ਦਿੱਲੀ, 2 ਫਰਵਰੀ : ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਮਤੇ ਦੌਰਾਨ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤ-ਚੀਨ ਸਰਹੱਦੀ ਵਿਵਾਦ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਸਾਬਕਾ ਫੌਜ ਮੁਖੀ ਜਨਰਲ ਐੱਮ.ਐੱਮ. ਨਰਵਣੇ (ਸੇਵਾਮੁਕਤ) ਦੀ ਇੱਕ ਅਣ-ਪ੍ਰਕਾਸ਼ਿਤ ਕਿਤਾਬ (memoir) ਦਾ ਹਵਾਲਾ ਦਿੰਦੇ ਹੋਏ ਗੰਭੀਰ ਦਾਅਵੇ ਕੀਤੇ। ਰਾਹੁਲ ਗਾਂਧੀ ਨੇ ਕਿਹਾ ਕਿ ਚੀਨੀ ਫੌਜਾਂ ਭਾਰਤੀ ਸਰਹੱਦ ਦੇ ਅੰਦਰ ਦਾਖਲ ਹੋਈਆਂ ਸਨ ਅਤੇ 4 ਟੈਂਕ ਕੈਲਾਸ਼ ਰੇਂਜ ਵਿੱਚ ਵੜ ਗਏ ਸਨ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਜਨਰਲ ਨਰਵਣੇ ਦੀ ਕਿਤਾਬ ਦੇ ਪ੍ਰਕਾਸ਼ਨ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਨ੍ਹਾਂ ਦਾਅਵਿਆਂ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਕੋਈ ਕਿਤਾਬ ਹੁੰਦੀ ਅਤੇ ਉਸ ਵਿੱਚ ਸੱਚਾਈ ਹੁੰਦੀ, ਤਾਂ ਉਹ ਜ਼ਰੂਰ ਪ੍ਰਕਾਸ਼ਿਤ ਹੋਈ ਹੁੰਦੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਪ੍ਰਕਾਸ਼ਨ ਗਲਤ ਤਰੀਕੇ ਨਾਲ ਰੋਕਿਆ ਗਿਆ ਸੀ, ਤਾਂ ਜਨਰਲ ਨਰਵਣੇ ਨੇ ਅਦਾਲਤ ਤੋਂ ਹੁਕਮ ਕਿਉਂ ਨਹੀਂ ਲਏ ? ਸਪੀਕਰ ਓਮ ਬਿਰਲਾ ਨੇ ਰਾਹੁਲ ਗਾਂਧੀ ਨੂੰ ਸਿਰਫ਼ ਪ੍ਰਮਾਣਿਤ ਸਰੋਤਾਂ ਦਾ ਹਵਾਲਾ ਦੇਣ ਲਈ ਕਿਹਾ। ਉਨ੍ਹਾਂ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਦੇ ਭਾਸ਼ਣ ਵਿੱਚ ਭਾਰਤ-ਚੀਨ ਮੁੱਦੇ ਦਾ ਕੋਈ ਖਾਸ ਜ਼ਿਕਰ ਨਹੀਂ ਹੈ, ਇਸ ਲਈ ਚਰਚਾ ਨਿਯਮਾਂ ਅਨੁਸਾਰ ਅਤੇ ਵਿਸ਼ੇ ਦੇ ਅੰਦਰ ਰਹਿ ਕੇ ਹੋਣੀ ਚਾਹੀਦੀ ਹੈ, ਜਿਸ ਤੋਂ ਬਾਅਦ ਰਾਹੁਲ ਗਾਂਧੀ ਨੇ ਆਪਣਾ ਭਾਸ਼ਣ ”ਇਕ ਬਾਰਡਰ ’ਤੇ ਦੂਜੇ ਦੇਸ਼ ਦੀ ਫੌਜ ਚੜ੍ਹਾਈ ਕਰ ਰਹੀ ਸੀ”, ਹਾਲਾਂਕਿ ਸਪੀਕਰ ਨੇ ਰਾਹੁਲ ਨੂੰ ਇਸ ਵਾਰ ਵੀ ਰੋਕ ਦਿੱਤਾ, ਜਿਸ ਤੋਂ ਬਾਅਦ ਰਾਹੁਲ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਉਨ੍ਹਾਂ ਨੂੰ ਦੱਸ ਦੇਣ ਕਿ ਉਹ ਕੀ ਬੋਲਣ ? ਜਿਸ ਮਗਰੋਂ ਸਪੀਕਰ ਨੇ ਉਨ੍ਹਾਂ ਨੂੰ ਬੈਠ ਜਾਣ ਦਾ ਆਦੇਸ਼ ਦੇ ਦਿੱਤਾ। ਉਨ੍ਹਾਂ ਫਿਰ ਦੁਹਰਾਇਆ ਕਿ ਸੰਸਦ ’ਚ ਵੈਰਿਫਾਈਡ ਸਰੋਤਾਂ ਤੋਂ ਇਲਾਵਾ ਕਿਸੇ ਵੀ ਸੋਰਸ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਰਾਹੁਲ ਨੂੰ ਅੱਗੇ ਕਿਹਾ ਕਿ ਜੇਕਰ ਰਾਹੁਲ ਰਾਸ਼ਟਰਪਤੀ ਦੇ ਧੰਨਵਾਦ ਪ੍ਰਸਤਾਵ ਬਾਰੇ ਨਹੀਂ ਬੋਲਣਾ ਚਾਹੁੰਦੇ ਤਾਂ ਉਹ ਕਿਸੇ ਹੋਰ ਨੂੰ ਬੋਲਣ ਦਾ ਸਮਾਂ ਦੇ ਸਕਦੇ ਹਨ, ਜਿਸ ਤੋਂ ਬਾਅਦ ਜ਼ੋਰਦਾਰ ਬਹਿਸਬਾਜ਼ੀ ਮਗਰੋਂ ਸੰਸਦ ਦੀ ਕਾਰਵਾਈ ਨੂੰ ਮੁਲਤਵੀ ਕਰਨਾ ਪਿਆ।

# CBI ਵਲੋਂ ਪੰਜਾਬ ਸਣੇ 10 ਸੂਬਿਆਂ ’ਚ 35 ਥਾਵਾਂ ’ਤੇ ਛਾਪੇਮਾਰੀ, ਅੰਤਰਰਾਸ਼ਟਰੀ ਸਾਈਬਰ ਠੱਗ ਗਿਰੋਹ ਦਾ ਪਰਦਾਫਾਸ਼

ਨਵੀਂ ਦਿੱਲੀ, 2 ਫਰਵਰੀ : ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਅੰਤਰਰਾਸ਼ਟਰੀ ਪੱਧਰ ’ਤੇ ਚੱਲ ਰਹੇ ਸਾਈਬਰ ਅਪਰਾਧਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਇਕ ਬਹੁ-ਪੱਖੀ ਮੁਹਿੰਮ ’ਆਪ੍ਰੇਸ਼ਨ ਸਾਈਸਟਰਾਈਕ’ (Operation Cystrike) ਦੀ ਸ਼ੁਰੂਆਤ ਕੀਤੀ ਹੈ। ਇਹ ਕਾਰਵਾਈ ਅਮਰੀਕਾ ਦੀ ਐੱਫਬੀਆਈ (629), ਬ੍ਰਿਟੇਨ, ਕੁਵੈਤ, ਆਇਰਲੈਂਡ ਅਤੇ ਸਿੰਗਾਪੁਰ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨਾਲ ਚਲਾਈ ਗਈ ਹੈ। ਇਹ ਅਪ੍ਰੇਸ਼ਨ 31 ਜਨਵਰੀ ਨੂੰ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਤਹਿਤ ਸੀਬੀਆਈ ਨੇ ਪੰਜਾਬ, ਨਵੀਂ ਦਿੱਲੀ, ਬਿਹਾਰ, ਮਹਾਰਾਸ਼ਟਰ, ਕਰਨਾਟਕ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਤੇਲੰਗਾਨਾ




ਅਤੇ ਪੱਛਮੀ ਬੰਗਾਲ ’ਚ ਕੁੱਲ 35 ਥਾਵਾਂ ’ਤੇ ਛਾਪੇਮਾਰੀ ਕੀਤੀ ਹੈ। ਇਸ ਕਾਰਵਾਈ ਦੌਰਾਨ ਏਜੰਸੀ ਨੇ ਇਕ ਮੁੱਖ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਸੀਬੀਆਈ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਕਾਰਵਾਈ ਰਾਹੀਂ ਉਨ੍ਹਾਂ ਅੰਤਰਰਾਸ਼ਟਰੀ ਸਾਈਬਰ ਵਿੱਤੀ ਅਪਰਾਧ ਨੈੱਟਵਰਕਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜੋ ਭਾਰਤ ਅਤੇ ਹੋਰ ਦੇਸ਼ਾਂ ਤੋਂ ਬੈਠ ਕੇ ਫਰਜ਼ੀ ਨਾਵਾਂ ਹੇਠ ਲੋਕਾਂ ਨਾਲ ਠੱਗੀ ਮਾਰਦੇ ਸਨ।

ਵਿਸ਼ੇਸ਼ ਤੌਰ ’ਤੇ ਨਵੀਂ ਦਿੱਲੀ ’ਚ ਚੱਲ ਰਹੇ ਇੱਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ, ਜੋ ਅਮਰੀਕਾ ਦੇ ਪੀੜਤਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਇਹ ਅਪਰਾਧੀ ਅਮਰੀਕਾ, ਬ੍ਰਿਟੇਨ, ਕੁਵੈਤ, ਆਇਰਲੈਂਡ, ਸਿੰਗਾਪੁਰ ਅਤੇ ਭਾਰਤ ਦੇ ਨਾਗਰਿਕਾਂ ਨੂੰ ਆਨਲਾਈਨ ਤਰੀਕਿਆਂ ਨਾਲ ਆਪਣਾ ਸ਼ਿਕਾਰ ਬਣਾਉਂਦੇ ਸਨ।

# ਰਾਹੁਲ ਦੇ ਭਾਸ਼ਣ ’ਤੇ ਪਿਆ ਰੌਲਾ ! ਸਦਨ ਦੀ ਕਾਰਵਾਈ ਪੂਰੇ ਦਿਨ ਲਈ ਹੋਈ ਮੁਲਤਵੀ

ਨਵੀਂ ਦਿੱਲੀ, 2 ਫਰਵਰੀ : ਲੋਕ ਸਭਾ ’ਚ ਸੋਮਵਾਰ ਨੂੰ ਰਾਹੁਲ ਗਾਂਧੀ ਦੇ ਭਾਸ਼ਣ ਦੌਰਾਨ ਜ਼ੋਰਦਾਰ ਹੰਗਾਮਾ ਹੋਇਆ। ਰਾਹੁਲ ਨੇ ਸਾਬਕਾ ਆਰਮੀ ਚੀਫ਼ ਜਨਰਲ ਨਰਵਣੇ ਦੀ ਅਣਪਬਲਿਸ਼ਡ ਕਿਤਾਬ ਦਾ ਹਵਾਲਾ ਦਿੰਦੇ ਹੋਏ ਕਿਹਾ,”ਡੋਕਲਾਮ ’ਚ 4 ਚੀਨੀ ਟੈਂਕ ਭਾਰਤ ਦੀ ਸਰਹੱਦ ’ਚ ਪਹੁੰਚ ਗਏ ਸਨ।” ਰਾਹੁਲ ਦੇ ਅਜਿਹਾ ਕਹਿੰਦੇ ਹੀ ਪਹਿਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਫਿਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਟੋਕਿਆ।

ਇਸ ਤੋਂ ਬਾਅਦ ਸਪੀਕਰ ਨੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਰੋਕਿਆ। ਰਾਹੁਲ ਕਰੀਬ 46 ਮਿੰਟਾਂ ਤੱਕ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦੇ ਰਹੇ। ਇਸ ਤੋਂ ਬਾਅਦ ਸਪੀਕਰ ਨੇ ਲੋਕ ਸਭਾ ਦੀ ਕਾਰਵਾਈ 3 ਵਜੇ ਤੱਕ ਮੁਲਤਵੀ ਕਰ ਦਿੱਤੀ। ਦੁਪਹਿਰ 3 ਵਜੇ ਲੋਕ ਸਭਾ ਦੀ ਕਾਰਵਾਈ ਮੁੜ ਸ਼ੁਰੂ ਹੁੰਦੇ ਹੀ ਰਾਹੁਲ ਨੇ ਬੋਲਣਾ ਸ਼ੁਰੂ ਕੀਤਾ ਪਰ ਹੰਗਾਮੇ ਕਾਰਨ ਸਿਰਫ਼ 9 ਮਿੰਟਾਂ ਬਾਅਦ ਹੀ ਕਾਰਵਾਈ ਸ਼ਾਮ 4 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਸ਼ਾਮ 4 ਵਜੇ ਵੀ ਕਾਰਵਾਈ ਸ਼ੁਰੂ ਹੁੰਦੇ ਹੀ ਮੁੜ ਹੰਗਾਮਾ ਹੋਇਆ ਅਤੇ 11 ਮਿੰਟਾਂ ਬਾਅਦ ਕਾਰਵਾਈ ਮੰਗਲਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

# ਧਰਮ ਤਬਦੀਲੀ ਵਿਰੋਧੀ ਕਾਨੂੰਨਾਂ ਨੂੰ ਚੁਣੌਤੀ : ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ 12 ਰਾਜਾਂ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 2 ਫਰਵਰੀ : ਸੁਪਰੀਮ ਕੋਰਟ ਨੇ ਵੱਖ-ਵੱਖ ਰਾਜਾਂ ਵਿੱਚ ਲਾਗੂ ਧਰਮ ਤਬਦੀਲੀ ਵਿਰੋਧੀ ਕਾਨੂੰਨਾਂ (Anti-conversion Laws) ਨੂੰ ਚੁਣੌਤੀ ਦੇਣ ਵਾਲੀਆਂ ਨਵੀਆਂ ਪਟੀਸ਼ਨਾਂ ’ਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ ਅਤੇ 12 ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਸਬੰਧਤ ਪੱਖਾਂ ਨੂੰ ਆਪਣਾ ਜਵਾਬ ਦਾਇਰ ਕਰਨ ਲਈ 4 ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਸੋਮਵਾਰ (2 ਫਰਵਰੀ, 2026) ਨੂੰ ਚੀਫ਼ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੌਇਮਾਲਿਆ ਬਾਗਚੀ ਦੀ ਬੈਂਚ ਨੇ ਨੈਸ਼ਨਲ ਕੌਂਸਲ ਆਫ਼ ਚਰਚਜ਼ ਇਨ ਇੰਡੀਆ (NCCI) ਵੱਲੋਂ ਦਾਇਰ ਜਨਹਿਤ ਪਟੀਸ਼ਨ ’ਤੇ ਸੁਣਵਾਈ ਕੀਤੀ। ਪਟੀਸ਼ਨਕਰਤਾਵਾਂ ਨੇ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ’ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਹੈ। ਮਾਮਲੇ ਦੀ ਅਹਿਮੀਅਤ ਨੂੰ ਦੇਖਦਿਆਂ ਅਦਾਲਤ ਨੇ ਨਿਰਦੇਸ਼ ਦਿੱਤਾ ਹੈ ਕਿ ਹੁਣ ਤਿੰਨ ਜੱਜਾਂ ਦੀ ਬੈਂਚ ਇਸ ਮਾਮਲੇ ਨਾਲ ਜੁੜੀਆਂ ਸਾਰੀਆਂ ਪਟੀਸ਼ਨਾਂ ’ਤੇ ਇਕੱਠਿਆਂ ਸੁਣਵਾਈ ਕਰੇਗੀ। ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਉੜੀਸਾ, ਅਰੁਣਾਚਲ ਪ੍ਰਦੇਸ਼, ਕਰਨਾਟਕ ਅਤੇ ਝਾਰਖੰਡ। NCCI ਦੀ ਸੀਨੀਅਰ ਵਕੀਲ ਮੀਨਾਕਸ਼ੀ ਅਰੋੜਾ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਕਈ ਰਾਜਾਂ ਵਿੱਚ ਇਨ੍ਹਾਂ ਕਾਨੂੰਨਾਂ ਦੀ ਵੱਡੇ ਪੱਧਰ ’ਤੇ ਦੁਰਵਰਤੋਂ ਹੋ ਰਹੀ ਹੈ, ਜਿਸ ਨਾਲ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਰਾਜਾਂ ਦੇ ਕਾਨੂੰਨ ਅਜਿਹੇ ਹਨ ਜੋ ਵੱਖ-ਵੱਖ ਸਮੂਹਾਂ ਨੂੰ ਸ਼ਿਕਾਇਤਾਂ ਦਰਜ ਕਰਨ ਲਈ ਉਤਸ਼ਾਹਿਤ ਕਰਦੇ ਹਨ। ਦੂਜੇ ਪਾਸੇ, ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਇਨ੍ਹਾਂ ਦਲੀਲਾਂ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਜਵਾਬ ਤਿਆਰ ਹੈ ਅਤੇ ਜਲਦੀ ਹੀ ਦਾਇਰ ਕਰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕਾਨੂੰਨ ਸੁਪਰੀਮ ਕੋਰਟ ਦੀ 5 ਜੱਜਾਂ ਦੀ ਬੈਂਚ ਵੱਲੋਂ ਪਹਿਲਾਂ ਦਿੱਤੇ ਗਏ ਫੈਸਲਿਆਂ ਦੇ ਦਾਇਰੇ ਵਿੱਚ ਆਉਂਦੇ ਹਨ।

# ਪੰਜਾਬ ਨੇ ਦੇਸ਼ ਨੂੰ ਬਹਾਦਰ ਸਿਪਾਹੀ ਅਤੇ ਜਾਂਬਾਜ਼ ਫੌਜੀ ਅ.ਫਸਰ ਦਿੱਤੇ-ਮੁੱਖ ਮੰਤਰੀ ਭਗਵੰਤ ਸਿੰਘ ਮਾਨ

## ਨੈਸ਼ਨਲ ਡਿਫੈਂਸ ਕਾਲਜ ਦੇ ਵ.ਫਦ ਨੇ ਪੰਜਾਬ ਦਾ ਕੀਤਾ ਦੌਰਾ , ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 2 ਫਰਵਰੀ, ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਦੇ ਇੱਕ ਵਫ਼ਦ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਮੁੱਖ ਮੰਤਰੀ ਨੇ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਵਿੱਚ ਸੂਬੇ ਦੇ ਬੇਮਿਸਾਲ ਯੋਗਦਾਨ, ਬਹਾਦਰੀ ਅਤੇ ਭਾਈਚਾਰਕ ਸਾਂਝ, ਸ਼ਾਨਾਮੱਤੀ ਵਿਰਾਸਤ ਅਤੇ ਭਾਰਤ ਦੀ ਖੜਗਭੁਜਾ ਅਤੇ ਅੰਨਦਾਤੇ ਵਜੋਂ ਪੰਜਾਬ ਦੇ ਵਡਮੁੱਲੇ ਯੋਗਦਾਨ ਦਾ ਜ਼ਿਕਰ ਕੀਤਾ।

ਅੱਜ ਇੱਥੇ ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਪੰਜਾਬ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਜਾਂਬਾਜ਼ ਫੌਜੀ ਅਫ਼ਸਰ ਅਤੇ ਬਹਾਦਰ ਜਵਾਨ ਦਿੱਤੇ ਹਨ, ਜਿਨ੍ਹਾਂ ਨੇ ਹਮੇਸ਼ਾ ਮੂਹਰੇ ਹੋ ਕੇ ਦੇਸ਼ ਲਈ ਸ਼ਾਹਦਤਾਂ ਦਿੱਤੀਆਂ ਹਨ।”ਉਨ੍ਹਾਂ ਕਿਹਾ, “ਇਹ ਜਾਣ ਕੇ ਖੁਸ਼ੀ ਹੋਈ ਕਿ ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਵੱਲੋਂ 2 ਤੋਂ 6 ਫਰਵਰੀ ਤੱਕ ਪੰਜਾਬ ਦਾ ਦੌਰਾ ਕੀਤਾ ਜਾ ਰਿਹਾ ਹੈ।” ਸੂਬੇ ਵਿੱਚ ਪਹੁੰਚਣ ’ਤੇ ਵਫ਼ਦ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਇਹ ਸਮਾਜਿਕ-ਰਾਜਨੀਤਿਕ ਅਧਿਐਨ ਦੌਰਾ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਖੇਤਰਾਂ ਨੂੰ ਸਮਝਣ ਅਤੇ ਸਿੱਖਣ ਲਈ ਦਾ ਨਿਵੇਕਲਾ ਯਤਨ ਹੈ।

ਪੰਜਾਬ ਦੀ ਪਵਿੱਤਰ ਤੇ ਜ਼ਰਖੇਜ਼ ਧਰਤੀ ’ਤੇ ਵਫ਼ਦ ਦਾ ਨਿੱਘਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, “ਸੂਬਾ ਸਰਕਾਰ ਤੁਹਾਡੀ ਮੇਜ਼ਬਾਨੀ ਕਰਕੇ ਮਾਣ ਮਹਿਸੂਸ ਕਰ ਰਹੀ ਹੈ।”ਉਨ੍ਹਾਂ ਨੇ ਵਫ਼ਦ ਨੂੰ ਦੱਸਿਆ ਕਿ ਪੰਜਾਬ ਮਹਾਨ ਗੁਰੂਆਂ, ਪੀਰਾਂ, ਸੰਤਾਂ, ਪੈਗੰਬਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸਨੂੰ ਯੋਧਿਆਂ ਅਤੇ ਮਿਹਨਤਕਸ਼ ਲੋਕਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ



ਕਿਹਾ, “ਰਾਜ ਦੇ ਨੌਜਵਾਨ ਸਰਹੱਦਾਂ ਦੀ ਰਾਖੀ ਕਰਦੇ ਹਨ ਅਤੇ ਸਾਡੇ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ, ਇਸੇ ਕਰਕੇ ਪੰਜਾਬ ਨੂੰ ‘ਭਾਰਤ ਦਾ ਅੰਨਦਾਤਾ ਅਤੇ ਖ਼ੜਗਭੁਜਾ’ ਵਜੋਂ ਮਾਣ ਦਿੱਤਾ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ, “ਪੰਜਾਬ ਦੇ ਕਿਸਾਨ ਦੇਸ਼ ਦੇ ਅਨਾਜ ਉਤਪਾਦਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ ਅਤੇ ਰਾਸ਼ਟਰੀ ਪੂਲ ਵਿੱਚ 40 ਫੀਸਦ ਅਨਾਜ ਸੂਬੇ ਦੁਆਰਾ ਉਪਲਬਧ ਕਰਾਇਆ ਜਾਂਦਾ ਹੈ।”ਉਨ੍ਹਾਂ ਅੱਗੇ ਕਿਹਾ, “ਪੰਜਾਬ ਦੇ ਬਹਾਦਰ ਸੈਨਿਕਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਅਤੇ ਇਹ ਅਟੱਲ ਤੇ ਕੋਰਾ-ਚਿੱਟਾ ਸੱਚ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, “ਪੰਜਾਬ ਇੱਕ ਸ਼ਾਂਤੀਪੂਰਨ ਸੂਬਾ ਹੈ ਜਿੱਥੇ ਸ਼ਾਂਤੀ, ਮੋਹ-ਪਿਆਰ ਅਤੇ ਭਾਈਚਾਰਕ ਸਾਂਝ ਇੰਨੀ ਮਜ਼ਬੂਤ ਹੈ ਕਿ ਇੱਥੇ ਨਫ਼ਰਤ ਦੇ ਬੀਜ ਨਹੀਂ ਪੁੰਗਰ ਸਕਦੇ।”

ਮੁੱਖ ਮੰਤਰੀ ਨੇ ਕਿਹਾ, “ਸਰਹੱਦੀ ਸੂਬਾ ਹੋਣ ਦੇ ਬਾਵਜੂਦ, ਪੰਜਾਬ ਕਦੇ ਵੀ ਫ਼ਿਰਕਿਆਂ ਵਿੱਚ ਵੰਡਿਆ ਨਹੀਂ ਗਿਆ। ਇਸ ਦੀ ਬਜਾਏ ਔਖੀ ਘੜੀ ਵਿੱਚ ਪੰਜਾਬੀਆਂ ਨੇ ਦੁਨੀਆ ਦੇ ਸਾਹਮਣੇ ਭਾਈਚਾਰਕ ਸਦਭਾਵਨਾ ਦੀਆਂ ਸ਼ਾਨਦਾਰ ਮਿਸਾਲਾਂ ਪੇਸ਼ ਕੀਤੀਆਂ ਹਨ।”ਉਨ੍ਹਾਂ ਅੱਗੇ ਕਿਹਾ, “ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ ਅਤੇ ਗੁਰੂਆਂ ਦੀ ਵਰੋਸਾਈ ਇਹ ਧਰਤੀ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲਿਆਂਵਾਲਾ ਬਾਗ ਅਤੇ ਹੋਰ ਪਵਿੱਤਰ ਸਥਾਨਾਂ ਦਾ ਘਰ ਹੈ।”ਉਨ੍ਹਾਂ ਅੱਗੇ ਕਿਹਾ, “ਪੰਜਾਬ ਇੱਕ ਵਿਰੋਧੀ ਦੇਸ਼ ਨਾਲ 532 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਸਾਂਝੀ ਕਰਦਾ ਹੈ, ਫਿਰ ਵੀ ਇਹ ਧਰਮ ਨਿਰਪੱਖਤਾ, ਸ਼ਾਂਤੀ ਅਤੇ ਸਦਭਾਵਨਾ ਦਾ ਪੁੰਜ ਬਣਿਆ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ, “ਭਾਰਤ ਦੇ ਸਮਾਜਿਕ-ਰਾਜਨੀਤਿਕ ਅਤੇ ਆਰਥਿਕ ਪੱਖਾਂ ਦਾ ਅਧਿਐਨ ਕਰਨ ਲਈ ਪੰਜਾਬ ਵਿੱਚ ਇੱਕ ਹਫ਼ਤੇ ਦਾ ਦੌਰਾ ਸ਼ੁਰੂ ਕੀਤਾ ਗਿਆ ਹੈ।”ਉਨ੍ਹਾਂ ਅੱਗੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਰਾਜਾਂ ਦਾ ਦੌਰਾ ਕਰਨ ਅਤੇ ਉਨ੍ਹਾਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਧਾਰਮਿਕ ਪਹਿਲੂਆਂ ਬਾਰੇ ਡੂੰਘਾਈ ਨਾਲ ਜਾਣਨ ਦਾ ਮੌਕਾ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਰਾਜ ਪੱਧਰ ਤੋਂ ਪਿੰਡ ਪੱਧਰ ਤੱਕ ਪ੍ਰਸ਼ਾਸਨ, ਸ਼ਾਸਨ ਅਤੇ ਕਾਨੂੰਨ ਵਿਵਸਥਾ ਨੂੰ ਲਾਗੂ ਕਰਨ ਦੀਆਂ ਚੁਣੌਤੀਆਂ ’ਤੇ ਬਿਹਤਰ ਢੰਗ ਨਾਲ ਜਾਣਨ ਜੁਟਾਉਣ ਦੀ ਸਹੂਲਤ ਦਿੰਦਾ ਹੈ। ਉਨ੍ਹਾਂ ਕਿਹਾ, “ਵਫ਼ਦ ਵਿੱਚ ਕੁੱਲ 16 ਅਧਿਕਾਰੀ ਹਨ, ਜਿਨ੍ਹਾਂ ਵਿੱਚੋਂ ਵਿਦੇਸ਼ੀ ਅਧਿਕਾਰੀਆਂ ਦੀ ਨੁਮਾਇੰਦਗੀ 31 ਫੀਸਦ ਹੈ, ਕਿਉਂਕਿ 16 ਅਧਿਕਾਰੀਆਂ ਵਿੱਚੋਂ ਪੰਜ ਵਿਦੇਸ਼ਾਂ ਨਾਲ ਸਬੰਧਤ ਹਨ।

# ਕੰਧਾਂ 'ਤੇ 'ਇਕ ਮੌਕਾ ਕੇਜਰੀਵਾਲ ਨੂੰ' ਲਿਖ ਕੇ 'ਆਪ' ਨੇ ਪੰਜਾਬੀਆਂ ਨੂੰ ਠੱਗਿਆ: ਸੁਖਬੀਰ ਸਿੰਘ ਬਾਦਲ

ਮੋਗਾ, 2 ਫਰਵਰੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਹੈ ਕਿ 'ਆਪ' ਪਾਰਟੀ ਨੇ 4 ਸਾਲਾਂ ਦੌਰਾਨ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਕੀਤਾ ਤੇ ਇਹ ਸਿਰਫ ਪੰਜਾਬੀਆਂ ਨੂੰ ਗੁੰਮਰਾਹ ਕਰਦੀ ਹੈ। ਉਨ੍ਹਾਂ ਕਿਹਾ ਕਿ 2022 'ਚ ਪੰਜਾਬ ਦੀਆਂ ਕੰਧਾਂ 'ਤੇ 'ਇਕ ਮੌਕਾ ਕੇਜਰੀਵਾਲ ਨੂੰ' ਲਿਖ ਕੇ 'ਆਪ' ਪਾਰਟੀ ਨੇ ਪੰਜਾਬੀਆਂ ਨੂੰ ਠੱਗਿਆ ਹੈ, ਪ੍ਰੰਤੂ ਹੁਣ ਕਦੇ ਵੀ ਪੰਜਾਬੀ ਇਸ ਪਾਰਟੀ ਨੂੰ ਮੂੰਹ ਨਹੀਂ ਲਾਉਣਗੇ। ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਵਿਖੇ ਕਾਂਗਰਸੀ ਆਗੂ ਬੀਬੀ ਰਾਜਵਿੰਦਰ ਕੌਰ ਭਾਗੀਕੇ ਸਾਬਕਾ ਵਿਧਾਇਕਾ, ਟਕਸਾਲੀ ਅਕਾਲੀ ਆਗੂ ਹਰਭੁਪਿੰਦਰ ਸਿੰਘ ਲਾਡੀ ਤੇ ਹੋਰ ਆਗੂਆਂ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕਰਨ ਮੌਕੇ ਮੌਜੂਦ ਸੰਗਤ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਪਰਿਵਾਰ ਹੈ, ਕੋਈ ਸਿਆਸੀ ਪਾਰਟੀ ਨਹੀਂ ਹੈ, ਇਹ ਪੰਜਾਬ ਦੇ ਹਰ ਵਰਗ ਦੇ ਖ਼ੂਨ ਵਿਚ ਵਸੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਈ ਪੰਜਾਬ ਆਪਣਾ ਘਰ ਹੈ, ਕਾਂਗਰਸ, ਭਾਜਪਾ ਤੇ 'ਝਾੜੂ' ਵਾਲਿਆਂ ਲਈ ਪੰਜਾਬ ਘਰ ਨਹੀਂ ਹੈ। ਇਹ ਪਾਰਟੀਆਂ ਇੱਥੇ ਰਾਜ ਕਰਨ ਆਉਂਦੀਆਂ ਹਨ, ਜਦਕਿ ਅਕਾਲੀ ਦਲ ਸੇਵਾ ਕਰਨ ਲਈ ਆਉਂਦਾ ਹੈ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਵੀ ਅਕਾਲੀ ਦਲ ਨੂੰ ਮੌਕਾ ਮਿਲਿਆ, ਪੰਜਾਬ ਦੀ ਤਰੱਕੀ ਦੇ ਕੰਮ ਹੋਏ। ਪੰਜਾਬ ਦੀਆਂ ਸੜਕਾਂ, ਸਕੂਲ-ਕਾਲਜ, ਹਸਪਤਾਲ ਤੇ ਮੰਡੀਆਂ ਸਭ ਕੁਝ ਸ਼੍ਰੋਮਣੀ ਅਕਾਲੀ ਦਲ ਦੀ ਦੇਣ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਨਹਿਰਾਂ ਦਾ ਜਾਲ ਵਿਛਾ ਕੇ, ਵੱਡੇ ਡੈਮ ਬਣਾ ਕੇ ਸਾਰਿਆਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ, ਤਾਂ ਹੀ ਅੱਜ ਲੋਕਾਂ ਦੇ ਚਿਹਰਿਆਂ ਤੇ ਖ਼ੁਸ਼ੀਆਂ ਆਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਤੁਸੀਂ ਜਿਸ ਚੰਗੇ ਪੰਜਾਬ ਨੂੰ ਵੇਖ ਰਹੇ ਹੋ, ਇਸ ਨੂੰ ਬਣਾਉਣ ਵਾਲਾ ਅਕਾਲੀ ਦਲ ਹੈ। ਜਦੋਂ ਦਾ ਅਕਾਲੀ ਦਲ ਨੂੰ ਕਮਜ਼ੋਰ ਕੀਤਾ ਗਿਆ ਤਾਂ ਹਾਲਾਤ ਖ਼ਰਾਬ ਹੋ ਗਏ ਹਨ। ਅੱਜ ਇੱਥੇ ਗੈਂਗਸਟਰ ਰਾਜ ਕਰ ਰਹੇ ਹਨ, ਲੁੱਟਾਂ ਖੋਹਾਂ ਹੋ ਰਹੀਆਂ ਹਨ, ਪੈਸਿਆਂ ਤੋਂ ਬਗੈਰ ਕੋਈ ਕੰਮ ਨਹੀਂ ਹੁੰਦਾ, ਵਿਕਾਸ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ। ਜਿਹੜੀਆਂ ਸਹੂਲਤਾਂ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਰੂ ਕੀਤੀਆਂ ਸਭ ਕੁਝ ਬੰਦ ਹੋ ਗਿਆ ਹੈ। ਉਨ੍ਹਾਂ ਕਿਹਾ ਕਿ 10 ਸਾਲਾਂ ਵਿਚ ਇਕ ਨਵੀਂ ਇੱਟ ਨਹੀਂ ਲੱਗੀ। 2022 ਵਿਚ ਆਮ ਆਦਮੀ ਪਾਰਟੀ ਨੇ ਕੰਧਾਂ 'ਤੇ 'ਇਕ ਮੌਕਾ ਕੇਜਰੀਵਾਲ ਨੂੰ' ਲਿਖ ਕੇ ਪੰਜਾਬੀਆਂ



ਨੂੰ ਠੱਗ ਲਿਆ। ਹੁਣ ਲੋਕਾਂ ਨੇ ਕੇਜਰੀਵਾਲ ਨੂੰ ਮੌਕਾ ਦੇਖ ਕੇ ਵੇਖ ਲਿਆ ਹੈ ਪੰਜਾਬ ਦੇ ਕੀ ਹਾਲਾਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਵੀ ਕੋਈ ਨਾ ਕੋਈ ਨਵਾਂ ਆਵੇਗਾ ਤੇ ਡਰਾਮੇ ਕਰੇਗਾ, ਕੇਂਦਰ ਦੀਆਂ ਤਾਕਤਾਂ ਲੱਗੀਆਂ ਹਨ ਅਕਾਲੀ ਦਲ ਨੂੰ ਕਮਜ਼ੋਰ ਕਰਨ 'ਤੇ ਪੰਥ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ। ਸਾਡੇ ਗੁਰੂ ਘਰਾਂ 'ਤੇ ਵੀ ਕਬਜ਼ੇ ਹੋ ਗਏ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ 'ਤੇ ਸਰਕਾਰਾਂ ਨੇ ਕਬਜ਼ਾ ਕਰ ਲਿਆ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਭਾਜਪਾ ਨੇ ਕਬਜ਼ਾ ਕਰ ਲਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋੜ ਕੇ ਹਰਿਆਣਾ ਦੀ ਵੱਖਰੀ ਬਣਾ ਦਿੱਤੀ ਤੇ ਹਰਿਆਣਾ ਦਾ ਮੁੱਖ ਮੰਤਰੀ ਉਸ ਦਾ ਪ੍ਰਧਾਨ ਬਣਾਉਂਦਾ ਹੈ। ਕਿਸਾਨ ਅੰਦੋਲਨ ਵੇਲੇ ਹਰਿਆਣੇ ਦੀ ਪੁਲਸ ਗੁਰੂ ਘਰਾਂ ਵਿਚ ਰਹਿੰਦੀ ਸੀ। ਇਹ ਲੋਕ ਤਾਂ ਐੱਸ.ਜੀ.ਪੀ.ਸੀ. 'ਤੇ ਵੀ ਕਬਜ਼ਾ ਕਰਨ ਤੇ ਲੱਗੇ ਸੀ, ਪਰ ਆਪਣੇ ਮੈਂਬਰਾਂ ਨੇ ਬਚਾ ਲਿਆ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉੱਦਾਂ ਦੇ ਜਥੇਦਾਰ ਹੁਣ 'ਨਵੇਂ ਚੁੱਲ੍ਹੇ' ਦੇ ਪ੍ਰਧਾਨ ਬਣੇ ਫ਼ਿਰਦੇ ਹਨ, ਉਹ ਆਪ ਮੰਨਦਾ ਹੈ ਕਿ ਉਹ ਸੁਖਬੀਰ ਬਾਦਲ ਨੂੰ 10 ਸਾਲ ਲਈ ਪਾਰਟੀ ਤੋਂ ਕੱਢਣਾ ਚਾਹੁੰਦਾ ਸੀ। ਇਹ ਲੋਕ ਅਕਾਲੀ ਦਲ ਨੂੰ ਤੋੜਨਾ ਚਾਹੁੰਦੇ ਸੀ, ਕੇਂਦਰ ਦੀਆਂ ਏਜੰਸੀਆਂ ਚਾਹੁੰਦੀਆਂ ਹਨ ਕਿ ਅਕਾਲੀ ਦਲ ਦਾ ਪ੍ਰਧਾਨ ਸਾਡਾ ਬਣੇ, ਜਿਸ ਨੂੰ ਅਸੀਂ ਜੋ ਚਾਹੀਏ ਉਹੀ ਕਰੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੋ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਝੁਕੇ ਸੀ ਤੇ ਨਾ ਹੀ ਮੈਂ ਝੁੱਕ ਸਕਦਾ ਹਾਂ। ਮੇਰੇ ਲਈ ਸਿੱਖ ਕੌਮ, ਪੰਜਾਬ ਤੇ ਅਕਾਲੀ ਦਲ ਦਾ ਮਾਣ ਸਭ ਤੋਂ ਜ਼ਰੂਰੀ ਹੈ।

ਉਨ੍ਹਾਂ ਸਾਰਿਆਂ ਨੂੰ ਵਿਧਾਨ ਸਭਾ ਚੋਣਾਂ ਲਈ ਇਕ ਝੰਡੇ ਥੱਲੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਬਚਾਉਣਾ ਹੈ ਤੇ ਖੇਤਰੀ ਪਾਰਟੀ ਨੂੰ ਲਿਆਉਣਾ ਪਵੇਗਾ। ਆਪਣੇ ਗੁਰੂ ਘਰਾਂ ਤੇ ਆਪਣਾ ਕੰਟਰੋਲ ਤਾਂ ਹੀ ਵਾਪਸ ਆਵੇਗਾ ਜਦੋਂ ਖੇਤਰੀ ਪਾਰਟੀ ਦਾ ਝੰਡਾ ਝੁੱਲੇਗਾ, ਨਹੀਂ ਤਾਂ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਉਨ੍ਹਾਂ ਆਸ ਜਤਾਈ ਕਿ ਮੋਗਾ ਦੀਆਂ ਚਾਰੋ ਸੀਟਾਂ ਅਕਾਲੀ ਦਲ ਜਿੱਤੇਗਾ।

### ਡੇਰਾ ਬਿਆਸ ਮੁਖੀ ਨੇ ਬਿਕਰਮ ਮਜੀਠੀਆ ਨੂੰ ਦਿੱਤੀ 'ਕਲੀਨ ਚਿੱਟ'

ਨਾਭਾ, 2 ਫਰਵਰੀ : ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਨਾਭਾ ਜੇਲ੍ਹ 'ਚ ਨਜ਼ਰਬੰਦ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ ਹੈ। ਇਸ ਮੁਲਾਕਾਤ ਤੋਂ ਬਾਅਦ ਡੇਰਾ ਮੁਖੀ ਨੇ ਵੱਡਾ ਬਿਆਨ ਦਿੱਤਾ ਹੈ। ਜਿਵੇਂ ਹੀ ਡੇਰਾ ਮੁਖੀ ਮਜੀਠੀਆ ਨਾਲ ਮੁਲਾਕਾਤ ਕਰਕੇ ਜੇਲ੍ਹ 'ਚੋਂ ਬਾਹਰ ਆਏ ਤਾਂ ਪੱਤਰਕਾਰਾਂ ਨੇ ਉਨ੍ਹਾਂ ਤੋਂ ਇਸ ਮੁਲਾਕਾਤ ਦਾ ਕਾਰਣ ਪੁੱਛਿਆ ਤਾਂ ਡੇਰਾ ਮੁਖੀ ਨੇ ਕਿਹਾ ਕਿ ਉਹ ਮੇਰੇ ਦੋਸਤ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਬਿਕਰਮ ਮਜੀਠੀਆ ਉਨ੍ਹਾਂ ਦੇ ਦੋਸਤ ਅਤੇ ਰਿਸ਼ਤੇਦਾਰ ਹਨ।

## ਬਿਕਰਮ ਮਜੀਠੀਆ ਨੂੰ ਮਿਲੀ ਜ਼ਮਾਨਤ

ਚੰਡੀਗੜ੍ਹ/ਨਵੀਂ ਦਿੱਲੀ, 2 ਫਰਵਰੀ : ਸੁਪਰੀਮ ਕੋਰਟ ਨੇ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਵੱਡੀ ਰਾਹਤ ਦਿੰਦਿਆਂ ਜ਼ਮਾਨਤ ਦੇ ਦਿੱਤੀ ਹੈ। ਅਜੇ ਥੋੜ੍ਹੀ ਦੇਰ ਪਹਿਲਾਂ ਹੀ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਮਜੀਠੀਆ ਨਾਲ ਨਾਭਾ ਜੇਲ੍ਹ ਵਿਚੋਂ ਮੁਲਾਕਾਤ ਕਰਕੇ ਗਏ ਹਨ ਅਤੇ ਉਨ੍ਹਾਂ ਨੇ ਡਰੱਗ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਬਿਕਰਮ ਮਜੀਠੀਆ ਨੂੰ ਦਿੱਤੀ 'ਕਲੀਨ ਚਿੱਟ' ਦਿੰਦਿਆਂ ਇਨ੍ਹਾਂ ਦੋਸ਼ਾਂ ਨੂੰ ਗਲਤ ਕਰਾਰ ਦਿੱਤਾ ਹੈ। ਬਿਕਰਮ ਮਜੀਠੀਆ



ਨੂੰ ਆਮਦਨ ਤੋਂ ਵੱਧ ਮਾਮਲੇ ਵਿਚ ਵਿਜੀਲੈਂਸ ਵੱਲੋਂ 25 ਜੂਨ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਮਾਮਲੇ ਦੇ ਤੱਥਾਂ ਅਤੇ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਖ਼ਾਸ ਤੌਰ 'ਤੇ ਇਸ ਗੱਲ ਨੂੰ ਵੇਖਦਿਆਂ ਕਿ ਪਟੀਸ਼ਨਰ ਨੂੰ 2022 ਵਿਚ ਐੱਨਡੀਪੀਐੱਸ ਦੇ ਪੁਰਾਣੇ ਮਾਮਲੇ ਵਿਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਖ਼?ਲਾਫ਼ ਰਾਜ ਸਰਕਾਰ ਵੱਲੋਂ ਦਾਇਰ ਕੀਤੀ ਐੱਸਐੱਲਪੀ ਨੂੰ ਵੀ ਸੁਪਰੀਮ ਕੋਰਟ ਰੱਦ ਕਰ ਚੁੱਕੀ ਹੈ, ਅਦਾਲਤ ਜ਼ਮਾਨਤ ਦੇਣ ਲਈ ਤਿਆਰ ਹੈ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਬਿਕਰਮ ਮਜੀਠੀਆ ਪਿਛਲੇ 7 ਮਹੀਨਿਆਂ ਤੋਂ ਨਿਆਂਇਕ ਹਿਰਾਸਤ ਵਿਚ ਹਨ ਅਤੇ ਧਾਰਾ 173(2) ਤਹਿਤ ਪੁਲਸ ਰਿਪੋਰਟ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਅਦਾਲਤ ਨੇ ਇਸ ਗੱਲ 'ਤੇ ਵੀ ਧਿਆਨ ਦਿੱਤਾ ਕਿ ਡੀਏ (ਡਿਸਪ੍ਰੋਪੋਰਸ਼ਨੇਟ ਐਸੈੱਟਸ) ਮਾਮਲਾ 2007 ਤੋਂ 2017 ਦੀ ਜਾਂਚ ਮਿਆਦ ਨਾਲ ਸਬੰਧਤ ਹੈ, ਜਦਕਿ ਐੱਫਆਈਆਰ 2025 ਵਿਚ ਪੀਸੀ ਐਕਟ ਤਹਿਤ ਦਰਜ ਕੀਤੀ ਗਈ ਸੀ।

## ਗਊ ਮੂਤਰ ਦੇ ਸੇਵਨ ਨੂੰ ਲੈ ਕੇ ਨਵਜੋਤ ਕੌਰ ਸਿੱਧੂ ਦਾ ਨਵਾਂ ਬਿਆਨ

ਚੰਡੀਗੜ੍ਹ, 2 ਫਰਵਰੀ : ਗਊ ਮੂਤਰ ਪੀਣ ਨੂੰ ਲੈ ਕੇ ਸਾਬਕਾ ਵਿਧਾਇਕ ਮੈਡਮ ਨਵਜੋਤ ਕੌਰ ਸਿੱਧੂ ਨੇ ਨਵਾਂ ਬਿਆਨ ਦਿੱਤਾ ਹੈ। ਮੈਡਮ ਸਿੱਧੂ ਨੇ ਆਖਿਆ ਹੈ ਕਿ ਉਹ ਨਹੀਂ ਕਹਿੰਦੇ ਕਿ ਸਿੱਧਾ ਮੂਤਰ ਪਿਓ। ਉਨ੍ਹਾਂ ਕਿਹਾ ਕਿ ਡਿਸਟਿਲ ਕੀਤੇ ਹੋਏ ਮੂਤਰ ਦਾ ਸੇਵਨ ਕੀਤਾ ਜਾ ਸਕਦਾ ਹੈ ਜੋ ਕਿ ਇਨਸਾਨ ਲਈ ਅੰਮ੍ਰਿਤ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਸੇਵਨ ਨਹੀਂ ਕਰਨ ਤਾਂ ਦੋ ਢੱਕਣ ਬਾਲਟੀ ਵਿਚ ਪਾ ਕੇ ਇਸ ਨਾਲ ਨਹਾਇਆ ਜਾ ਸਕਦਾ ਹੈ।

ਅਜਿਹਾ ਕਰਨ ਨਾਲ ਤੁਹਾਡੀ ਸਾਰੀ ਨੈਗੇਟੋਵਿ ਐਨੇਰਜੀ ਦੂਰ ਹੋ ਜਾਵੇਗੀ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਗਊ ਸੇਵਾ ਕਰਨ ਨਾਲ ਤੁਹਾਡੇ ਪੁਰਾਣੇ ਜਨਮਾਂ ਦੇ ਪਾਪ ਵੀ ਧੋਤੇ ਜਾਂਦੇ ਹਨ। ਦੱਸਣਯੋਗ ਹੈ ਕਿ ਕੁੱਝ ਦਿਨ ਪਹਿਲਾਂ ਡਾ. ਨਵਜੋਤ ਕੌਰ ਸਿੱਧੂ ਵ੍ਰਿੰਦਾਵਨ ਗਏ ਸਨ। ਉੱਥੇ, ਉਨ੍ਹਾਂ ਨੇ ਪਹਿਲਾਂ ਪ੍ਰੇਮਾਨੰਦ ਮਹਾਰਾਜ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਹ ਗੌਰੀ ਗੋਪਾਲ ਆਸ਼ਰਮ ਪਹੁੰਚੀ, ਜਿੱਥੇ ਆਸ਼ਰਮ ਦੇ ਮੁਖੀ ਅਤੇ ਕਥਾ ਵਿਆਸ ਅਨਿਰੁਧਾਚਾਰੀਆ ਨਾਲ ਮਿਲੀ। ਇਸ ਦੌਰਾਨ, ਡਾ. ਨਵਜੋਤ ਕੌਰ ਨੇ ਆਪਣੀ ਕੈਂਸਰ ਦੀ ਕਹਾਣੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਹ ਪੇਸ਼ੇ ਤੋਂ ਇਕ ਡਾਕਟਰ ਹੈ। ਜਦੋਂ ਉਨ੍ਹਾਂ ਨੂੰ ਕੈਂਸਰ ਦਾ ਪਤਾ ਲੱਗਿਆ ਸੀ ਤਾਂ ਡਾਕਟਰਾਂ ਦੀ ਟੀਮ ਨੇ ਕਹਿ ਦਿੱਤਾ ਸੀ ਕਿ ਉਹ ਸਿਰਫ਼ ਚਾਰ ਹਫ਼ਤਿਆਂ ਦੀ ਮਹਿਮਾਨ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਆਯੁਰਵੈਦਿਕ ਡਾਈਟ ਅਪਣਾਈ ਅਤੇ ਨਿਯਮਿਤ ਤੌਰ 'ਤੇ ਗਊ ਮੂਤਰ ਦਾ ਸੇਵਨ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਇਹੀ ਉਹ ਚੀਜ਼ ਹੈ ਜਿਸ ਨਾਲ ਉਨ੍ਹਾਂ ਨੇ ਕੈਂਸਰ ਨੂੰ ਮਾਤ ਦਿੱਤੀ। ਡਾ. ਨਵਜੋਤ ਕੌਰ ਨੇ ਕਿਹਾ ਕਿ ਸਿਰਫ ਚਾਰ ਹਫ਼ਤੇ ਨਹੀਂ, ਅੱਜ ਮੈਂ ਪੂਰੀ ਤਰ੍ਹਾਂ ਤੰਦਰੁਸਤ ਹਾਂ।

## ਪ੍ਰਤਾਪ ਬਾਜਵਾ ਦੀ PM ਮੋਦੀ ਨੂੰ ਅਪੀਲ, ਕਿਹਾ-ਪੰਜਾਬ ਦਾ ਭਵਿੱਖ ਉਦੋਂ ਸੁਧਰ ਸਕਦੈ ਜਦੋਂ ਖੁੱਲ੍ਹੇਗਾ ਵਾਹਘਾ

ਜਲੰਧਰ/ਚੰਡੀਗੜ੍ਹ (ਵੈੱਬ ਡੈਸਕ), 2 ਫਰਵਰੀ : ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੀ ਆਰਥਿਕ ਹਾਲਤ ਸੁਧਾਰਨ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਕੇਂਦਰ ਅਤੇ ਸੂਬਾ ਸਰਕਾਰ ਅੱਗੇ ਕਈ ਅਹਿਮ ਮੰਗਾਂ ਰੱਖੀਆਂ ਹਨ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਲਈ ਯੂਰੇਸ਼ੀਅਨ ਲੈਂਡ ਰੂਟ (Eurasian land route) ਖੋਲ੍ਹਣ ਦੀ ਅਪੀਲ ਕੀਤੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਉਦੋਂ ਹੀ ਸੁਧਰ ਸਕਦਾ ਹੈ ਜਦੋਂ ਵਾਹਘਾ ਰਾਹੀਂ ਯੂਰੇਸ਼ੀਆ ਦਾ ਰਸਤਾ ਖੋਲ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਹ ਲੈਂਡ ਰੂਟ ਖੁੱਲ੍ਹਦਾ ਹੈ ਤਾਂ ਅੰਮ੍ਰਿਤਸਰ ਤੋਂ ਇਟਲੀ ਦੇ ਮਿਲਾਨ ਤੱਕ ਦਾ ਸਫ਼ਰ, ਜੋ ਸਮੁੰਦਰੀ ਰਸਤੇ ਰਾਹੀਂ 41 ਦਿਨ ਲੈਂਦਾ ਹੈ, ਸਿਰਫ਼ 10 ਦਿਨਾਂ ਵਿੱਚ ਪੂਰਾ ਹੋ ਸਕਦਾ ਹੈ। ਬਾਜਵਾ ਨੇ ਦਾਅਵਾ ਕੀਤਾ ਕਿ ਜੇਕਰ ਇਹ ਸਰਹੱਦ ਖੁੱਲ੍ਹ ਜਾਂਦੀ ਹੈ ਤਾਂ ਰਾਜਪੁਰਾ ਤੋਂ ਅੰਮ੍ਰਿਤਸਰ ਤੱਕ ਦਾ ਇਲਾਕਾ ਭਾਰਤ ਦਾ ਅਗਲਾ ਸਿੰਗਾਪੁਰ ਬਣ ਸਕਦਾ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਰਸਤੇ ਰਾਹੀਂ ਪੰਜਾਬ ਦੀ ਪਹੁੰਚ ਏਸ਼ੀਆ ਦੇ 60 ਕਰੋੜ ਅਤੇ ਯੂਰਪ ਦੇ



45 ਕਰੋੜ ਲੋਕਾਂ ਤੱਕ ਹੋ ਜਾਵੇਗੀ, ਜੋਕਿ ਕੁੱਲ 105 ਕਰੋੜ ਦੀ ਇਕ ਵੱਡੀ ਮਾਰਕੀਟ ਬਣਦੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਦੁੱਧ 50 ਰੁਪਏ ਲੀਟਰ ਹੈ ਪਰ ਜੇਕਰ ਇਸ ਤੋਂ ਚੀਜ਼ (Cheese) ਬਣਾ ਕੇ ਯੂਰਪ ਭੇਜਿਆ ਜਾਵੇ ਤਾਂ ਇਸ ਦੀ ਕੀਮਤ 500 ਤੋਂ 1000 ਰੁਪਏ ਪ੍ਰਤੀ ਕਿਲੋ ਤੱਕ ਮਿਲ ਸਕਦੀ ਹੈ। ਇਸੇ ਤਰ੍ਹਾਂ ਕਣਕ ਤੋਂ ਬਣੇ ਉਤਪਾਦਾਂ ਦੀ ਕੀਮਤ ਵੀ 12 ਗੁਣਾ ਵੱਧ ਸਕਦੀ ਹੈ। ਪੰਜਾਬ ਦੀ ਇੰਡਸਟਰੀ ਨੂੰ ਕੋਲਾ ਇੰਡੋਨੇਸ਼ੀਆ (8000 ਮੀਲ) ਦੀ ਬਜਾਏ ਅਫ਼ਗਾਨਿਸਤਾਨ ਜਾਂ ਰੂਸ ਤੋਂ ਸਸਤਾ ਮਿਲ ਸਕਦਾ ਹੈ, ਜੋਕਿ ਸਿਰਫ਼ 3000-5000 ਮੀਲ ਦੀ ਦੂਰੀ 'ਤੇ ਹੈ। ਪ੍ਰਤਾਪ ਸਿੰਘ ਬਾਜਵਾ ਨੇ ਮੋਦੀ ਦੀ ਫੇਰੀ ਨੂੰ ਲੈ ਕੇ ਬੋਲਦਿਆਂ ਉਨ੍ਹਾਂ ਮੰਗ ਕੀਤੀ ਕਿ ਹਲਵਾਰਾ, ਆਦਮਪੁਰ, ਬਠਿੰਡਾ ਅਤੇ ਪਠਾਨਕੋਟ ਵਰਗੇ ਹਵਾਈ ਅੱਡਿਆਂ ਨੂੰ ਸਿਰਫ਼ ਘਰੇਲੂ ਨਹੀਂ ਸਗੋਂ ਅੰਤਰਰਾਸ਼ਟਰੀ ਅਤੇ ਕਾਰਗੋ ਸੁਵਿਧਾਵਾਂ ਨਾਲ ਲੈਸ ਕੀਤਾ ਜਾਵੇ। ਉਨ੍ਹਾਂ ਕੇਂਦਰੀ ਬਜਟ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਕਿਹਾ ਕਿ ਇਸ ਵਿੱਚ ਕਿਸਾਨਾਂ ਲਈ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਪੰਜਾਬ ਸਿਰ ਹਰ ਸਾਲ ਲਗਭਗ 50,000 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੜ੍ਹ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੁੱਖ ਮੰਤਰੀ ਦਫ਼ਤਰ ਦੀਆਂ ਫਾਈਲਾਂ ਦਿੱਲੀ ਤੋਂ ਕਲੀਅਰ ਹੁੰਦੀਆਂ ਹਨ। ਉਨ੍ਹਾਂ 'ਆਪ' ਸਰਕਾਰ 'ਤੇ ਸਕੂਲਾਂ ਨੂੰ ਪਾਰਟੀ ਦੇ ਰੰਗ ਵਿੱਚ ਰੰਗਣ ਅਤੇ ਸਿਹਤ ਬੀਮਾ ਯੋਜਨਾ (Ayushman Bharat/Health Cards)'ਚ ਪਾਰਦਰਸ਼ਤਾ ਦੀ ਕਮੀ ਹੋਣ ਦੇ ਦੋਸ਼ ਲਾਏ।

## ਸੋਸ਼ਲ ਮੀਡੀਆ 'ਤੇ AI ਰਾਹੀਂ ਸਿੱਖ ਵਿਰੋਧੀ ਪ੍ਰਚਾਰ ਰੋਕਣ ਲਈ SGPC ਨੇ ਬਣਾਈ ਕਮੇਟੀ

ਅੰਮ੍ਰਿਤਸਰ, 2 ਫਰਵਰੀ : ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਨਾਲ ਸਿੱਖ ਧਰਮ ਦੀ ਮਾਣ-ਮਰਯਾਦਾ ਦੇ ਖਿਲਾਫ਼ ਬਣ ਰਹੀਆਂ



ਵੀਡੀਓ ਅਤੇ ਹੋਰ ਸਮੱਗਰੀ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਦੇ ਹੋਏ ਫੈਸਲੇ ਅਨੁਸਾਰ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਏਆਈ ਇੰਟਰਨੈੱਟ ਖੇਤਰ ਵਿਚ ਤਜ਼ਰਬਾ ਰੱਖਣ ਵਾਲੇ ਮਾਹਿਰਾਂ ਦੀ ਸਬ-ਕਮੇਟੀ ਗਠਿਤ ਕੀਤੀ ਹੈ। ਰਾਹੀਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀਆਂ ਵੀਡੀਓ ਅਤੇ ਹੋਰ ਸਮੱਗਰੀ ਸੋਸ਼ਲ ਮੀਡੀਆ 'ਤੇ ਲਗਾਤਾਰ ਵਧ ਰਹੀ ਹੈ, ਜਿਸ 'ਤੇ ਰੋਕ ਲਗਾਉਣ ਲਈ ਅੰਤ੍ਰਿੰਗ ਕਮੇਟੀ ਵੱਲੋਂ ਇਸ ਖੇਤਰ ਵਿਚ ਕਾਰਜਸ਼ੀਲ ਕਾਨੂੰਨੀ ਤੇ ਮਾਹਿਰ ਸ਼ਖ਼ਸੀਅਤਾਂ 'ਤੇ ਨਿਰਧਾਰਿਤ ਇਕ ਸਬ-ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼ਰੋਮਣੀ ਕਮੇਟੀ ਵੱਲੋਂ ਬਣਾਈ ਗਈ ਇਸ ਕਮੇਟੀ 'ਚ ਡਾ. ਹਰਜਿੰਦਰ ਸਿੰਘ ਸੰਧੂ ਅਮਰੀਕਾ, ਹਰਮੀਤ ਸ਼ਾਹ ਸਿੰਘ ਯੂਕੇ, ਡਾ. ਸਰਬਜੋਤ ਸਿੰਘ ਯੂਕੇ, ਡਾ. ਸਰਪ੍ਰੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਡਾ. ਗੁਰਪਾਲ ਸਿੰਘ ਖਾਲਸਾ ਕਾਲਜ ਪਟਿਆਲਾ, ਡਾ. ਜਗਦੀਪ ਸਿੰਘ ਮੱਲ੍ਹੀ ਗੁਰੂ ਨਾਨਕ ਇੰਜੀਅਰਿੰਗ ਕਾਲਜ ਲੁਧਿਆਣਾ, ਡਾ. ਸਤਿੰਦਰਪਾਲ ਸਿੰਘ ਗੁਰੂ ਨਾਨਕ ਇੰਜੀਅਨਿੰਗ ਕਾਲਜ ਲੁਧਿਆਣਾ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਕਮੇਟੀ ਦੇ ਕੋਆਰਡੀਨੇਟਰ ਸ਼ਰੋਮਣੀ ਕਮੇਟੀ ਦੇ ਸਿਸਟਮ ਐਡਮਿਨਸਟ੍ਰੇਟਰ ਕਰਮਵੀਰ ਸਿੰਘ ਹੋਣਗੇ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਸਬ-ਕਮੇਟੀ ਏਆਈ ਤਕਨੀਕ ਨਾਲ ਸਿੱਖ ਧਰਮ ਖਿਲਾਫ਼ ਸੋਸ਼ਲ ਮੀਡੀਆ 'ਤੇ ਪ੍ਰਚਾਰੀ ਜਾ ਰਹੀ ਸਮੱਗਰੀ ਨੂੰ ਰੋਕਣ ਲਈ ਏਆਈ ਤਕਨੀਕ ਦੀਆਂ ਪ੍ਰਮੁੱਖ ਕੰਪਨੀਆਂ ਨਾਲ ਵੀ ਰਾਬਤਾ ਬਣਾਉਣ ਲਈ ਕਾਰਜ ਕਰੇਗੀ।

## ਨਾਭਾ ਰਿਆਸਤ ਦੇ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਦੀ ਹੋਈ ਦਸਤਾਰਬੰਦੀ

ਨਾਭਾ, 2 ਫਰਵਰੀ : ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਵੰਸ਼ਜ ਕੁਵਰ ਅਭੀ ਉਦੈ ਪ੍ਰਤਾਪ ਸਿੰਘ ਨਾਭਾ ਦੀ ਦਸਤਾਰਬੰਦੀ ਮੌਕੇ ਕਰਵਾਏ ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰਨ ਪੁੱਜੇ। ਗੁਰਦੁਆਰਾ ਸਿਰੋਪਾਓ ਸਾਹਿਬ ਹੀਰਾ ਮਹਿਲ ਨਾਭਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਜਾ ਭਾਨੂ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਸਿੰਘ ਨਾਭਾ ਨੂੰ ਮੁਬਾਰਕਬਾਦ ਦਿੱਤੀ ਅਤੇ ਪੰਥਕ ਰਵਾਇਤਾਂ ਮੁਤਾਬਕ ਕੁਵਰ ਅਭੀ ਉਦੈ ਪ੍ਰਤਾਪ ਸਿੰਘ ਨਾਭਾ ਨੂੰ ਪੰਥਕ ਰਵਾਇਤਾਂ ਅਨੁਸਾਰ ਦਸਤਾਰ ਭੇਟ ਕੀਤੀ। ਇਸ ਦੌਰਾਨ ਕੁਵਰ ਅਭੀ ਉਦੈ ਪਾ ਦੀ ਦਸਤਾਰਬੰਦੀ ਦੇ ਸਬੰਧ ਵਿਚ ਗੁਰਦੁਆਰਾ ਸਿਰਪਾਓ ਸਾਹਿਬ ਹੀਰਾ ਮਹਿਲ ਨਾਭਾ ਵਿਖੇ ਧਾਰਮਿਕ ਸਮਾਗਮ ਦੌਰਾਨ ਰੱਖੇ



ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਕੀਰਤਨੀ ਜਥੇ ਵਲੋਂ ਗੁਰਬਾਣੀ ਕੀਰਤਨ ਸਰਵਣ ਕੀਤਾ ਗਿਆ। ਇਸ ਮੌਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਰਿਆਸਤ ਏ ਨਾਭਾ ਜੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਜੀ ਪੰਥਕ ਸੰਘਰਸ਼ ਵਿਚ ਅਹਿਮ ਭੂਮਿਕਾ ਰਹੀ ਹੈ ਜਿਨਾਂ ਨੇ ਹਮੇਸ਼ਾ ਪੰਥਕ ਹਿੱਤਾਂ ਲਈ ਸਮੇਂ-ਸਮੇਂ ਤੇ ਅਹਿਮ ਫੈਸਲੇ ਕੀਤੇ ਤੇ ਉਹਨਾਂ ਦੇ ਪੰਥਕ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅੱਜ ਉਹਨਾਂ ਦੇ ਵੰਸ਼ਜ ਰਾਜਾ ਭਾਨੂੰ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਸਪੁੱਤਰ ਕੁਵਰ ਅਭੀ ਉਦੇ ਪ੍ਰਤਾਪ ਸਿੰਘ ਨਾਭਾ ਦੀ ਦਸਤਾਰਬੰਦੀ ਮੌਕੇ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਉਨਾਂ ਦੇ ਪਰਿਵਾਰ ਨੂੰ ਇਸ ਕਾਰਜ ਦੀ ਮੁਬਾਰਕਬਾਦ ਦਿੱਤੀ ਹੈ। ਉਹਨਾਂ ਕਿਹਾ ਕਿ ਪੰਥ ਦੇ ਵਡਮੁੱਲੇ ਕਾਰਜਾਂ ਵਿਚ ਅਭੀ ਉਦੇ ਪ੍ਰਤਾਪ ਸਿੰਘ ਨਾਭਾ ਵੀ ਭਵਿੱਖ ਵਿਚ ਹਮੇਸ਼ਾ ਪੰਥਕ ਸੋਚ ਨੂੰ ਅੱਗੇ ਲਿਜਾਣ ਦਾ ਉਦਮ ਕਰੇਗਾ। ਇਸ ਮੌਕੇ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਦੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਆਤਮ ਪ੍ਰਕਾਸ਼ ਸਿੰਘ ਬੇਦੀ ਵਲੋਂ ਵੀ ਕੁਵਰ ਉਦੈ ਪ੍ਰਤਾਪ ਸਿੰਘ ਨਾਭਾ ਨੂੰ ਅਤੇ ਪਰਿਵਾਰਿਕ ਮੈਂਬਰਾਂ ਨੂੰ ਵੀ ਵਧਾਈ ਦਿੱਤੀ ਗਈ।

## CM ਮਾਨ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਤੋਂ ਡਰਦੇ ਕਿਉਂ? ਸੁਨੀਲ ਜਾਖੜ ਨੇ ਕੀਤਾ ਵੱਡਾ ਸਵਾਲ

ਚੰਡੀਗੜ੍ਹ, 2 ਫਰਵਰੀ : ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵਲੋਂ ਬੀਤੇ ਦਿਨ ਪੇਸ਼ ਕੀਤੇ ਗਏ ਬਜਟ ਨੂੰ ਲੈ ਕੇ ਇੱਥੇ ਅਹਿਮ ਪ੍ਰੈੱਸ ਕਾਨਫਰੰਸ ਕੀਤੀ ਗਈ।

ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਣੇ ਵਿਰੋਧੀ ਪਾਰਟੀਆਂ ਕਹਿ ਰਹੀਆਂ ਹਨ ਕਿ ਬਜਟ 'ਚ ਪੰਜਾਬ ਦਾ ਨਾਂ ਹੀ ਨਹੀਂ ਆਇਆ ਤਾਂ ਮੈਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਭਗਵੰਤ ਮਾਨ ਜੀ ਡੇਰਾ ਬੱਲਾਂ ਪੰਜਾਬ 'ਚ ਹੀ ਹੈ ਕਿ ਵਲੈਤ 'ਚ ਹੈ। ਜਦੋਂ ਨਿਰਮਲਾ ਸੀਤਾਰਮਨ ਸੰਸਦ 'ਚ ਬਜਟ ਪੇਸ਼ ਕਰ ਰਹੇ ਸਨ ਤਾਂ ਖ਼ੁਦ ਦੇਸ਼ ਦੇ ਪ੍ਰਧਾਨ ਮੰਤਰੀ ਡੇਰਾ ਸੱਚਖੰਡ ਬੱਲਾਂ ਵਿਖੇ ਆ ਕੇ ਬਜਟ ਦੀ ਵਿਆਖਿਆ ਕਰ ਰਹੇ ਸਨ ਤਾਂ ਇਸ ਤੋਂ ਬਾਅਦ ਰਹਿ ਕੀ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਤੋਂ ਇੰਨਾ ਡਰਦੇ ਕਿਉਂ ਹਨ। ਮੈਂ ਉਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਇਕ ਵਾਰ ਨਿੱਜੀ ਤੌਰ 'ਤੇ ਜਾ ਕੇ ਪ੍ਰਧਾਨ ਮੰਤਰੀ ਨੂੰ ਮਿਲ ਲੈਣ। ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨੂੰ ਇਹ ਨਹੀਂ ਕਹਿਣਗੇ ਕਿ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰੋ ਕਿਉਂਕਿ ਹਰ ਬੰਦਾ ਤੁਹਾਡੇ ਵਰਗਾ



ਨਹੀਂ ਹੁੰਦਾ।

ਜਾਖੜ ਨੇ ਕਿਹਾ ਕਿ ਜਦੋਂ ਪੰਜਾਬ 'ਚ ਪ੍ਰਧਾਨ ਮੰਤਰੀ ਆ ਰਹੇ ਸਨ ਤਾਂ ਮੁੱਖ ਮੰਤਰੀ ਦਾ ਉਨ੍ਹਾਂ ਨੂੰ ਰਿਸੀਵ ਕਰਨ ਦਾ ਫਰਜ਼ ਬਣਦਾ ਹੈ ਪਰ ਉਹ ਤਾਂ ਆਦਮਪੁਰ ਦੀ ਬਜਾਏ ਹਲਵਾਰਾ ਪੁੱਜੇ ਹੋਏ ਸਨ। ਉਨ੍ਹਾਂ ਕਿਹਾ ਕਿ ਅੱਜ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਿਆਂ ਚਾਰ ਸਾਲ ਹੋ ਗਏ ਹਨ ਅਤੇ ਮੁੱਖ ਮੰਤਰੀ ਕਿੰਨੀ ਵਾਰ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਨੂੰ ਮਿਲਣ ਗਏ ਹਨ। ਸਿਰਫ ਇੱਥੇ ਬੈਠੇ ਬਿਆਨ ਛੱਡੀ ਜਾ ਰਹੇ ਹਨ। ਬੀਤੇ ਦਿਨ ਉਹ ਘੱਟੋ-ਘੱਟ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਹੀ ਕਰ ਦਿੰਦੇ। ਸੁਨੀਲ ਜਾਖੜ ਨੇ ਕਿਹਾ ਕਿ ਨਾ ਤਾਂ ਮੁੱਖ ਮੰਤਰੀ ਖ਼ੁਦ ਅਤੇ ਨਾ ਇਨ੍ਹਾਂ ਦੇ ਕੋਈ ਮੰਤਰੀ ਪ੍ਰਧਾਨ ਮੰਤਰੀ ਨੂੰ ਮਿਲਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ਼ਾਇਦ ਮੁੱਖ ਮੰਤਰੀ ਨੂੰ ਡਰ ਹੈ ਕਿ ਜੇਕਰ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਚਲੇ ਗਏ ਤਾਂ ਕੇਜਰੀਵਾਲ ਨਾਰਾਜ਼ ਹੋ ਜਾਣਗੇ ਅਤੇ ਉਹ ਸਿਰਫ ਮੁੱਖ ਮੰਤਰੀ ਦੀ ਕੁਰਸੀ ਬਚਾਉਣ ਲਈ ਲੱਗੇ ਹੋਏ ਹਨ। ਉਨ੍ਹਾਂ ਨੇ 'ਆਪ' 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਸਿਰਫ ਸਕੂਲਾਂ 'ਤੇ ਰੰਗ ਪੋਤਣ ਨਾਲ ਨਹੀਂ ਗੱਲ ਬਣਨੀ ਅਤੇ ਪਾਰਟੀ ਪੰਜਾਬ ਨੂੰ ਖੋਖਲਾ ਕਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਦੇਸ਼ ਦੀ ਤਰੱਕੀ ਵਾਸਤੇ ਹਨ, ਜਿਸ 'ਚ ਪੰਜਾਬ ਦੇ ਬੇਹੱਦ ਵੱਡਾ ਹਿੱਸਾ ਹੈ।

## 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਖ਼ਤ ਆਦੇਸ਼ ਜਾਰੀ

ਨਵੀਂ ਦਿੱਲੀ, 2 ਫਰਵਰੀ : ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਇਕ ਜ਼ਰੂਰੀ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਜਾਰੀ ਕੀਤੀ ਗਏ ਆਦੇਸ਼ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਜਿਨ੍ਹਾਂ ਨਾਲ ਹਰ ਗੁਰੂ ਨਾਨਕ ਨਾਮ ਲੇਵਾ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਵਿਚ ਕਿਸੇ ਵੀ ਧਿਰ ਵੱਲੋਂ ਸਿਆਸਤ, ਦੂਸ਼ਣਬਾਜ਼ੀ, ਕਾਹਲੀ ਅਤੇ ਬਿਆਨਬਾਜ਼ੀ ਨਾ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਇਹ ਧਿਆਨ ਵਿਚ ਆਇਆ ਹੈ ਕਿ ਕੀਤੀ ਗਈ ਹਦਾਇਤ ਦੇ ਬਾਵਜੂਦ ਵੀ ਇਸ ਮਾਮਲੇ ਵਿਚ ਕੁਝ ਸਬੰਧਤ ਧਿਰਾਂ ਵੱਲੋਂ ਲਗਾਤਾਰ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਅਤੇ ਮੀਡੀਆ, ਸੋਸ਼ਲ ਮੀਡੀਆ ਉੱਪਰ ਵੀ ਟ?ਰਾਇਲ ਚਲਾਇਆ ਜਾ ਰਿਹਾ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਹਦਾਇਤ ਦੀ ਭਾਵਨਾ ਦਾ ਸਤਿਕਾਰ ਨਹੀਂ। ਆਦੇਸ਼ ਵਿਚ ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਬਿਲਕੁਲ ਵੀ ਵਾਜਬ ਨਹੀਂ, ਕਿਉਂਕਿ ਇਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਸੰਗਤਾਂ ਵਿਚ ਦੁਵਿਧਾ ਪੈਦਾ ਹੁੰਦੀ ਹੈ। ਜਾਂਚ ਮੁਕੰਮਲ ਹੋਣ ਤੱਕ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਜਾਂ ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ ਜਾਂ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਮੀਡੀਆ ਟ?ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇਕ ਵਾਰ ਫਿਰ ਸਖ਼ਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਯਾਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਇਹ ਵੀ ਧਿਆਨ ਵਿਚ ਆਇਆ ਹੈ ਕਿ ਪੰਜਾਬ ਪੁਲਸ ਦੀ ਜਾਂਚ ਟੀਮ ਜਦੋਂ ਵੀ ਕਿਤੇ ਜਾਂਚ ਪੜਤਾਲ ਦੀ ਕਾਰਵਾਈ ਲਈ ਜਾ ਰਹੀ ਹੈ ਤਾਂ ਉਸ ਦੀ ਜਾਣਕਾਰੀ ਮੀਡੀਆ ਨੂੰ ਲੀਕ ਕਰਕੇ ਖ਼ਬਰਾਂ ਚਲਵਾਈਆਂ ਜਾ ਰਹੀਆਂ ਹਨ ਜੋ ਕਿ ਜ਼ਿੰਮੇਵਾਰੀ ਵਾਲੀ ਅਤੇ ਸੰਜੀਦਾ ਪਹੁੰਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਚੱਲਦਿਆਂ ਇਹ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਲਈ ਪੁਲਸ ਵੱਲੋਂ ਬਹੁਤ ਕਾਹਲੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀ ਤੱਥਾਂ ਰਹਿਤ ਜਾਣਕਾਰੀ ਜਨਤਕ ਕਰਨ ਵਿਚ ਵੀ ਕਾਹਲੀ ਕੀਤੀ ਗਈ ਹੈ, ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਅਤੇ ਪੰਜਾਬ ਅੰਦਰ ਅਮਨ ਕਾਨੂੰਨ ਭੰਗ ਹੋਣ ਜਿਹੀ ਸਥਿਤੀ ਬਨਣ ਦੇ ਹਾਲਾਤ ਵੀ ਪੈਦਾ ਹੋਏ। ਭਾਵੇਂ ਕਿ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਯੋਗਤਾ ਉੱਤੇ ਕੋਈ ਸ਼ੰਕਾ ਨਹੀਂ, ਪਰੰਤੂ ਚੰਗਾ ਹੋਵੇ ਪੰਜਾਬ ਪੁਲਸ ਦੀ ਜਾਂਚ ਟੀਮ ਉਹ ਹੋਵੇ ਜਿਸ ਨੂੰ ਗੁਰਮਤਿ ਅਤੇ ਸਿੱਖ ਮਰਯਾਦਾ ਦੀ ਪੂਰਨ ਸਮਝ ਹੋਵੇ ਅਤੇ ਅੰਮ੍ਰਿਤਧਾਰੀ ਸਿੱਖਾਂ ਅਧਾਰਤ ਟੀਮ ਹੋਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੰਜੀਦਗੀ, ਸਹਿਣਸ਼ੀਲਤਾ, ਗੁਰੂ ਸਾਹਿਬ ਦੀ ਬਖ਼ਸ਼ੀ ਬਿਬੇਕ ਬੁੱਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸਤਿਕਾਰ ਨੂੰ ਹਮੇਸ਼ਾ ਧਿਆਨ ਵਿੱਚ ਰੱਖਿਆ ਜਾਵੇ।

## ਭਾਜਪਾ ਕਿਵੇਂ ਕਰ ਰਹੀ ਹਰਿਆਣਾ ਤੋਂ ਪੰਜਾਬ ਲਈ ਆਪਣੀ ਰਣਨੀਤੀ ਦਾ ਮੁੜ-ਨਿਰਮਾਣ

ਨਵੀਂ ਦਿੱਲੀ, 2 ਫਰਵਰੀ : ਪੰਜਾਬ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਅਜੇ ਦੂਰ ਹਨ, ਪਰ ਸਿਆਸੀ ਦ੍ਰਿਸ਼ 'ਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਹੈ। ਵਿਰੋਧ ਪ੍ਰਦਰਸ਼ਨਾਂ, ਕਾਨੂੰਨ-ਵਿਵਸਥਾ 'ਤੇ ਬਹਿਸਾਂ ਅਤੇ ਕੇਂਦਰ-ਰਾਜ ਦੀ ਖਿੱਚੋਤਾਣ ਦੇ ਵਿਚਾਲੇ ਭਾਰਤੀ ਜਨਤਾ ਪਾਰਟੀ ਇਕ ਦੂਰਅੰਦੇਸ਼ੀ ਪਾਰਟੀ ਦੇ ਸਬਰ ਦੇ ਨਾਲ ਚੁੱਪਚਾਪ ਆਪਣੀ ਪੰਜਾਬ ਰਣਨੀਤੀ ਨੂੰ ਨਵੇਂ ਸਿਰੇ ਤੋਂ ਤਿਆਰ ਕਰ ਰਹੀ ਹੈ। ਇਸ ਮੁੜ-ਨਿਰਮਾਣ (ਪੁਨਰ-ਸਮਾਯੋਜਨ) ਦੇ ਕੇਂਦਰ ਵਿਚ ਇਕ ਤੇਜ਼ੀ ਨਾਲ ਉੱਭਰਦੀ ਹੋਈ ਅਤੇ ਬੜੀ ਸਾਵਧਾਨੀ ਨਾਲ ਸਥਾਪਿਤ ਕੀਤੀ ਗਈ ਸ਼ਖ਼ਸੀਅਤ ਹੈ—ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ। ਇਕ ਆਮ ਦੇਖਣ ਵਾਲੇ ਲਈ ਪੰਜਾਬ ਵਿਚ ਸੈਣੀ ਦੀ ਲਗਾਤਾਰ ਮੌਜੂਦਗੀ ਸਾਧਾਰਨ ਜਾਂ ਪ੍ਰਤੀਕਾਤਮਕ ਲੱਗ ਸਕਦੀ ਹੈ। ਹਾਲਾਂਕਿ, ਭਾਜਪਾ ਦੀ ਲੰਮੇ ਸਮੇਂ ਦੀ ਰਣਨੀਤੀ 'ਤੇ ਨਜ਼ਰ ਰੱਖਣ ਵਾਲੇ ਸਿਆਸੀ ਵਿਸ਼ਲੇਸ਼ਕਾਂ ਲਈ ਇਹ ਪਾਰਟੀ ਦੇ ਪੰਜਾਬ ਸਬੰਧੀ ਦ੍ਰਿਸ਼ਟੀਕੋਣ ਨੂੰ ਨਵਾਂ ਰੂਪ ਦੇਣ ਦੀ ਇਕ ਯੋਜਨਾਬੱਧ ਯਤਨ ਹੈ। ਪੰਜਾਬ 'ਚ ਭਾਜਪਾ ਦੀ ਮੌਜੂਦਾ ਹਾਸ਼ੀਏ ਵਾਲੀ ਸਥਿਤੀ ਅਕਸਰ ਉਸ ਦੇ ਗੁੰਝਲਦਾਰ ਚੋਣ ਸਫ਼ਰ ਨੂੰ ਲੁਕਾ ਦਿੰਦੀ ਹੈ। 2007 ਅਤੇ 2012 ਵਿਚ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਹਿਯੋਗੀ ਵਜੋਂ ਸੱਤਾ ਵਿਚ ਮਜ਼ਬੂਤੀ ਨਾਲ ਸਥਾਪਿਤ ਸੀ, ਮਹੱਤਵਪੂਰਨ ਵਿਭਾਗਾਂ 'ਤੇ ਉਸ ਦਾ ਕੰਟਰੋਲ ਸੀ ਅਤੇ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਪਠਾਨਕੋਟ ਅਤੇ ਹੁਸ਼ਿਆਰਪੁਰ ਵਰਗੇ ਸ਼ਹਿਰੀ, ਹਿੰਦੂ ਬਹੁਗਿਣਤੀ ਵਾਲੇ ਚੋਣ ਹਲਕਿਆਂ 'ਚ ਉਸ ਦਾ ਦਬਦਬਾ ਸੀ। ਸ਼੍ਰੋਮਣੀ ਅਕਾਲੀ ਦਲ ਦਾ ਪੇਂਡੂ ਸਿੱਖ ਬਹੁਗਿਣਤੀ ਖੇਤਰਾਂ ਵਿਚ ਦਬਦਬਾ ਸੀ। ਭਾਜਪਾ ਨੇ ਸਿੱਖ ਸਿਆਸੀ ਲੀਡਰਸ਼ਿਪ ਨੂੰ ਚੁਣੌਤੀ ਦਿੱਤੇ ਬਿਨਾਂ ਉਸ ਦਾ ਸਮਰਥਨ ਕੀਤਾ। 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੱਠਜੋੜ ਦਾ ਟੁੱਟਣਾ ਮਹਿੰਗਾ ਸਾਬਤ ਹੋਇਆ। ਪੰਜਾਬ ਲੋਕ ਕਾਂਗਰਸ ਅਤੇ ਸ਼?ਰੋਮਣੀ ਅਕਾਲੀ ਦਲ (ਸੰਯੁਕਤ) ਦੇ ਨਾਲ ਐੱਨ. ਡੀ. ਏ. ਗੱਠਜੋੜ 'ਚ 73 ਸੀਟਾਂ 'ਤੇ ਚੋਣ ਲੜਦਿਆਂ ਭਾਜਪਾ ਨੂੰ ਸਿਰਫ਼ 2 ਸੀਟਾਂ ਮਿਲੀਆਂ। ਫਿਰ ਵੀ, ਇਸ ਨਿਰਾਸ਼ਾਜਨਕ ਨਤੀਜੇ ਨੇ ਇਕ ਮਹੱਤਵਪੂਰਨ ਤੱਥ ਨੂੰ ਲੁਕਾ ਦਿੱਤਾ, ਜਿਸ 'ਤੇ ਪਾਰਟੀ ਦੇ ਰਣਨੀਤੀਕਾਰ ਲਗਾਤਾਰ ਜ਼ੋਰ ਦਿੰਦੇ ਹਨ। ਭਾਜਪਾ ਦਾ ਵੋਟ ਸ਼ੇਅਰ ਵਧ ਕੇ 6.6 ਫੀਸਦੀ ਹੋ ਗਿਆ, ਜੋ ਉਸ ਦੇ ਪਿਛਲੇ ਇਕੱਲੇ ਚੋਣ ਪ੍ਰਦਰਸ਼ਨ ਨਾਲੋਂ 1.2 ਫੀਸਦੀ ਅੰਕ ਵੱਧ ਹੈ। 2024 ਦੀਆਂ ਲੋਕ ਸਭਾ ਚੋਣਾਂ 'ਚ ਇਹ ਰੁਝਾਨ ਹੋਰ ਵੀ ਸਪੱਸ਼ਟ ਹੋ ਗਿਆ। ਹਾਲਾਂਕਿ ਭਾਜਪਾ ਇਕ ਵੀ ਸੰਸਦੀ ਸੀਟ ਜਿੱਤਣ 'ਚ ਅਸਫਲ ਰਹੀ (2019 ਵਿਚ 2 ਸੀਟਾਂ ਦੀ ਤੁਲਨਾ 'ਚ) ਪਰ ਉਸ ਦਾ ਵੋਟ ਸ਼ੇਅਰ 9.63 ਫੀਸਦੀ ਤੋਂ ਵਧ ਕੇ 18.56 ਫੀਸਦੀ ਹੋ ਗਿਆ, ਜੋ 5 ਸਾਲਾਂ 'ਚ ਲਗਭਗ 9 ਫੀਸਦੀ ਅੰਕਾਂ ਦਾ ਵਾਧਾ ਹੈ। ਪਾਰਟੀ ਤਿੰਨ ਲੋਕ ਸਭਾ ਹਲਕਿਆਂ ਵਿਚ ਦੂਜੇ ਨੰਬਰ 'ਤੇ ਰਹੀ ਅਤੇ 23 ਵਿਧਾਨ ਸਭਾ ਹਲਕਿਆਂ 'ਚ ਅੱਗੇ ਰਹੀ। ਸਿਰਫ਼ 2 ਵਿਧਾਇਕਾਂ ਵਾਲੀ ਪਾਰਟੀ ਲਈ ਇਹ ਅੰਕੜੇ ਮਾਮੂਲੀ ਨਹੀਂ ਹਨ। ਇਹ ਭਾਜਪਾ ਦੀ ਉਸ ਸਮੱਸਿਆ ਨੂੰ ਦਰਸਾਉਂਦੇ ਹਨ, ਜਿਸ ਨੂੰ ਉਹ 'ਗੈਰ-ਸੰਭਾਵਿਤ ਵੋਟ' ਮੰਨਦੀ ਹੈ—ਅਜਿਹੀਆਂ ਵੋਟਾਂ ਜਿਨ੍ਹਾਂ 'ਚ ਸੀਟਾਂ 'ਚ ਤਬਦੀਲ ਹੋਣ ਦੀ ਜਥੇਬੰਦਕ ਸਮਰੱਥਾ ਨਹੀਂ ਹੈ। ਇਸ ਅੰਤਰ ਨੂੰ ਪੂਰਾ ਕਰਨ ਲਈ ਲਗਾਤਾਰ ਅਤੇ ਸੱਭਿਆਚਾਰਕ ਤੌਰ 'ਤੇ ਅਨੁਕੂਲ ਜਨ-ਸੰਪਰਕ ਰਾਹੀਂ ਨਾਇਬ ਸਿੰਘ ਸੈਣੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਭਾਜਪਾ ਲਈ ਸੈਣੀ ਸਿਰਫ਼ ਇਕ ਪ੍ਰਚਾਰਕ ਨਹੀਂ, ਸਗੋਂ ਇਕ ਰਣਨੀਤਿਕ ਜਾਇਦਾਦ ਹਨ। ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਦਾ ਉਭਾਰ ਹੋਇਆ, ਜਿਸ ਨਾਲ ਪਾਰਟੀ ਅੰਦਰ ਉਨ੍ਹਾਂ ਦੀ ਸਥਿਤੀ ਮਜ਼ਬੂਤ ਹੋਈ ਹੈ। ਹਾਲਾਂਕਿ, ਪੰਜਾਬ 'ਚ ਉਨ੍ਹਾਂ ਦੀ ਸਾਰਥਿਕਤਾ ਪਛਾਣ ਅਤੇ ਅਕਸ ਦੇ ਸੁਮੇਲ 'ਚ ਹੈ, ਜਿਸ ਨੂੰ ਭਾਜਪਾ ਮਹੱਤਵਪੂਰਨ ਮੰਨਦੀ ਹੈ। ਉਹ ਸੈਣੀ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ, ਜਿਸ ਨੂੰ ਪੱਛੜੀਆਂ ਸ਼੍ਰੇਣੀਆਂ (ਓ. ਬੀ. ਸੀ.) 'ਚ ਰੱਖਿਆ ਗਿਆ ਹੈ। ਭਾਜਪਾ ਇਕ ਵਿਆਪਕ ਸਮਾਜਿਕ ਇਕਜੁੱਟਤਾ ਰਣਨੀਤੀ ਦੇ ਹਿੱਸੇ ਵਜੋਂ ਗੈਰ-ਜਾਟ ਓ. ਬੀ. ਸੀ. ਸਮੂਹਾਂ ਨੂੰ ਸਰਗਰਮੀ ਨਾਲ ਲੁਭਾ ਰਹੀ ਹੈ। ਪੰਜਾਬ 'ਚ, ਹਿੰਦੂ ਓ. ਬੀ. ਸੀ. ਵੋਟਰ ਇਕ ਮਹੱਤਵਪੂਰਨ ਹਿੱਸਾ ਹਨ, ਵਿਸ਼ੇਸ਼ ਤੌਰ 'ਤੇ ਕੁਝ ਖਾਸ ਇਲਾਕਿਆਂ 'ਚ, ਜਿਸ ਨਾਲ ਇਹ ਪਹੁੰਚ ਸਿਆਸੀ ਤੌਰ 'ਤੇ ਮਹੱਤਵਪੂਰਨ ਹੋ ਜਾਂਦੀ ਹੈ। ਭਾਜਪਾ ਰਣਨੀਤੀਕਾਰਾਂ ਵੱਲੋਂ ਸੈਣੀ ਦੇ ਨਿੱਜੀ ਪਿਛੋਕੜ ਨੂੰ ਵੀ ਬਰਾਬਰ ਉਭਾਰਿਆ ਗਿਆ ਹੈ। ਉਨ੍ਹਾਂ ਦੀ ਮਾਤਾ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ, ਨਾਲ ਹੀ ਪੰਜਾਬੀ ਸੱਭਿਆਚਾਰਕ ਪ੍ਰਤੀਕਾਂ ਨੂੰ ਲਗਾਤਾਰ ਅਪਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਪੰਜਾਬ ਵਿਚ ਪੱਗ ਬੰਨ੍ਹਣੀ, ਗੁਰਦੁਆਰਿਆਂ ਦਾ ਦੌਰਾ, ਪੰਜਾਬੀ ਬੋਲੀਆਂ ਵਿਚ ਸਹਿਜਤਾ ਅਤੇ ਸਿੱਖ ਧਾਰਮਿਕ ਅਸਥਾਨਾਂ ਨਾਲ ਸਪੱਸ਼ਟ ਜੁੜਾਅ ਨੂੰ ਸਿੱਖ ਅਤੇ ਪੰਜਾਬੀ ਹਿੰਦੂ ਦੋਵਾਂ ਭਾਈਚਾਰਿਆਂ ਵਿਚਾਲੇ ਪੁਲ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬ 'ਚ ਸੈਣੀ ਦੀਆਂ ਗਤੀਵਿਧੀਆਂ ਬੇਤਰਤੀਬ ਨਹੀਂ ਰਹੀਆਂ। ਉਨ੍ਹਾਂ ਦੀ ਪਹੁੰਚ ਹਰਿਆਣਾ ਨਾਲ ਲੱਗਦੇ ਸਰਹੱਦੀ ਅਤੇ ਅਰਧ-ਸਰਹੱਦੀ ਜ਼ਿਲਿਆਂ, ਜਿਨ੍ਹਾਂ ਵਿਚ ਜ਼ੀਰਕਪੁਰ, ਡੇਰਾਬੱਸੀ, ਸੰਗਰੂਰ ਅਤੇ ਸੁਨਾਮ ਸ਼ਾਮਲ ਹਨ ਅਤੇ ਦੋਆਬਾ ਤੇ ਪੁਆਧ ਖੇਤਰਾਂ ਦੇ ਕੁਝ ਹਿੱਸਿਆਂ ਤੱਕ ਕੇਂਦਰਿਤ ਰਹੀ ਹੈ। ਇਨ੍ਹਾਂ ਖੇਤਰਾਂ ਵਿਚ ਵੱਡੀ ਓ. ਬੀ. ਸੀ. ਆਬਾਦੀ ਹੈ ਅਤੇ ਗੁਆਂਢੀ ਹਰਿਆਣਾ ਨਾਲ ਲੰਮੇ ਸਮੇਂ ਤੋਂ ਸਮਾਜਿਕ ਅਤੇ ਸੱਭਿਆਚਾਰਕ ਸੰਬੰਧ ਹਨ। ਰਵਾਇਤੀ ਪਹਿਰਾਵੇ 'ਚ ਉਨ੍ਹਾਂ ਦੀ ਮੌਜੂਦਗੀ, ਗੁਰਦੁਆਰਾ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਅਤੇ ਸਿੱਖ ਧਾਰਮਿਕ ਸਮਾਗਮਾਂ 'ਚ ਹਾਜ਼ਰੀ ਨੂੰ ਸਤਿਕਾਰ ਦੇ ਸੰਕੇਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਸਾਂਝੇ ਇਤਿਹਾਸ ਅਤੇ ਰਿਸ਼ਤੇਦਾਰੀ ਦੇ ਸੰਦਰਭ ਅਕਸਰ ਪੰਜਾਬ ਨੂੰ 'ਵੱਡਾ ਭਰਾ' ਦੱਸਦੇ ਹੋਏ ਸਿਆਸੀ ਕੁੜੱਤਣ ਨੂੰ ਘੱਟ ਕਰਨ ਲਈ ਸਾਵਧਾਨੀ ਨਾਲ ਚੁਣੇ ਜਾਂਦੇ ਹਨ। ਐੱਸ. ਵਾਈ. ਐੱਲ. ਨਹਿਰ ਜਾਂ ਚੰਡੀਗੜ੍ਹ ਦੀ ਸਥਿਤੀ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਵੀ ਸੈਣੀ ਦਾ ਲਹਿਜਾ ਟਕਰਾਅ ਵਾਲਾ ਨਹੀਂ, ਸਗੋਂ ਸੁਲ੍ਹਾ-ਸਫਾਈ ਵਾਲਾ ਹੈ। ਭਾਜਪਾ ਦੀ ਪੰਜਾਬ ਰਣਨੀਤੀ ਹਰਿਆਣਾ ਵਿਚ ਸੈਣੀ ਦੇ ਸ਼ਾਸਨ ਨੂੰ ਦਿਖਾਉਣ 'ਤੇ ਵੀ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਹਰਿਆਣਾ ਸਰਕਾਰ ਦਾ 1984 ਦੇ ਸਿੱਖ ਦੰਗਿਆਂ ਦੇ ਪੀੜਤਾਂ ਦੇ ਪਰਿਵਾਰਾਂ ਨੂੰ ਨੌਕਰੀ ਦੇਣ ਦਾ ਫੈਸਲਾ ਸਿੱਖ ਗੁਰੂਆਂ ਦੀ ਯਾਦ 'ਚ ਲੈਜਿਸਲੇਟਿਵ ਪ੍ਰੋਗਰਾਮ ਅਤੇ 'ਲਾਡੋ ਲਕਸ਼ਮੀ' ਯੋਜਨਾ ਵਰਗੀਆਂ ਭਲਾਈ ਸਕੀਮਾਂ, ਜਿਸ ਵਿਚ ਔਰਤਾਂ ਨੂੰ ਹਰ ਮਹੀਨੇ 2,100 ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਹੈ, ਇਨ੍ਹਾਂ ਨੂੰ ਠੋਸ ਪ੍ਰਸ਼ਾਸਨਿਕ ਨਤੀਜਿਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ 2022 'ਚ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਜੋ ਅਜੇ ਤੱਕ ਪੂਰਾ ਨਹੀਂ ਹੋਇਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਚਰਨਜੀਤ ਚੰਨੀ ਕਰਵਾਉਣਗੇ ਮੈਡਮ ਸਿੱਧੂ ਦੀ ਵਾਪਸੀ ! ਬੋਲੇ-ਫੋਨ 'ਤੇ ਕੀਤੀ ਗੱਲਬਾਤ



ਚੰਡੀਗੜ੍ਹ, 2 ਫਰਵਰੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦਾ ਕਹਿਣਾ ਹੈ ਕਿ ਉਹ ਗੱਲਬਾਤ ਕਰਕੇ ਨਵਜੋਤ ਕੌਰ ਸਿੱਧੂ ਦਾ ਮਸਲਾ ਹੱਲ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਨਵਜੋਤ ਕੌਰ ਸਿੱਧੂ ਗੁੱਸੇ 'ਚ ਬਹੁਤ ਕੁੱਝ ਬੋਲ ਜਾਂਦੇ ਹਨ ਅਤੇ ਉਨ੍ਹਾਂ ਦੀ ਬਿਆਨਬਾਜ਼ੀ ਤੋਂ ਕਾਂਗਰਸ ਔਖੀ ਵੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਕਾਂਗਰਸ ਛੱਡ ਕੇ ਚਲੇ ਜਾਣ। ਇਸ ਤੋਂ ਇਹ ਕਿਆਸਰਾਈਆਂ ਜਾ ਰਹੀਆਂ ਹਨ ਕਿ ਨਵਜੋਤ ਕੌਰ ਸਿੱਧੂ ਦੀ ਕਾਂਗਰਸ 'ਚ ਵਾਪਸੀ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਮੈਡਮ ਸਿੱਧੂ ਅਤੇ ਸੀਨੀਅਰ ਲੀਡਰਾਂ ਨਾਲ ਗੱਲ ਕੀਤੀ ਹੈ ਅਤੇ ਮੈਂ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗਾ ਤਾਂ ਜੋ ਘਰ ਦੇ ਅੰਦਰ ਹੀ ਮਸਲਾ ਸਮੇਟ ਲਿਆ ਜਾਵੇ। ਜਦੋਂ ਚੰਨੀ ਨੂੰ ਨਵਜੋਤ ਕੌਰ ਦੀ ਵਾਪਸੀ ਕਰਵਾਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਦਿੰਦਿਆਂ ਕਿਹਾ ਕਿ ਅਜੇ ਕਿਹੜਾ ਉਹ ਕਿਤੇ ਚਲੇ ਗਏ ਹਨ। ਇਸ ਬਾਰੇ ਅਸੀਂ ਗੱਲ ਕਰਾਂਗੇ। ਉਨ੍ਹਾਂ ਦੇ ਵੀ ਕਈ ਗਿਲ੍ਹੇ-ਸ਼ਿਕਵੇ ਹੋ ਸਕਦੇ ਹਨ ਅਤੇ ਪਾਰਟੀ ਵੀ ਉਨ੍ਹਾਂ ਦੀ ਬਿਆਨਬਾਜ਼ੀ ਤੋਂ ਔਖੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਬੰਦਾ ਉਤੇਜਿਤ ਹੋ ਕੇ ਜਾਂ ਫਿਰ ਗੁੱਸਾ ਕਿਸੇ ਹੋਰ ਗੱਲ ਦਾ ਹੁੰਦਾ ਹੈ ਅਤੇ ਗੱਲ ਕੋਈ ਹੋਰ ਕਰ ਬੈਠਦਾ ਹੈ। ਹਾਲਾਂਕਿ ਇਸ ਬਾਰੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਨਵਜੋਤ ਕੌਰ ਸਿੱਧੂ ਮਾਨਸਿਕ ਤੌਰ 'ਤੇ ਬਿਮਾਰ ਹਨ ਤਾਂ ਕਰਕੇ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਨਵਜੋਤ ਕੌਰ ਸਿੱਧੂ ਨੇ ਕਾਂਗਰਸ 'ਚੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਪਹਿਲਾਂ ਰਾਜਾ ਵੜਿੰਗ ਵੱਲੋਂ ਨਵਜੋਤ ਕੌਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਸਸਪੈਂਡ ਕੀਤਾ ਗਿਆ ਸੀ।

## ਬਠਿੰਡਾ RTO 'ਚ ਰਿਸ਼ਵਤ ਲੈਂਦਾ ਕਲਰਕ ਗ੍ਰਿਫ਼ਤਾਰ

ਬਠਿੰਡਾ, 2 ਫਰਵਰੀ : ਪੰਜਾਬ ਸਰਕਾਰ ਵੱਲੋਂ 'ਜ਼ੀਰੋ ਟਾਲਰੈਂਸ' ਨੀਤੀ ਤਹਿਤ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਦਾਅਵਾ ਕੀਤਾ ਗਿਆ ਸੀ ਪਰ ਤਾਜ਼ਾ ਮਾਮਲੇ ਨੇ ਇਸ ਦਾਅਵੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅੱਜ ਵਿਜੀਲੈਂਸ ਬਿਊਰੋ ਨੇ ਵੱਡੀ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਟਰਾਂਸਪੋਰਟ ਦਫ਼ਤਰ (ਆਰ. ਟੀ. ਓ.) 'ਚ ਤਾਇਨਾਤ ਇੱਕ ਕਲਰਕ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਡੇਵਿਡ ਕੁਮਾਰ ਵਜੋਂ ਹੋਈ ਹੈ, ਜੋ ਟਰਾਂਸਪੋਰਟ ਵਿਭਾਗ 'ਚ ਕਲਰਕ ਦੇ ਅਹੁਦੇ 'ਤੇ ਤਾਇਨਾਤ ਸੀ। ਵਿਜੀਲੈਂਸ ਬਿਊਰੋ ਨੂੰ ਇਸ ਸੰਬੰਧੀ ਰਾਜੀਵ ਕੁਮਾਰ ਨਾਮਕ ਵਿਅਕਤੀ ਵੱਲੋਂ ਸ਼ਿਕਾਇਤ ਮਿਲੀ ਸੀ।

# ਪੁਲਸ ਥਾਣਿਆਂ 'ਚ ਨਹੀਂ ਹੁੰਦੀ 'ਆਪ' MLA ਕੁੰਵਰ ਵਿਜੈ ਪ੍ਰਤਾਪ ਦੀ ਸੁਣਵਾਈ, ਨਵਜੋਤ ਕੌਰ ਨੇ ਦੱਸੀ ਵਜਹਾ

ਜਲੰਧਰ, 2 ਫਰਵਰੀ : ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸ ਪਾਰਟੀ ਨੂੰ ਛੱਡਣ ਦੇ ਕੀਤੇ ਗਏ ਐਲਾਨ ਮਗਰੋਂ ਜਿੱਥੇ ਪੰਜਾਬ ਦੀ ਸਿਆਸਤ ਗਰਮਾਈ ਹੋਈ ਹੈ, ਉਥੇ ਹੀ ਨਵਜੋਤ ਕੌਰ ਸਿੱਧੂ ਨੇ ਕਈ ਰਾਜ਼ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਦੀ ਸਿਆਸਤ 'ਚ ਇਮਾਨਦਾਰ ਆਗੂਆਂ ਦੀ ਸਥਿਤੀ ਨੂੰ ਲੈ ਕੇ ਇਕ ਵਾਰ ਫਿਰ ਬਹਿਸ ਛਿੜ ਗਈ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਅੰਮ੍ਰਿਤਸਰ ਨਾਰਥ ਤੋਂ ਵਿਧਾਇਕ ਅਤੇ ਸਾਬਕਾ ਆਈ. ਪੀ. ਐੱਸ. ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਹੱਕ 'ਚ ਨਿਤਰਦਿਆਂ ਸਿਸਟਮ ਅਤੇ ਰਾਜਨੀਤਿਕ ਢਾਂਚੇ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਮੌਜੂਦਾ ਸਿਆਸੀ ਮਾਹੌਲ ਵਿੱਚ ਇਮਾਨਦਾਰ ਵਿਅਕਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਅਤੇ ਉਨ੍ਹਾਂ ਨੂੰ ਜਾਣਬੁੱਝ ਕੇ ਖੁੱਡੇ-ਲਾਈਨ ਲਗਾਇਆ ਜਾ ਰਿਹਾ ਹੈ। ਸਾਨੂੰ ਦਿੱਤੀ ਗਈ ਇਕ ਇੰਟਰਵਿਊ ਦੌਰਾਨ ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਗਿਆ ਕਿ ਪੰਜਾਬ ਵਿਚ ਤੁਸੀਂ ਕਿਸ ਨੂੰ ਈਮਾਨਦਾਰ ਨੇਤਾ ਮੰਨਦੇ ਹੋ, ਜਿਸ ਨੇ ਇਮਾਨਦਾਰੀ ਨਾਲ ਕੰਮ ਕੀਤਾ ਹੋਵੇ? ਤਾਂ ਨਵਜੋਤ ਕੌਰ ਸਿੱਧੂ ਨੇ ਇਸ ਦਾ ਜਵਾਬ ਦਿੰਦੇ ਕਿਹਾ ਕਿ ਜੋ ਇਸ ਵੇਲੇ ਟੀ. ਵੀ. 'ਤੇ ਬੈਠਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਟੀ. ਵੀ. 'ਤੇ ਵੀ ਈਮਾਨਦਾਰੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਈਮਾਨਦਾਰ ਬੰਦਾ ਰਾਜਨੀਤੀ ਵਿਚ ਕਿਸੇ ਤੋਂ ਬਰਦਾਸ਼ਤ ਨਹੀਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੋ ਬੰਦਾ ਈਮਾਨਦਾਰੀ ਨਾਲ ਕੰਮ ਕਰਦਾ ਹੈ, ਉਸ ਨੂੰ ਖੂੰਝੇ ਲਾ ਦਿੱਤਾ ਜਾਂਦਾ ਹੈ। ਨਵਜੋਤ ਕੌਰ ਨੇ ਅੰਮ੍ਰਿਤਸਰ ਨਾਰਥ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਮਿਸਾਲ ਦਿੰਦੇ ਕਿਹਾ ਕਿ ਉਹ ਇਕ ਬਹੁਤ ਹੀ ਇਮਾਨਦਾਰ ਇਨਸਾਨ ਹਨ ਪਰ ਉਨ੍ਹਾਂ ਨੂੰ ਜਾਣ-ਬੁੱਝ ਕੇ ਸਾਈਡਲਾਈਨ ਕੀਤਾ ਜਾ ਰਿਹਾ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਬਹੁਤ ਹੀ ਭਾਵੁਕ ਅਤੇ ਸਖ਼ਤ ਲਹਿਜ਼ੇ ਕਿਹਾ ਕਿ ਪੰਜਾਬ 'ਚ ਇਮਾਨਦਾਰੀ ਨਾਲ ਕੰਮ ਕਰਨਾ ਮੁਸ਼ਕਿਲ ਹੋ ਗਿਆ ਹੈ। ਉਨ੍ਹਾਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਆਪਣਾ ਭਰਾ ਦੱਸਦਿਆਂ ਕਿਹਾ ਕਿ ਉਹ ਇਕ ਅਜਿਹੇ ਇਮਾਨਦਾਰ ਆਗੂ ਹਨ, ਜੋ ਸਿਸਟਮ ਦੀ ਭੇਟ ਚੜ੍ਹ ਰਿਹਾ ਹੈ। ਨਵਜੋਤ ਕੌਰ ਨੇ ਕਿਹਾ ਕਿ ਭਾਵੇਂ ਪੁਲਸ ਹੋਵੇ ਜਾਂ ਅਧਿਆਪਕ, ਜੇਕਰ ਕੋਈ ਇਮਾਨਦਾਰੀ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਤੰਗ-ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਨਵਜੋਤ ਕੌਰ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਮਾਨਦਾਰ ਆਗੂਆਂ ਅਤੇ ਅਧਿਕਾਰੀਆਂ ਲਈ ਕੰਮ ਕਰਨਾ ਮੁਸ਼ਕਿਲ ਹੋ ਗਿਆ ਹੈ ਕਿਉਂਕਿ ਮੌਜੂਦਾ ਸਿਸਟਮ ਉਨ੍ਹਾਂ ਨੂੰ ਸਵੀਕਾਰ ਨਹੀਂ ਕਰ ਰਿਹਾ। ਨਵਜੋਤ ਕੌਰ ਸਿੱਧੂ ਨੇ ਇਕ ਬੇਹੱਦ ਹੈਰਾਨੀਜਨਕ ਦਾਅਵਾ ਕਰਦਿਆਂ ਕਿਹਾ ਕਿ ਇਕ ਯੋਜਨਾਬੱਧ ਤਰੀਕੇ ਨਾਲ ਇਮਾਨਦਾਰ ਲੋਕਾਂ ਨੂੰ ਦਬਾਇਆ ਜਾ ਰਿਹਾ ਹੈ।



ਉਨ੍ਹਾਂ ਇਲਜ਼ਾਮ ਲਾਇਆ ਕਿ ਥਾਣਿਆਂ ਵਿੱਚ ਇਹ ਤੱਕ ਕਹਿ ਦਿੱਤਾ ਗਿਆ ਹੈ ਕਿ ਜੇਕਰ ਕੁੰਵਰ ਵਿਜੇ ਪ੍ਰਤਾਪ ਦਾ ਫੋਨ ਆਵੇ ਤਾਂ ਉਨ੍ਹਾਂ ਦਾ ਕੰਮ ਨਹੀਂ ਹੋਣਾ ਚਾਹੀਦਾ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਇਕ ਚੁਣੇ ਹੋਏ ਵਿਧਾਇਕ (MLA North) ਨਾਲ ਅਜਿਹਾ ਵਿਵਹਾਰ ਹੋ ਸਕਦਾ ਹੈ ਤਾਂ ਆਮ ਇਮਾਨਦਾਰ ਬੰਦੇ ਦਾ ਕੀ ਹਾਲ ਹੋਵੇਗਾ। ਨਵਜੋਤ ਕੌਰ ਸਿੱਧੂ ਮੁਤਾਬਕ ਪਾਰਟੀਆਂ ਵੱਲੋਂ ਬਦਲਾਅ ਦੀਆਂ ਗੱਲਾਂ ਤਾਂ ਕੀਤੀਆਂ ਗਈਆਂ ਸਨ ਪਰ ਅਸਲੀਅਤ 'ਚ ਕੋਈ ਫਰਕ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਉੱਪਰ ਤੋਂ ਲੈ ਕੇ ਹੇਠਾਂ ਤੱਕ ÷ਹਿੱਸੇਬਾਜ਼ੀ÷ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਸਿੱਧੂ ਨੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਿਸਟਮ ਵਿੱਚ ਉੱਪਰ ਤੋਂ ਲੈ ਕੇ ਹੇਠਾਂ ਤੱਕ 'ਹਿੱਸੇ' (ਕਮਿਸ਼ਨ) ਤੈਅ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਸਿਸਟਮ ਨਾਲ ਮਿਲ ਕੇ ਚੱਲਦੇ ਹਨ (ਹਿੱਸਾ ਲੈਂਦੇ ਹਨ) ਉਹ 'ਬੱਲੇ-ਬੱਲੇ' ਕਰਵਾ ਰਹੇ ਹਨ, ਜਦਕਿ ਚੰਗੇ ਬੰਦੇ ਘੁਟਣ ਮਹਿਸੂਸ ਕਰ ਰਹੇ ਹਨ। ਕੁੰਵਰ ਵਿਜੇ ਪ੍ਰਤਾਪ ਵਰਗੇ ਵਿਧਾਇਕਾਂ ਦੀ ਸਥਿਤੀ ਅੱਜ ਬਹੁਤ ਸੀਮਤ (ਸਿਮਟੇ ਹੋਏ) ਕਰ ਦਿੱਤੀ ਗਈ ਹੈ। ਨਵਜੋਤ ਕੌਰ ਸਿੱਧੂ ਦੇ ਇਨ੍ਹਾਂ ਬਿਆਨਾਂ ਨੇ ਪੰਜਾਬ ਦੀ ਸਿਆਸਤ 'ਚ ਹਲਚਲ ਪੈਦਾ ਕਰ ਦਿੱਤੀ ਹੈ। ਉਨ੍ਹਾਂ ਅਨੁਸਾਰ ਇਮਾਨਦਾਰੀ ਦੀ ਕਮਾਈ ਕਰਨ ਵਾਲਾ ਵਿਅਕਤੀ ਅੱਜ ਰਾਜਨੀਤੀ 'ਚ ਇਕੱਲਾ ਪੈ ਗਿਆ ਹੈ ਕਿਉਂਕਿ ਸਿਸਟਮ 'ਚ ਇਮਾਨਦਾਰੀ ਲਈ ਕੋਈ ਥਾਂ ਨਹੀਂ ਬਚੀ।

## ਕੱਢ ਦਿਓ ਪਿੰਡੋਂ ਬਾਹਰ, ਪਿੰਡ 'ਚ ਹੀ ਵਿਆਹ ਕਰਵਾਉਣ ਵਾਲੇ ਮੁੰਡਾ-ਕੁੜੀ ਖਿਲਾਫ ਪੰਚਾਇਤ ਨੇ ਪਾਇਆ ਮਤਾ

ਸੰਗਰੂਰ, 2 ਫਰਵਰੀ : ਸੰਗਰੂਰ ਜ਼ਿਲ੍ਹੇ ਦੇ ਪਿੰਡ ਰੋਗਲਾ ਵਿੱਚ ਆਪਣੇ ਹੀ ਪਿੰਡ ਦੇ ਮੁੰਡੇ-ਕੁੜੀ ਦੇ ਵਿਆਹ ਨੂੰ ਲੈ ਕੇ ਵਿਵਾਦ ਖੜ੍ਹਾ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਪਿੰਡ ਦੀ ਪੰਚਾਇਤ ਵੱਲੋਂ ਪਤੀ-ਪਤਨੀ ਨੂੰ ਪਿੰਡ ਤੋਂ ਬਾਹਰ ਕੱਢਣ ਅਤੇ ਦੋਵਾਂ ਦਾ ਸਮਾਜਿਕ ਬਾਈਕਾਟ ਕਰਨ ਸੰਬੰਧੀ ਮਤਾ ਪਾਸ ਕੀਤਾ ਗਿਆ ਹੈ, ਜਿਸ ਨਾਲ ਪਿੰਡ ਵਿੱਚ ਤਣਾਅਪੂਰਨ ਮਾਹੌਲ ਬਣਿਆ ਹੋਇਆ ਹੈ। ਕਰਵਾਇਆ ਸੀ। ਜਿਸ ਤੋਂ ਬਾਅਦ ਕੁੜੀ ਦੇ ਮਾਪਿਆਂ ਨੂੰ ਵੱਡਾ ਸਦਮਾ ਲੱਗਾ ਅਤੇ ਉਨ੍ਹਾਂ ਦੀ ਮੌਤ ਹੋ ਗਈ। ਹੁਣ ਪਿੰਡ ਦੀ ਪੰਚਾਇਤ ਨੇ ਪਿੰਡ ਅੰਦਰ ਵੱਡਾ ਇਕੱਠ ਕਰਕੇ ਪਿੰਡ ਦੀ ਸਹਿਮਤੀ ਨਾਲ ਇਕ ਮਤਾ ਪਾਸ ਕਰ ਦਿੱਤਾ ਕਿ ਉਕਤ ਕੁੜੀ ਤੇ ਮੁੰਡੇ ਨੂੰ ਪਿੰਡ 'ਚੋਂ ਬਾਹਰ ਕੱਢ ਦਿੱਤਾ ਜਾਵੇ ਅਤੇ ਉਨ੍ਹਾਂ ਦਾ ਬਾਈਕਾਟ ਕੀਤਾ ਜਾਵੇ, ਨਹੀਂ ਤਾਂ ਫਿਰ ਕੋਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।


**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)


**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.


**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future


**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.


**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.


**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.


**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.


**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

# ਹਰਚੰਦ ਸਿੰਘ ਬਰਸਟ ਨੇ ਹਲਕਾ ਸਮਾਣਾ ਦੇ ਪਿੰਡਾਂ ਦੀਆਂ ਸੜਕਾਂ ਦੇ ਨਵੀਨੀਕਰਨ ਦੇ ਕਾਰਜਾਂ ਦਾ ਕੀਤਾ ਉਦਘਾਟਨ

**➢ 2.48 ਕਰੋੜ ਰੁਪਏ ਦੀ ਲਾਗਤ ਨਾਲ ਮਹਿਮਦਪੁਰ ਤੋਂ ਫਤਿਹਪੁਰ ਅਤੇ ਢਕੜੱਬਾ ਤੋਂ ਪਹਾੜਪੁਰ ਦੀ ਬਣੇਗੀ ਸੜਕ ➢ ਹਲਕਾ ਸਮਾਣਾ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ**



**ਪਟਿਆਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**


ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਵਿਕਾਸ ਦੀ ਲਹਿਰ ਦੌੜ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਤਰਜੀਹ ਦਿੰਦਿਆਂ ਹੋਇਆ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦੇ ਕੰਮ ਤੇਜ਼ੀ ਨਾਲ ਕੀਤੇ ਜਾ ਰਹੇ ਹਨ, ਤਾਂ ਜੋ ਪਿੰਡ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਹਲਕਾ ਸਮਾਣਾ ਵਿਖੇ ਲਗਭਗ 2 ਕਰੋੜ 48 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਮੌਕੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸਮਾਣਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿਖੇ ਸੜਕਾਂ ਦੇ ਨਵੀਨੀਕਰਨ ਦੇ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ ਗਿਆ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਮਹਿਮਦਪੁਰ ਤੋਂ ਫਤਿਹਪੁਰ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ ਗਿਆ। ਇਹ 2.20 ਕਿਲੋਮੀਟਰ ਲੰਬਾਈ ਵਾਲੀ ਸੜਕ ਕਰੀਬ 1.01 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ। ਇਸੇ ਤਰ੍ਹਾਂ ਪਿੰਡ ਢਕੜੱਬਾ ਤੋਂ ਪਹਾੜਪੁਰ ਜਾਣ ਵਾਲੀ 3.50 ਕਿਲੋਮੀਟਰ ਲੰਬਾਈ ਵਾਲੀ ਸੜਕ ਬਣਾਉਣ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ, ਜੋ ਲੱਗਭਗ 1.47 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।

ਇਸ ਦੌਰਾਨ ਸ. ਬਰਸਟ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਵੱਲੋਂ ਇਨ੍ਹਾਂ ਸੜਕਾਂ ਨੂੰ ਬਣਵਾਉਣ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਪੂਰਾ ਕਰਦਿਆਂ ਹੋਇਆਂ ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ। ਇਨ੍ਹਾਂ ਸੜਕਾਂ ਦੇ ਬਣਨ ਨਾਲ ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ, ਆਮ ਜਨਤਾ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਆਵਾਜਾਈ ਸੁਰੱਖਿਅਤ ਅਤੇ ਸੁਗਮ ਬਣੇਗੀ। ਇਸ ਨਾਲ ਨਾ ਸਿਰਫ ਆਰਥਿਕ ਗਤੀਵਿਧੀਆਂ ਨੂੰ ਵਾਧਾ ਮਿਲੇਗਾ, ਸਗੋਂ ਕਿਸਾਨਾਂ ਨੂੰ ਆਪਣੀ ਫਸਲ ਮੰਡੀ ਤੱਕ ਲਿਜਾਣ ਵਿੱਚ ਵੀ ਆਸਾਨੀ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਆਵਾਜਾਈ ਲਈ ਚੰਗੀਆਂ ਸੜਕਾਂ ਮੁਹੱਈਆ ਕਰਵਾਉਣਾ ਹੈ। ਜਿਸਦੇ ਤਹਿਤ ਸੂਬੇ ਦੀਆਂ ਸੜਕਾਂ ਦੇ ਨਵੀਨੀਕਰਨ ਅਤੇ ਨਿਰਮਾਣ ਦੇ ਕਾਰਜਾਂ ਨੂੰ ਤੇਜੀ ਨਾਲ ਪੂਰਾ ਕੀਤਾ ਜਾ ਰਿਹਾ ਹੈ, ਜਿਹਨਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕਾਂ ਦੇ ਕੰਮਾ ਦੀ ਗੁੱਣਵਤਾ ਦੀ ਨਿਗਰਾਨੀ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਬਰਸਟ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸੂਬੇ ਦੀਆਂ ਸੜਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਜਿਸ ਕਾਰਨ ਲੋਕਾਂ ਨੂੰ ਖਰਾਬ ਸੜਕਾਂ ਕਾਰਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਮੌਜੂਦਾ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੀਆਂ ਸੜਕਾਂ ਅਤੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸਮੂਹ ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਦੇ ਵਿਕਾਸਕਾਰੀ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਸ. ਹਰਚੰਦ ਸਿੰਘ ਬਰਸਟ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਕਾਰ ਸਿੰਘ ਰਾਜਗੜ ਬਲਾਕ ਸੰਮਤੀ ਮੈਂਬਰ, ਬਲਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਹਰਿੰਦਰ ਸਿੰਘ ਧਬਲਾਨ, ਨਰਿੰਦਰ ਸਿੰਘ ਸਰਪੰਚ ਬਰਸਟ, ਰਾਮ ਸਿੰਘ ਸਰਪੰਚ ਫਤਿਹਪੁਰ, ਪਰਗਟ ਸਿੰਘ ਸਰਪੰਚ ਢਕੜੱਬਾ, ਜਗਦੀਪ ਸਿੰਘ ਸਰਪੰਚ ਪਹਾੜਪੁਰ, ਕਰਮਜੀਤ ਸਿੰਘ ਸਰਪੰਚ ਮਹਿਮਦਪੁਰ, ਮਨਪ੍ਰੀਤ ਸਿੰਘ ਸਰਪੰਚ ਵਜੀਦਪੁਰ, ਰਜਿੰਦਰ ਸਿੰਘ ਸਰਪੰਚ ਚੂਹੜਪੁਰ ਕਲਾਂ, ਜਗਦੀਪ ਸਿੰਘ ਸਰਪੰਚ ਛੰਨਾ, ਜਸਵੰਤ ਸਿੰਘ ਸਰਪੰਚ ਚੂਹੜਪੁਰ ਮਰਾਸੀਆਂ, ਹਰਦੀਪ ਸਿੰਘ ਸ਼ੇਖੂਪੁਰ, ਗੁਲਜਾਰ ਸਿੰਘ ਦੁਘਾਟ, ਭਰਪੂਰ ਸਿੰਘ, ਸੰਦੀਪ ਸਿੰਘ ਸਾਬਕਾ ਸਰਪੰਚ ਮਹਿਮਦਪੁਰ, ਚਰਨਜੀਤ ਸਿੰਘ ਸਾਬਕਾ ਸਰਪੰਚ, ਗੁਰਪ੍ਰੀਤ ਸਿੰਘ ਨੰਬਰਦਾਰ ਮਹਿਮਦਪੁਰ, ਮਨਦੀਪ ਸਿੰਘ ਗਿਨੀ ਤਰੋੜਾ ਕਲਾਂ, ਕਰਮਜੀਤ ਸਿੰਘ ਸੋਹੀ, ਹਰਜੀਤ ਸਿੰਘ, ਬਲਜੀਤ ਸਿੰਘ, ਹਰਬੰਸ ਸਿੰਘ, ਬਲਬੀਰ ਸਿੰਘ, ਪ੍ਰੇਮ ਸਿੰਘ ਨੰਬਰਦਾਰ, ਬਲਕਾਰ ਸਿੰਘ, ਨਰੰਗ ਸਿੰਘ, ਹਰੀ ਸਿੰਘ ਧੱਕੜ, ਗੁਰਚਰਨ ਸਿੰਘ ਮੈਂਬਰ, ਭਗਵਾਨ ਸਿੰਘ, ਬਲਬੀਰ ਸਿੰਘ, ਰਾਮ ਸਿੰਘ, ਗੁਰਦੀਪ ਸਿੰਘ ਪੰਚ, ਗੁਰਦੇਵ ਸਿੰਘ ਪੰਚ, ਹਰਮੇਸ਼ ਸਿੰਘ, ਜਸਵਿੰਦਰ ਸਿੰਘ, ਬਲਬੀਰ ਸਿੰਘ ਸਾਬਕਾ ਸਰਪੰਚ, ਰਣਧੀਰ ਸਿੰਘ, ਦਾਰਾ ਸਿੰਘ, ਬਲਵਿੰਦਰ ਸਿੰਘ, ਭਰਪੂਰ ਸਿੰਘ ਨੰਬਰਦਾਰ ਮਹਿਮਦਪੁਰ, ਹੈਪੀ ਸਾਬਕਾ ਸਰਪੰਚ ਢਕੜੱਬਾ, ਜੋਗਿੰਦਰ ਸਿੰਘ ਮਹਿਮਦਪੁਰ, ਹਰਭਜਨ ਸਿੰਘ ਪੰਚ, ਜਸਵੰਤ ਸਿੰਘ ਸਾਬਕਾ ਸਰਪੰਚ ਮਹਿਮਦਪੁਰ, ਗੁਰਭੇਜ ਸਿੰਘ, ਹਰਦੀਪ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ, ਗੁਰਵਿੰਦਰ ਸਿੰਘ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

# ਰਾਜਪਾਲ ਕਟਾਰੀਆ ਨੇ ਸੀਨੀਅਰ ਨਾਗਰਿਕਾਂ ਦਾ ਮਾਣ-ਸਨਮਾਨ ਅਤੇ ਸਰਗਰਮ ਜੀਵਨ ਸੁਨਿਸ਼ਚਿਤ ਕਰਨ ਹਿਤ ਸਮੂਹਿਕ ਜ਼ਿੰਮੇਦਾਰੀ ਦਾ ਸੱਦਾ ਦਿੱਤਾ




**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਤਰਰਾਸ਼ਟਰੀ ਬਜ਼ੁਰਗ ਦਿਵਸ ਦੇ ਅਵਸਰ 'ਤੇ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੁਆਰਾ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਪਰਿਵਾਰਾਂ, ਸਮਾਜ ਅਤੇ ਸੰਸਥਾਵਾਂ ਨੂੰ ਸੀਨੀਅਰ ਨਾਗਰਿਕਾਂ ਦਾ ਮਾਣ-ਸਨਮਾਨ, ਸੁਰੱਖਿਆ ਅਤੇ ਸਰਗਰਮ ਜੀਵਨ ਸੁਨਿਸ਼ਚਿਤ ਕਰਨ ਲਈ ਸੰਯੁਕਤ ਤੌਰ 'ਤੇ ਯਤਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਸੀਨੀਅਰ ਨਾਗਰਿਕਾਂ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਸੀਨੀਅਰ ਨਾਗਰਿਕਾਂ ਦੇ ਸੁਝਾਅ ਅਤੇ ਅਨੁਭਵ ਰਾਸ਼ਟਰ ਅਤੇ ਸਮਾਜ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ ਹਨ।

ਪ੍ਰਸ਼ਾਸਕ ਨੇ ਸੰਨ 1996 ਵਿੱਚ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸਵਰਗੀ ਸ਼੍ਰੀ ਪੀ.ਐੱਚ. ਵੈਸ਼ਣਵ ਦੀ ਅਗਵਾਈ ਵਿੱਚ ਸਥਾਪਿਤ ਚੰਡੀਗੜ੍ਹ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੀ ਸ਼ਲਾਘਾ ਕੀਤੀ, ਜੋ ਫਿਜ਼ੀਓਥੈਰੇਪੀ, ਯੋਗ ਅਤੇ ਸਿਹਤ ਜਾਂਚ ਜਿਹੀਆਂ ਮੁਫ਼ਤ ਸੇਵਾਵਾਂ ਦੇ ਨਾਲ-ਨਾਲ ਵਿਭਿੰਨ ਸਮਾਜ ਭਲਾਈ ਗਤੀਵਿਧੀਆਂ ਪ੍ਰਦਾਨ ਕਰ ਰਹੀ ਹੈ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਸ਼ਾਸਕ ਨੇ ਸੀਨੀਅਰ ਨਾਗਰਿਕਾਂ ਨੂੰ ÷ਚਲਦੀਆਂ-ਫਿਰਦੀਆਂ ਲਾਇਬ੍ਰੇਰੀਆਂ÷ ਦੱਸਿਆ ਅਤੇ ਉਨ੍ਹਾਂ ਦੇ ਅਨਮੋਲ ਗਿਆਨ ਅਤੇ ਅਨੁਭਵ ਨੂੰ ਸਮਾਜ ਲਈ ਅਤਿਅੰਤ ਉਪਯੋਗੀ ਦੱਸਿਆ। ਉਨ੍ਹਾਂ ਨੇ ਨੌਜਵਾਨਾਂ ਨੂੰ ਬਜ਼ੁਰਗਾਂ ਤੋਂ ਸਿੱਖਣ ਦੀ ਤਾਕੀਦ ਕੀਤੀ ਅਤੇ ਸੀਨੀਅਰ ਨਾਗਰਿਕਾਂ ਨੂੰ ਆਪਣੇ ਅਨੁਭਵ ਅਤੇ ਸੁਝਾਅ ਸਾਂਝੇ ਕਰਨ ਦਾ ਸੱਦਾ ਦਿੱਤਾ, ਜਿਸ ਨਾਲ ਚੰਡੀਗੜ੍ਹ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਹੋਰ ਅਧਿਕ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਸੀਨੀਅਰ ਸਿਟੀਜ਼ਨਸ ਹੋਮ ਸ਼ਬਦ ਦੇ ਸਥਾਨ 'ਤੇ ਕੋਈ ਅਧਿਕ ਸਕਾਰਾਤਮਕ ਅਤੇ ਸਨਮਾਨਜਨਕ ਨਾਮ ਰੱਖਿਆ ਜਾਣਾ ਚਾਹੀਦਾ ਹੈ, ਜਿਵੇਂ ਕਿ ਦਿੱਵਯਾਂਗਜਨਾਂ ਲਈ ਦਿੱਵਯਾਂਗਜਨ ਆਵਾਸ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਰਤਮਾਨ ਚੁਣੌਤੀਆਂ 'ਤੇ ਪ੍ਰਕਾਸ਼ ਪਾਉਂਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਤੀਬਰ ਸ਼ਹਿਰੀਕਰਣ, ਰੋਜ਼ਗਾਰ ਹਿਤ ਪ੍ਰਵਾਸ ਅਤੇ ਸੰਯੁਕਤ ਪਰਿਵਾਰਾਂ ਤੋਂ ਨਿਊਕਲੀਅਰ ਪਰਿਵਾਰਾਂ ਦੀ ਤਰਫ਼ ਵਧਦੇ ਰੁਝਾਨ ਕਾਰਨ ਕਈ ਸੀਨੀਅਰ ਨਾਗਰਿਕਾਂ ਨੂੰ ਇਕੱਲਤਾ ਅਤੇ ਅਣਦੇਖੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਭਲਾਈ ਦੇ ਲਈ ਸਮੂਹਿਕ ਜ਼ਿੰਮੇਦਾਰੀ ਹੋਰ ਵੀ ਜ਼ਰੂਰੀ ਹੋ ਗਈ ਹੈ। ਪ੍ਰਸ਼ਾਸਕ ਨੇ ਦੱਸਿਆ ਕਿ ਸੀਨੀਅਰ ਨਾਗਰਿਕਾਂ ਦੀ ਭਲਾਈ ਹਿਤ ਕਈ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਬੁਢਾਪਾ ਪੈਨਸ਼ਨਾਂ, ਸਿਹਤ ਬੀਮਾ, ਵਿਸ਼ੇਸ਼ ਸਿਹਤ ਸੰਭਾਲ਼ ਪ੍ਰੋਗਰਾਮ ਅਤੇ ਮਾਪਿਆਂ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ਼ ਅਤੇ ਭਲਾਈ ਐਕਟ ਦੇ ਤਹਿਤ ਕਾਨੂੰਨੀ ਸੁਰੱਖਿਆ ਸ਼ਾਮਲ ਹਨ।

# ਮੋਹਾਲੀ 'ਚ ਵਿਧਾਇਕ ਕੁਲਵੰਤ ਸਿੰਘ ਨੇ ਕੀਤੀ ਦਾਖਲਾ ਮੁਹਿੰਮ ਦੀ ਸ਼ੁਰੂਆਤ



**ਮੁਹਾਲੀ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਦੇ ਵੱਲੋਂ ਜੋ ਵਾਅਦੇ ਪੰਜਾਬ ਦੇ ਸੂਬੇ ਦੇ ਲੋਕਾਂ ਨਾਲ ਕੀਤੇ ਗਏ ਸਨ ਉਹਨਾਂ ਨੂੰ ਉਹਨਾਂ ਦੇ ਵਿੱਚੋਂ ਸਿੱਖਿਆ ਅਤੇ ਸਿਹਤ ਦੇ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਸਫਲਤਾ ਪੂਰਵਕ ਕੰਮ ਜਾਰੀ ਹਨ, ਅਤੇ ਇਸੇ ਦੇ ਤਹਿਤ ਅੱਜ ਦਾਖਲਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਗੱਲ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਫੇਜ਼ ਦੋ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਹੀ ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਅੱਜ ਪੰਜਾਬ ਦੇ ਵਿੱਚ 90 ਵਿਦਿਆਰਥੀ ਪ੍ਰਾਈਵੇਟ ਸਕੂਲਾਂ ਤੋਂ ਹਟ ਕੇ ਸਰਕਾਰੀ ਸਕੂਲਾਂ ਵਿੱਚ ਦਾਖਿਲ ਹੋ ਚੁੱਕਾ ਹੈ ਜਿਸ ਤੋਂ ਇਹ ਸਾਫ ਜਾਹਿਰ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਵਿੱਚ ਸਫਲਤਾ ਪੂਰਵਕ ਕੰਮ ਕੀਤਾ ਜਾ ਰਿਹਾ ਹੈ, ਉਹਨਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਮਾਮਲੇ ਵਿੱਚ ਲੋਕਾਂ ਦੇ ਵਿੱਚ ਜਿਹਨ ਵਿੱਚ ਇੱਕ ਸਵਾਲ ਘਰ ਕਰ ਚੁੱਕਾ ਹੈ ਚੁਕਾਸੀ ਕਿ ਇਹਨਾਂ ਵਿੱਚ ਲੁੱਟ ਖਸੁੱਟ ਹੁੰਦੀ ਹੈ, ਅਤੇ ਕੰਮ ਵੀ ਤਸੱਲੀ ਬਖਸ਼ ਨਹੀਂ ਹੁੰਦਾ ਜੋ ਕਿ ਗੱਲ ਪਹਿਲਾਂ ਦੀਆਂ ਸਰਕਾਰਾਂ ਵੇਲੇ ਦੀ ਹੈ ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਜਦੋਂ ਤੋਂ ਸੂਬੇ ਦੀ ਜਿੰਮੇਵਾਰੀ ਸੰਭਾਲੀ ਗਈ ਹੈ, ਉਦੋਂ ਤੋਂ ਹੀ ਤੋਂ ਹੀ ਸੂਬੇ ਵਿਚਲੇ ਸਰਕਾਰੀ ਸਕੂਲਾਂ ਦੇ ਵਿੱਚ ਸਿੱਖਿਆ ਦਾ ਮਿਆਰ ਵਧੀਆ ਕੀਤਾ ਗਿਆ ਹੈ ਅਤੇ ਸਕੂਲਾਂ ਦੇ ਵਿੱਚ ਲੋੜੀਂਦੇ ਸਟਾਫ ਦੀ ਭਰਤੀ ਕੀਤੀ ਗਈ ਹੈ ਅਤੇ ਅਧਿਆਪਕ ਅਧਿਆਪਕਾਂ ਦੀ ਭਰਤੀ ਭਰਤੀ ਪ੍ਰਕਿਰਿਆ ਨੂੰ ਵੀ ਅਮਲੀ ਜਾਮਾ ਪਹਿਨਾਇਆ ਜਾ ਚੁੱਕਾ ਹੈ, ਉਹਨਾਂ ਕਿਹਾ ਕਿ ਸਰਕਾਰੀ ਅਧਿਆਪਕਾਂ ਨੂੰ ਪੰਜਾਬ ਦੇ ਵਿੱਚ ਵਿਦਿਆਰਥੀ ਵਰਗ ਨੂੰ ਮਿਆਰੀ ਸਿੱਖਿਆ ਦੇਣ ਦੇ ਲਈ ਵਿਦੇਸ਼ਾਂ ਵਿੱਚ ਵਿਚਲੀ ਸਿੱਖਿਆ ਪ੍ਰਣਾਲੀ ਨੂੰ ਸਮਝਣ ਦੇ ਲਈ ਭੇਜਿਆ ਜਾ ਰਿਹਾ ਜਾ ਰਿਹਾ ਹੈ, ਇਸ ਮੌਕੇ ਤੇ ਡਾਕਟਰ ਗਿੰਨੀ ਦੁਗਲ ਡੀ.ਈ.ਓ. ਸੈਕੰਡਰੀ, ਦਰਸ਼ਨਜੀਤ ਸਿੰਘ- ਡੀ.ਈ.ਓ.-ਪ੍ਰਾਈਮਰੀ, ਸਕੂਲ ਮੁਖੀ ਸ਼੍ਰੀਮਤੀ ਰੇਨੂ ਤਿਵਾੜੀ, ਕੁਲਦੀਪ ਸਿੰਘ ਸਮਾਣਾ, ਡਾਕਟਰ ਕੁਲਦੀਪ ਸਿੰਘ, ਕੌਂਸਲਰ ਗੁਰਮੀਤ ਕੌਰ, ਸਰਬਜੀਤ ਸਿੰਘ- ਬਲਾਕ ਪ੍ਰਧਾਨ ਹਰਮੇਸ਼ ਸਿੰਘ ਕੁੰਬੜਾ, ਜਸਪਾਲ ਸਿੰਘ ਮਟੌਰ ਵੀ ਹਾਜਰ ਸਨ।

# ਸ਼੍ਰੋਮਣੀ ਅਕਾਲੀ ਦਲ ਆਗੂ ਰਜਿੰਦਰ ਵਿਰਕ ਦਾ ਕੀਤਾ ਵਿਸ਼ੇਸ ਸਨਮਾਨ



**ਸਨੌਰ,1 ਫਰਵਰੀ**
**-ਜਗਜੀਤ ਜੱਗੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀਦਲ ( ਬਾਦਲ )ਆਗੂ ਰਜਿੰਦਰ ਵਿਰਕ ਨੇ ਗੁੱਗਾ ਮਾੜੀ ਦਰਬਾਰ ਪਿੰਡ ਕਰਨਪੁਰ 'ਚ ਮਨਾਏ ਗਏ ਸਾਲਾਨਾ ਭੰਡਾਰੇ ਚ ਵਿਸ਼ੇਸ ਤੌਰ ਤੇ ਨਮਸਤਕ ਹੋ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਗੁੱਗਾ ਮਾੜੀ ਦਰਬਾਰ ਦੇ ਮੁੱਖ ਸੇਵਾਦਾਰ ਅਤੇ ਪ੍ਰਬੰਧਕ ਕਮੇਟੀ ਨੇ ਸਰਦਾਰ ਰਜਿੰਦਰ ਵਿਰਕ ਨਾਲ ਸਮੂੰਹ ਆਗੂ ਸਹਿਬਾਨਾ ਦਾ ਵਿਸ਼ੇਸ ਤੌਰ ਤੇ ਸਿਰੋਪਾ ਸਾਹਿਬ, ਸਨਮਾਨ ਚਿੰਨ ਦੇ ਕੇ ਵਿਸ਼ੇਸ ਸਨਮਾਨ ਕੀਤਾ ਨਾਲ ਦਰਬਾਰ ਚ ਹਮੇਸ਼ਾ ਉਨ੍ਹਾਂ ਦੀ ਚੜ੍ਹਦੀਕਲਾ ਲਈ ਬੇਨਤੀ ਕੀਤੀ।

# ਸ਼੍ਰੀ ਕਾਲੀ ਮਾਤਾ ਮੰਦਰ ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ




**ਪਟਿਆਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਸਨਾਤਨ ਹਿੰਦੂ ਧਰਮ ਦਾ ਪ੍ਰਚਾਰ ਕਰਨ ਲਈ, ਉੱਤਰੀ ਭਾਰਤ ਦੇ ਪ੍ਰਸਿੱਧ ਤੀਰਥ ਸਥਾਨ, ਪਟਿਆਲਾ (ਪੰਜਾਬ) ਦੇ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ। ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ, ਧਾਰਮਿਕ ਆਗੂ ਅਤੇ ਪ੍ਰਸਿੱਧ ਖਾਟੂ ਸ਼ਿਆਮ ਭਜਨ ਗਾਇਕ, ਸ਼੍ਰੀਮਾਨ ਸ਼੍ਰੀ ਮੋਨੂ ਮਿਸ਼ਰਾ ਨੇ ਆਪਣੇ ਭਜਨਾਂ ਰਾਹੀਂ ਦੱਸਿਆ ਕਿ ਜਦੋਂ ਮਹਾਦੇਵ ਗੁੱਸੇ ਵਿੱਚ ਆਉਂਦੇ ਹਨ, ਤਾਂ ਉਹ ਤਾਂਡਵ ਨਾਚ ਕਰਦੇ ਹਨ। ਜਦੋਂ ਮਹਾਦੇਵ ਤਾਂਡਵ ਨਾਚ ਕਰਦੇ ਹਨ, ਤਾਂ ਉਨ੍ਹਾਂ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਜਾਂਦੀਆਂ ਹਨ, ਸਾਰਾ ਬ੍ਰਹਿਮੰਡ ਕੰਬਣ ਲੱਗ ਪੈਂਦਾ ਹੈ; ਉਸ ਸਮੇਂ, ਕੌਣ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋਣ ਦੀ ਹਿੰਮਤ ਕਰਦਾ ਹੈ। ਭਗਵਾਨ ਸ਼ਿਵ ਨੇ ਤਾਂਡਵ ਕੀਤਾ ਜਦੋਂ ਸਤੀ ਆਪਣੇ ਪਿਤਾ ਦੁਆਰਾ ਕੀਤੇ ਜਾ ਰਹੇ ਯੱਗ ਲਈ ਆਪਣੇ ਨਾਨਕੇ ਗਈ ਸੀ। ਆਪਣੇ ਪਤੀ, ਭਗਵਾਨ ਸ਼ਿਵ ਦਾ ਅਪਮਾਨ ਹੁੰਦਾ ਦੇਖ ਕੇ, ਉਸਨੇ ਬਲੀ ਦੀ ਅੱਗ ਵਿੱਚ ਆਪਣੇ ਆਪ ਨੂੰ ਸਾੜ ਦਿੱਤਾ। ਇਹ ਖ਼ਬਰ ਮਿਲਦਿਆਂ ਹੀ, ਮਹਾਦੇਵ ਗੁੱਸੇ ਵਿੱਚ ਆ ਗਏ। ਉਸਨੇ ਆਪਣੇ ਗਣ ਵੀਰਭੱਦਰ ਨੂੰ ਸਤੀ ਦੇ ਪਿਤਾ ਦਕਸ਼ਰਾਜ ਦਾ ਸਿਰ ਵੱਢਣ ਲਈ ਭੇਜਿਆ। ਫਿਰ ਉਸਨੇ ਸਤੀ ਨੂੰ ਆਪਣੀ ਗੋਦ ਵਿੱਚ ਚੁੱਕਿਆ ਅਤੇ ਕ੍ਰੋਧ ਨਾਲ ਪਾਗਲ ਹੋ ਕੇ, ਸਾਰੇ ਦੇਵਤਿਆਂ, ਦੈਂਤਾਂ ਅਤੇ ਪੂਰੇ ਬ੍ਰਹਿਮੰਡ ਨੂੰ ਡਰਾਉਂਦੇ ਹੋਏ, ਸਾਰੇ ਬ੍ਰਹਿਮੰਡ ਵਿੱਚ ਤਾਂਡਵ ਨਾਚ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਬ੍ਰਹਮਾਦੇਵ ਕੋਲ ਗਏ, ਜਿਨ੍ਹਾਂ ਨੇ ਉਨ੍ਹਾਂ ਨੂੰ ਭਗਵਾਨ ਵਿਸ਼ਨੂੰ ਕੋਲ ਜਾਣ ਲਈ ਕਿਹਾ।

# ਧੂਰੀ ਹਲਕੇ ਦੇ 24 ਪਿੰਡਾਂ ਦੇ ਸਰਪੰਚਾਂ ਨਾਲ ਓ.ਐਸ.ਡੀ. ਸੁਖਵੀਰ ਸਿੰਘ ਨੇ ਕੀਤੀ ਬੈਠਕ; ਚੱਲ ਰਹੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ



**ਧੂਰੀ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਨੇ ਅੱਜ ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਵਿਖੇ ਹਲਕੇ ਦੇ 24 ਪਿੰਡਾਂ ਦੇ ਸਰਪੰਚਾਂ-ਪੰਚਾਂ ਸਮੇਤ ਇਲਾਕਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣ ਕੇ ਮੌਕੇ 'ਤੇ ਹੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ।

ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨੇ ਆਪਣੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਭੇਜੀਆਂ ਗਈਆਂ ਗਰਾਂਟਾਂ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਨੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਨੂੰ ਨਵੀਂ ਰਫ਼ਤਾਰ ਦਿੱਤੀ ਹੈ।

ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਗਰਾਂਟਾਂ ਸਬੰਧੀ ਕਿਸੇ ਵੀ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਲੋੜੀਂਦੇ ਫ਼ੰਡ ਸਮੇਂ ਸਿਰ ਉਪਲਬਧ ਕਰਵਾਏ ਜਾ ਰਹੇ ਹਨ ਤਾਂ ਜੋ ਵਿਕਾਸ ਕਾਰਜ ਨਿਰੰਤਰ ਚੱਲਦੇ ਰਹਿਣ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਰੋਜ਼ਾਨਾ ਰਿਪੋਰਟ ਲੈਂਦੇ ਹਨ।

ਓ.ਐਸ.ਡੀ. ਸੁਖਵੀਰ ਸਿੰਘ ਨੇ ਪਿੰਡਾਂ ਵਿੱਚ ਚੱਲ ਰਹੇ ਅਤੇ ਸ਼ੁਰੂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਕੰਮ ਗੁਣਵੱਤਾ ਦੇ ਮਿਆਰਾਂ ਅਨੁਸਾਰ ਅਤੇ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣ। ਇਸ ਦੌਰਾਨ ਪਿੰਡ ਈਸੜਾ, ਧੂਰਾ, ਭੋਜੋਵਾਲੀ, ਬੁਗਰਾ, ਭਲਵਾਨ, ਮਾਨਵਾਲਾ, ਕੱਕੜਵਾਲ, ਧੂਰੀ, ਮੂਲੋਵਾਲ, ਕਿਲ੍ਹਾ ਹਕੀਮਾਂ, ਅਲਾਲ, ਸੁਲਤਾਨਪੁਰ, ਢਢੋਗਲ, ਸ਼ੇਰਪੁਰ ਸੋਢੀਆਂ, ਬੰਗਾਂਵਾਲੀ, ਰੰਗੀਆਂ, ਦੋਹਲਾ, ਦੁਗਨੀ, ਮੀਮਸਾ ਅਤੇ ਕੌਲਸੇੜੀ ਦੇ ਸਰਪੰਚਾਂ ਅਤੇ ਪੰਚਾਂ ਨੇ ਆਪਣੇ-ਆਪਣੇ ਪਿੰਡਾਂ ਵਿੱਚ ਚੱਲ ਰਹੇ ਅਤੇ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

# ਸ਼ਖ਼ਸੀਅਤ ਦੇ ਬਹੁ-ਪੱਖੀ ਵਿਕਾਸ ਵਿੱਚ ਸਹਿ-ਅਕਾਦਮਿਕ ਗਤੀਵਿਧੀਆਂ ਨਿਭਾਉਂਦੀਆਂ ਹਨ ਅਹਿਮ ਭੂਮਿਕਾ: ਡਾ. ਜਗਦੀਪ ਸਿੰਘ

**ਪਟਿਆਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 48ਵੀਂ ਸਲਾਨਾ ਸਪੋਰਟਸ ਮੀਟ ਅਤੇ ਅਕਾਦਮਿਕ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਜੇਤੂ ਖਿਡਾਰੀਆਂ ਅਤੇ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਇਨਾਮ ਵੰਡੇ।

ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਬਹੁ-ਪੱਖੀ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਅਤੇ ਹੋਰ ਸਹਿ-ਅਕਾਦਮਿਕ ਗਤੀਵਿਧੀਆਂ ਇਸ ਦਿਸ਼ਾ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਧ-ਚੜ੍ਹ ਕੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਿਰਕਤ ਕਰਨ ਲਈ ਪ੍ਰੇਰਿਆ। ਉਨ੍ਹਾਂ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ । ਉਨ੍ਹਾਂ ਵੱਲੋਂ ਸਾਰੇ ਸਕੂਲ ਦਾ ਦੌਰਾ ਵੀ ਕੀਤਾ ਗਿਆ। ਉਨ੍ਹਾਂ ਇਸ ਮੌਕੇ ਸਕੂਲ ਇੰਚਾਰਜ ਵੱਲੋਂ ਤਿਆਰ ਕੀਤਾ ਗਿਆ ਸਕੂਲ ਕੰਲੈਡਰ ਵੀ ਜਾਰੀ ਕੀਤਾ।

ਸਮਾਗਮ ਦੀ ਸ਼ੁਰੂਆਤ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਅਤੇ ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਸੈਣੀ ਵੱਲੋਂ ਕੀਤੀ ਗਈ।

ਇਨਾਮ ਵੰਡ ਸਮਾਰੋਹ ਮੌਕੇ ਵਿੱਤ ਅਫਸਰ ਡਾ ਬੀ. ਬੀ. ਸਿੰਗਲਾ ਅਤੇ ਅਡੀਸ਼ਨਲ ਪ੍ਰੋਵੋਸਟ (ਲੜਕੀਆਂ) ਡਾ. ਜਗਪ੍ਰੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਸ ਤੋਂ ਇਲਾਵਾ ਡਾਇਰੈਕਟਰ ਐੱਮ. ਐੱਮ. ਟੀ. ਟੀ. ਸੀ. ਡਾ. ਰਮਨ ਮੈਣੀ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਰਗੀਨਾ ਮੈਣੀ ਨੇ ਵੀ ਸ਼ਿਰਕਤ ਕੀਤੀ। ਸਕੂਲ ਇੰਚਾਰਜ ਸ. ਸਤਵੀਰ ਸਿੰਘ ਗਿੱਲ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਸਾਰਾ ਦਿਨ ਟਰੈਕ ਅਤੇ ਫੀਲਡ ਈਵੈਂਟਸ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਭਾਗ ਲਿਆ। ਖਿਡਾਰੀ ਦੁਆਰਾ ਸਹੁੰ ਚੁਕਣ ਦੀ ਰਸਮ ਉਪਰੰਤ ਡੀਨ ਅਕਾਦਮਿਕ ਮਾਮਲੇ ਵੱਲੋਂ ਇਹ ਸਮਾਰੋਹ ਸ਼ੁਰੂ ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਰੰਗ-ਬਿਰੰਗੀਆਂ ਵਰਦੀਆਂ ਵਿੱਚ ਸਜੇ ਵਿਦਿਆਰਥੀਆਂ ਨੇ ਰਵਾਇਤੀ ਮਾਰਚ ਪਾਸਟ ਵਿੱਚ ਹਿੱਸਾ ਲਿਆ। ਇਸ ਤੋਂ ਬਾਅਦ ਪੀ.ਟੀ. ਦੀ ਯਾਦਗਾਰੀ ਪੇਸ਼ਕਾਰੀ ਕੀਤੀ ਗਈ। ਪੀ.ਟੀ.ਏ ਪ੍ਰਧਾਨ ਸ. ਕਸ਼ਮੀਰ ਸਿੰਘ ਅਤੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ। ਸਪੋਰਟਸ ਮੀਟ ਦੇ ਇੰਚਾਰਜ ਸ.ਹਰਪ੍ਰੀਤ ਸਿੰਘ ਅਤੇ ਸ੍ਰੀਮਤੀ ਗੁਰਨਾਮ ਕੌਰ ਵੱਲੋਂ ਵੀ ਸੰਬੋਧਨ ਕੀਤਾ ਗਿਆ।

**ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਜਿੱਤ ਲਈ ਪਿੰਡ ਲੰਗ ਵਿਖੇ ਕਰਵਾਇਆ ਸ਼ੁਕਰਾਨਾ ਸਮਾਗਮ**

# ਸ਼੍ਰੋਮਣੀ ਅਕਾਲੀ ਦਲ ਨੇ ਸ਼ੁਰੂ ਕੀਤੀ 2027 ਦੀਆਂ ਚੋਣਾਂ 'ਚ ਜਿੱਤ ਦੀ ਤਿਆਰੀ: ਅਕਾਲੀ ਆਗੂ



**ਪਟਿਆਲਾ, 1 ਫਰਵਰੀ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਲੰਗ ਵਿਖੇ ਲੰਘੀਆਂ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਜਿੱਤ ਦੀ ਖੁਸ਼ੀ ਵਿਚ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸਰਬੱਤ ਦੇ ਭਲੇ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਗਈ। ਜਿਥੇ ਆਰੰਭ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਪੈਣ ਉਪਰੰਤ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਪਟਿਆਲਾ ਦਿਹਾਤੀ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਇੰਚਾਰਜ ਹਲਕਾ ਘਨੌਰ, ਅਮਲੋਹ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਜਿਲ੍ਹਾ ਪਟਿਆਲਾ ਸ਼ਹਿਰੀ ਪ੍ਰਧਾਨ ਅਮਿਤ ਸਿੰਘ ਰਾਠੀ, ਜਿਲ੍ਹਾ ਦਿਹਾਤੀ ਯੂਥ ਵਿੰਗ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਵਿਸ਼ੇਸ਼ ਤੌਰ 'ਤੇ ਪਹੁੰਚੇ।

ਜਿਥੇ ਜਥੇਦਾਰ ਹਰਬੰਸ ਸਿੰਘ ਲੰਗ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੇ ਜੇਤੂ ਮੈਂਬਰਾਂ ਨੂੰ ਜਿੱਤ ਦੀ ਖੁਸ਼ੀ ਵਿਚ ਸਿਰੋਪਾਓ ਦੇ ਕੇ ਸਨਮਾਨਤ ਕੀਤਾ, ਉਥੇ ਹੀ ਅਕਾਲੀ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਵਿੱਖ ਵਿਚ ਆ ਰਹੀਆਂ 2027 ਦੀਆਂ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਕੇ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣਗੇ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਹੈ, ਜਿਸ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਪਿਆਰ ਹੈ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਸੰਘਰਸ਼ਸ਼ੀਲ ਹੈ। ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦਿਨੋ-ਦਿਨ ਮਜ਼ਬੂਤ ਹੋ ਰਿਹਾ ਹੈ ਅਤੇ ਵਰਕਰਾਂ ਵਿਚ ਜੋਸ਼ ਭਰਿਆ ਹੋਇਆ ਹੈ। ਇਸ ਮੌਕੇ ਜਥੇਦਾਰ ਲਖਵੀਰ ਸਿੰਘ ਲੋਟ, ਸਰਕਲ ਜਥੇਦਾਰ ਜੋਰਾਵਰ ਸਿੰਘ ਲੁਬਾਣਾ ਕਰਮੂ, ਸਰਕਲ ਜਥੇਦਾਰ ਧਰਮਿੰਦਰ ਸਿੰਘ, ਸਤਨਾਮ ਸਿੰਘ ਸਰਪੰਚ ਲਚਕਾਣੀ, ਮਨਪ੍ਰੀਤ ਸਿੰਘ, ਜਰਨੈਲ ਸਿੰਘ, ਜੱਗੀ, ਸਰਕਲ ਜਥੇਦਾਰ ਬੇਅੰਤ ਸਿੰਘ ਤੇ ਗੋਰਾ ਆਦਿ ਹਾਜ਼ਰ ਸਨ।

# ਨੈਸ਼ਨਲ ਟੈਰਿਨ ਬਾਈਕ ਚੈਂਪੀਅਨਸ਼ਿਪ ਲਈ ਪੰਜਾਬ ਟੀਮ ਦੀ ਚੋਣ ਸਬੰਧੀ ਟਰਾਇਲ ਸਫਲਤਾਪੂਰਵਕ ਸੰਪੰਨ



**ਪਟਿਆਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਪੰਜਾਬ ਵਿੱਚ ਸਾਈਕਲਿੰਗ ਖੇਡ ਦੇ ਪ੍ਰਬੰਧਨ ਅਤੇ ਵਿਕਾਸ ਲਈ ਬਣਾਈ ਗਈ ਐਡਹਾਕ ਕਮੇਟੀ ਦੀ ਦੇਖ-ਰੇਖ ਅਤੇ ਦਿਸ਼ਾ-ਨਿਰਦੇਸ਼ ਹੇਠ ਨੈਸ਼ਨਲ ਟੈਰਿਨ ਬਾਈਕ (ਐਮ.ਟੀ.ਬੀ.) ਚੈਂਪਿਅਨਸ਼ਿਪ ਲਈ ਪੰਜਾਬ ਦੀ ਟੀਮ ਦੀ ਚੋਣ ਕਰਨ ਵਾਸਤੇ ਟਰਾਇਲ ਜਾਗੋ-ਅਕਾਲ ਅਕੈਡਮੀ ਰੋਡ, ਪਿੰਡ ਕਲਵਾਂ, ਜੋਤੀ ਸਿਟੀ ਨੇੜੇ ਕਰਵਾਏ ਗਏ। ਇਸ ਦੌਰਾਨ ਲੁਧਿਆਣਾ, ਪਟਿਆਲਾ, ਫਤਹਿਗੜ੍ਹ ਸਾਹਿਬ, ਮੋਹਾਲੀ, ਹੋਸ਼ਿਆਰਪੁਰ, ਸੰਗਰੂਰ, ਬਠਿੰਡਾ, ਅੰਮ੍ਰਿਤਸਰ ਸਮੇਤ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਦੇ 74 ਤੋਂ ਵੱਧ ਸਾਈਕਲਿਸਟਾਂ ਨੇ ਹਿੱਸਾ ਲਿਆ।

ਇਹ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੀ ਸ਼ੈਲੇਂਦਰ ਪਾਠਕ, ਚੇਅਰਮੈਨ, ਐਡ-ਹੌਕ ਕਮੇਟੀ (ਸਾਈਕਲਿੰਗ ਪੰਜਾਬ) ਅਤੇ ਸੰਯੁਕਤ ਸਕੱਤਰ, ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ (ਸੀਐਫਆਈ) ਨੇ ਦੱਸਿਆ ਕਿ ਪ੍ਰੈਜ਼ੀਡੈਂਟ ਕਮਿਸ਼ਨਰ ਪੈਨਲ (ਪੀ.ਸੀ.ਪੀ.) ਡਾ. ਧਰਮਿੰਦਰ ਲਾਂਬਾ ਦੀ ਦੇਖ ਰੇਖ ਵਿੱਚ ਹੋਏ ਟਰਾਇਲਾਂ ਵਿੱਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਵੱਖ ਵੱਖ ਉਮਰ ਵਰਗਾਂ ਦੇ ਲੜਕੇ ਅਤੇ ਲੜਕੀਆਂ ਦੀ ਵੱਡੀ ਗਿਣਤੀ ਨੇ ਉਤਸ਼ਾਹ ਨਾਲ ਭਾਗ ਲਿਆ। ਟਰਾਇਲਾਂ ਦੌਰਾਨ ਖਿਡਾਰੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਟਾਇਮ ਟਰਾਇਲ ਦੇ ਆਧਾਰ 'ਤੇ ਕੀਤਾ ਗਿਆ।

ਕਰਵਾਏ ਟਰਾਇਲਾਂ ਵਿੱਚ ਮੈਨ ਅਲੀਟ ਵਰਗ ਵਿੱਚ ਲੁਧਿਆਣਾ ਦੇ ਮੁਹੰਮਦ ਨਸੀਰੂ ਨੇ ਪਹਿਲਾ ਸਥਾਨ, ਮੈਨ ਅੰਡਰ 23 ਵਿੱਚ ਪਹਿਲਾ ਸਥਾਨ ਪਟਿਆਲਾ ਦੇ ਯੁਵਰਾਜ ਸਿੰਘ, ਲੁਧਿਆਣਾ ਦੇ ਅਮਿਤ ਸਿੰਘ ਨੇ ਦੂਜਾ ਅਤੇ ਅੰਮ੍ਰਿਤਸਰ ਦੇ ਜਸਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਮੈਨ ਜੂਨੀਅਰ ਵਰਗ ਵਿੱਚ ਪਹਿਲਾ ਸਥਾਨ ਲੁਧਿਆਣਾ ਦੇ ਸੋਹੇਲ ਅਹਿਮਦ, ਦੂਜਾ ਸਥਾਨ ਮੋਹਾਲੀ ਦੇ ਅਭੈ ਪਰਤਾਪ ਸਿੰਘ ਅਤੇ ਤੀਜਾ ਸਥਾਨ ਪਟਿਆਲਾ ਦੇ ਕਰਮਨਪ੍ਰੀਤ ਸਿੰਘ ਨੇ ਹਾਸਲ ਕੀਤਾ।

ਮਹਿਲਾ ਅਲੀਟ ਵਿੱਚ ਮੋਹਾਲੀ ਦੀ ਦਮਨਦੀਪ ਕੌਰ ਅਤੇ ਦੂਜਾ ਸਥਾਨ ਅੰਮ੍ਰਿਤਸਰ ਦੀ ਮਨਰੋਜ਼ਦੀਪ ਕੌਰ ਪੰਨੂ ਨੇ ਦੂਜਾ ਸਥਾਨ ਹਾਸਲ ਕੀਤਾ। ਵਿਮੈਨ ਜੂਨੀਅਰ ਵਰਗ ਵਿੱਚ ਲੁਧਿਆਣਾ ਦੀ ਅੰਕਿਤਾ ਨੇ ਪਹਿਲਾ ਅਤੇ ਲੁਧਿਆਣਾ ਦੀ ਬਲਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ।

ਯੂਥ ਬੋਆਇਜ਼ ਵਰਗ ਵਿੱਚ ਅੰਮ੍ਰਿਤਸਰ ਦੇ ਵਿਸ਼ਵਜੀਤ ਸਿੰਘ ਪੰਨੂ ਨੇ ਪਹਿਲਾ, ਲੁਧਿਆਣਾ ਦੇ ਪ੍ਰੀਆਂਸ਼ੂ ਮੌਰਿਆ ਨੇ ਦੂਜਾ ਅਤੇ ਸੰਗਰੂਰ ਦੇ ਪ੍ਰਭਜੋਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਸਬ ਜੂਨੀਅਰ ਲੜਕੇ ਵਰਗ ਵਿੱਚ ਪਟਿਆਲਾ ਦੇ ਏਕਮਜੀਤ ਸਿੰਘ ਸ਼ਾਹੀ ਨੇ ਪਹਿਲਾ, ਪਟਿਆਲਾ ਦੇ ਗੁਰਤਰਨ ਸਿੰਘ ਨੇ ਦੂਜਾ ਅਤੇ ਬਠਿੰਡਾ ਦੇ ਸੁਮੇਰ ਨੇ ਤੀਜਾ ਸਥਾਨ ਹਾਸਲ ਕੀਤਾ।

ਸਬ ਜੂਨੀਅਰ ਲੜਕੀਆਂ ਉਮਰ ਵਰਗ ਵਿੱਚ ਲੁਧਿਆਣਾ ਦੀ ਅਨਸ਼ਿਕਾ ਨੇ ਪਹਿਲਾ, ਲੁਧਿਆਣਾ ਦੀ ਪ੍ਰੀਤੀ ਨੇ ਦੂਜਾ ਅਤੇ ਲੁਧਿਆਣਾ ਦੀ ਹੀ ਨੇਹਾ ਕੁਮਾਰੀ ਨੇ ਤੀਜਾ ਸਥਾਨ ਹਾਸਲ ਕੀਤਾ।

ਐਡਹਾਕ ਕਮੇਟੀ ਦੇ ਮੈਂਬਰਾਂ ਅਤੇ ਤਜਰਬੇਕਾਰ ਕੋਚਾਂ ਵੱਲੋਂ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਟਰਾਇਲ ਪ੍ਰਕਿਰਿਆ ਸੰਪੰਨ ਕੀਤੀ ਗਈ। ਟਰਾਇਲਾਂ ਦੌਰਾਨ ਸੁਰੱਖਿਆ ਮਾਪਦੰਡਾਂ ਦੀ ਪੂਰੀ ਪਾਲਣਾ ਕੀਤੀ ਗਈ ਅਤੇ ਖਿਡਾਰੀਆਂ ਲਈ ਜ਼ਰੂਰੀ ਪ੍ਰਬੰਧ ਯਕੀਨੀ ਬਣਾਏ ਗਏ।

ਐਡਹਾਕ ਕਮੇਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਦਾ ਮੁੱਖ ਉਦੇਸ਼ ਪੰਜਾਬ ਦੇ ਪ੍ਰਤਿਭਾਸ਼ਾਲੀ ਸਾਈਕਲਿੰਗ ਖਿਡਾਰੀਆਂ ਦੀ ਪਹਿਚਾਣ ਕਰਨਾ ਅਤੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਆਪਣੀ ਕਾਬਲੀਅਤ ਦਰਸਾਉਣ ਲਈ ਮੌਕਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਟੀਮ ਨੂੰ ਆਉਣ ਵਾਲੀ ਨੈਸ਼ਨਲ ਮਾਊਂਟੇਨ ਟੈਰਿਨ ਬਾਈਕ ਚੈਂਪਿਅਨਸ਼ਿਪ ਵਿੱਚ ਮਜ਼ਬੂਤ ਦਾਅਵੇਦਾਰ ਬਣਾਉਣ ਲਈ ਚੁਣੇ ਗਏ ਖਿਡਾਰੀਆਂ ਨੂੰ ਅੱਗੇ ਹੋਰ ਤਿਆਰੀ ਅਤੇ ਮਾਰਗਦਰਸ਼ਨ ਦਿੱਤਾ ਜਾਵੇਗਾ।

ਐਡਹਾਕ ਕਮੇਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ, ਸਾਰੇ ਭਾਗੀਦਾਰ ਖਿਡਾਰੀਆਂ, ਕੋਚਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬੇ ਵਿੱਚ ਸਾਈਕਲਿੰਗ ਖੇਡ ਨੂੰ ਹੋਰ ਉਚਾਈਆਂ 'ਤੇ ਲਿਜਾਣ ਲਈ ਇਸ ਤਰ੍ਹਾਂ ਦੇ ਉਪਰਾਲੇ ਲਗਾਤਾਰ ਜਾਰੀ ਰਹਿਣਗੇ।

ਇਸ ਮੌਕੇ ਇੰਸਪੈਕਟਰ ਬਲਵਿੰਦਰ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਐਡਹਾਕ ਕਮੇਟੀ ਦੇ ਮੈਂਬਰ ਮਨੀਸ਼ ਸਾਹਨੀ, ਤਕਨੀਕੀ ਅਧਿਕਾਰੀ ਰਾਜਵਿੰਦਰ ਕੌਰ, ਸ਼ਰੇਨੂ, ਸੰਦੀਪ ਕੌਰ, ਭੁਪਿੰਦਰ ਸਿੰਘ ਸਮੇਤ ਸਾਰੇ ਜ਼ਿਲ੍ਹਿਆਂ ਦੇ ਖਿਡਾਰੀ, ਕੋਚ ਸਾਹਿਬਾਨ, ਖਿਡਾਰੀਆਂ ਦੇ ਮਾਤਾ ਪਿਤਾ ਅਤੇ ਦਰਸ਼ਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਰਕਾਰੀ ਮੈਡੀਕਲ ਕਾਲਜਾਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਪ੍ਰਸਤਾਵਿਤ ਪੰਜ ਨਵੀਆਂ ਕੈਥ ਲੈਬਾਂ



**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿਹਤ ਅਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਇੱਕ ਵਿਭਾਗੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ ਕਿ ਹਰਿਆਣਾ ਦਾ ਸਿਹਤ ਬੁਨਿਆਦੀ ਢਾਂਚਾ ਤੇਜ਼ੀ ਨਾਲ ਫੈਲ ਰਿਹਾ ਹੈ, ਵਿਭਾਗ ਨੇ ਪੂੰਜੀ ਖਰਚ ਦਾ 91 ਪ੍ਰਤੀਸ਼ਤ ਤੋਂ ਵੱਧ ਵਰਤੋਂ ਕੀਤੀ ਹੈ, ਅਤੇ ਰਾਜ ਭਰ ਵਿੱਚ ਸੱਤ ਨਵੇਂ ਮੈਡੀਕਲ ਕਾਲਜਾਂ 'ਤੇ ਕੰਮ ਚੱਲ ਰਿਹਾ ਹੈ।

ਵਿੱਤੀ ਸਾਲ 2025-26 ਦੀ ਸਮੀਖਿਆ ਵਿੱਚ ਉਤਸ਼ਾਹਜਨਕ ਰੁਝਾਨਾਂ ਦਾ ਖੁਲਾਸਾ ਹੋਇਆ ਹੈ, ਖਾਸ ਕਰਕੇ ਪੂੰਜੀ ਖਰਚ ਦੇ ਅਧੀਨ। ?951.51 ਕਰੋੜ ਦੀ ਕੁੱਲ ਵੰਡ ਦੇ ਵਿਰੁੱਧ, ?866.96 ਕਰੋੜ ਦੀ ਵਰਤੋਂ ਕੀਤੀ ਗਈ ਹੈ, ਜੋ ਕਿ 91 ਪ੍ਰਤੀਸ਼ਤ ਦੀ ਪ੍ਰਭਾਵਸ਼ਾਲੀ ਵਰਤੋਂ ਦਰ ਪ੍ਰਾਪਤ ਕਰਦੀ ਹੈ। ਇਹ ਪ੍ਰਾਪਤੀ ਕੁਸ਼ਲ ਪ੍ਰੋਜੈਕਟ ਐਗਜ਼ੀਕਿਊਸ਼ਨ, ਸੁਵਿਧਾ ਵਿੱਤੀ ਪ੍ਰਬੰਧਨ ਅਤੇ ਮਜ਼ਬੂਤ ਅੰਤਰ-ਵਿਭਾਗੀ ਤਾਲਮੇਲ ਨੂੰ ਦਰਸਾਉਂਦੀ ਹੈ। ਇਸ ਦੌਰਾਨ, ਰਾਜ ਭਰ ਵਿੱਚ ਸਿਹਤ ਸੇਵਾਵਾਂ ਦੀ ਨਿਰਵਿਘਨ ਸਪੁਰਦਗੀ ਨੂੰ ਯਕੀਨੀ ਬਣਾਉਣ ਲਈ ਮਾਲੀਆ ਸਿਰ ਦੇ ਤਹਿਤ ਲਗਭਗ ?1,173.05 ਕਰੋੜ ਖਰਚ ਕੀਤੇ ਗਏ ਹਨ।

ਵਧੀਕ ਮੁੱਖ ਸਕੱਤਰ ਨੇ ਜੀਂਦ, ਕੈਥਲ, ਯਮੁਨਾਨਗਰ, ਸਿਰਸਾ, ਸੋਨੀਪਤ (ਖਾਨਪੁਰ ਕਲਾਂ) ਅਤੇ ਕਰਨਾਲ ਵਿੱਚ ਨਿਰਮਾਣ ਅਧੀਨ ਛੇ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੇ ਨਾਲ-ਨਾਲ ਕਰਨਾਲ ਦੇ ਕੁਟੇਲ ਵਿੱਚ ਪ੍ਰਸਤਾਵਿਤ ਸਿਹਤ ਵਿਗਿਆਨ ਯੂਨੀਵਰਸਿਟੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਅਧਿਕਾਰੀਆਂ ਨੂੰ ਨਿਰਮਾਣ ਕਾਰਜਾਂ ਨੂੰ ਤੇਜ਼ ਕਰਨ ਅਤੇ ਸੰਸਥਾਵਾਂ ਦੇ ਜਲਦੀ ਸੰਚਾਲਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਇਹ ਸੰਸਥਾਵਾਂ ਰਾਜ ਵਿੱਚ ਸਿਖਲਾਈ ਪ੍ਰਾਪਤ ਮੈਡੀਕਲ ਪੇਸ਼ੇਵਰਾਂ ਦੀ ਉਪਲਬਧਤਾ ਵਧਾਉਣ ਅਤੇ ਹਰ ਖੇਤਰ ਲਈ ਮਿਆਰੀ ਡਾਕਟਰੀ ਸਿੱਖਿਆ ਨੂੰ ਪਹੁੰਚਯੋਗ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।

ਮੀਟਿੰਗ ਵਿੱਚ ਰਾਜ ਦੀਆਂ ਪ੍ਰਮੁੱਖ ਮੁਫ਼ਤ ਇਲਾਜ ਯੋਜਨਾਵਾਂ ਦੇ ਤਹਿਤ ਕਲੀਨਿਕਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਵੀ ਚਰਚਾ ਕੀਤੀ ਗਈ। ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣ ਲਈ ਸਰਕਾਰੀ ਮੈਡੀਕਲ ਕਾਲਜਾਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਪੰਜ ਨਵੀਆਂ ਕੈਥ ਲੈਬਾਂ ਸਥਾਪਤ ਕਰਨ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ, ਰਾਜ ਦੀਆਂ ਡਾਇਗਨੌਸਟਿਕ ਸਮਰੱਥਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਵਰਤਮਾਨ ਵਿੱਚ, 10 ਵਾਧੂ ਐਮਆਰਆਈ ਯੂਨਿਟਾਂ ਲਈ ਟੈਂਡਰ ਪ੍ਰਕਿਰਿਆ ਪੂਰੀ ਹੋ ਗਈ ਹੈ, ਅਤੇ ਐਮਆਰਆਈ ਸੇਵਾਵਾਂ ਜਲਦੀ ਹੀ ਰਾਜ ਭਰ ਦੇ ਸਾਰੇ 23 ਜ਼ਿਲ੍ਹਾ ਹਸਪਤਾਲਾਂ ਵਿੱਚ ਉਪਲਬਧ ਕਰਵਾਈਆਂ ਜਾਣਗੀਆਂ, ਜਿਸ ਨਾਲ ਉੱਨਤ ਡਾਇਗਨੌਸਟਿਕ ਸਹੂਲਤਾਂ ਤੱਕ ਬਰਾਬਰ ਪਹੁੰਚ ਯਕੀਨੀ ਬਣਾਈ ਜਾ ਸਕੇਗੀ।

ਹਰਿਆਣਾ ਨੇ 22 ਜ਼ਿਲ੍ਹਿਆਂ ਵਿੱਚ ਸਾਰੇ ਨਾਗਰਿਕਾਂ ਨੂੰ ਮੁਫ਼ਤ ਡਾਇਲਸਿਸ ਸੇਵਾਵਾਂ ਪ੍ਰਦਾਨ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ ਹੈ, ਜਿਸ ਨਾਲ ਗੁਰਦੇ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ 'ਤੇ ਵਿੱਤੀ ਬੋਝ ਕਾਫ਼ੀ ਘੱਟ ਹੋਇਆ ਹੈ। ਇਸ ਤੋਂ ਇਲਾਵਾ, ਚੁਣੇ ਹੋਏ ਸਬ-ਡਿਵੀਜ਼ਨਲ ਹਸਪਤਾਲਾਂ ਵਿੱਚ ਡਾਇਲਸਿਸ ਸੇਵਾਵਾਂ ਦਾ ਵਿਸਤਾਰ ਕਰਨ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ।

ਇਸ ਤੋਂ ਇਲਾਵਾ, ਰਾਜ ਵਿੱਚ 17 ਸੀਟੀ ਸਕੈਨ ਸਹੂਲਤਾਂ ਕਾਰਜਸ਼ੀਲ ਹਨ, ਜਦੋਂ ਕਿ ਚਾਰ ਵਾਧੂ ਸੀਟੀ ਸਕੈਨ ਮਸ਼ੀਨਾਂ ਲਈ ਟੈਂਡਰ ਪ੍ਰਕਿਰਿਆ ਅੰਤਿਮ ਪੜਾਵਾਂ ਵਿੱਚ ਹੈ। ਤੀਜੇ ਦਰਜੇ ਦੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ, ਅੰਬਾਲਾ ਕੈਂਟ ਵਿੱਚ ਅਟਲ ਕੈਂਸਰ ਕੇਅਰ ਸੈਂਟਰ (ਏਸੀਸੀਸੀ) ਨੂੰ ਉੱਨਤ ਕੈਂਸਰ ਇਲਾਜ ਸੇਵਾਵਾਂ ਪ੍ਰਦਾਨ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਪੀਈਟੀ ਸਕੈਨ ਅਤੇ ਐਸਪੀਈਸੀਟੀ ਸਹੂਲਤਾਂ ਦੀ ਸਥਾਪਨਾ ਲਈ ਵੀ ਟੈਂਡਰ ਮੰਗੇ ਗਏ ਹਨ। ਇਹ ਪਹਿਲਕਦਮੀਆਂ ਮਹੱਤਵਪੂਰਨ ਅਤੇ ਤੀਜੇ ਦਰਜੇ ਦੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਹਰਿਆਣਾ ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

# ਦੁਕਾਨ ਵਿਚੋਂ ਗਹਿਣੇ ਤੇ ਨਗਦੀ ਚੋਰੀ

**ਡੱਬਵਾਲੀ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਗੋਲ ਬਾਜ਼ਾਰ ਵਿਚ ਸਥਿਤ ਚੌਧਰੀ ਦੇਵੀ ਲਾਲ ਮਾਰਕੀਟ ਵਿੱਚ ਚੋਰਾਂ ਨੇ ਰਾਜਵੀਰ ਜਵੈਲਰਜ਼ ਨੂੰ ਨਿਸ਼ਾਨਾ ਬਣਾਉਂਦਿਆਂ ਲੱਖਾਂ ਰੁਪਏ ਦੇ ਸੋਨੇ ਤੇ ਚਾਂਦੀ ਦੇ ਗਹਿਣੇ ਅਤੇ ਨਗਦੀ ਚੋਰੀ ਕਰ ਲਏ।



ਵਾਰਦਾਤ ਨੂੰ ਸ਼ਟਰ ਤੋੜ ਕੇ ਅੰਜਾਮ ਦਿੱਤਾ ਗਿਆ। ਇਹ ਦੁਕਾਨ ਗੋਲ ਬਾਜ਼ਾਰ ਚੌਕੀ ਤੋਂ ਕਰੀਬ 300 ਮੀਟਰ ਦੀ ਦੂਰੀ 'ਤੇ ਸਥਿਤ ਹੈ। ਪੁਲੀਸ ਮੁਤਾਬਕ ਸਵੇਰੇ 4 ਵਜੇ ਤੱਕ ਪੁਲਿਸ ਟੀਮ ਗਸ਼ਤ 'ਤੇ ਸੀ, ਅਜਿਹੇ ਵਿੱਚ ਸੰਭਾਵਨਾ ਹੈ ਕਿ ਵਾਰਦਾਤ ਇਸ ਤੋਂ ਬਾਅਦ ਅੰਜਾਮ ਦਿੱਤੀ ਗਈ ਹੋਵੇ।

ਘਟਨਾ ਦਾ ਖੁਲਾਸਾ ਅੱਜ ਸਵੇਰੇ ਉਸ ਵੇਲੇ ਹੋਇਆ, ਜਦੋਂ ਬਾਜ਼ਾਰ ਵਿੱਚ ਲੋਕਾਂ ਦੀ ਆਵਾਜਾਈ ਸ਼ੁਰੂ ਹੋਈ ਅਤੇ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਨਜ਼ਰ ਆਇਆ। ਸੂਚਨਾ ਮਿਲਦੇ ਹੀ ਗੋਲ ਬਾਜ਼ਾਰ ਚੌਕੀ ਪੁਲੀਸ ਮੌਕੇ 'ਤੇ ਪੁੱਜੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ।

ਰਾਜਵੀਰ ਜਵੈਲਰਜ਼ ਦੇ ਮਾਲਕ ਰਾਜਿੰਦਰ ਸੋਨੀ ਵਾਸੀ ਖੂਈਆਂ ਮਲਕਾਣਾ ਨੇ ਦੱਸਿਆ ਕਿ ਚੋਰ ਸੱਬਲ ਆਦਿ ਨਾਲ ਸ਼ਟਰ ਨੂੰ ਇਕ ਪਾਸੇ ਤੋਂ ਉਖਾੜ ਕੇ ਦੁਕਾਨ ਵਿੱਚ ਦਾਖਲ ਹੋਏ ਅਤੇ ਡਿਸਪਲੇਅ ਕਾਊਂਟਰ ਵਿੱਚ ਰੱਖੇ ਕਰੀਬ 2 ਕਿਲੋ ਚਾਂਦੀ ਦੇ ਗਹਿਣੇ, ਕਰੀਬ 6-7 ਗ੍ਰਾਮ ਸੋਨੇ ਦੇ ਕੋਕੇ, ਲਾਕੇਟ ਤੇ ਨੱਥ ਅਤੇ ਕਰੀਬ 10-12 ਹਜ਼ਾਰ ਰੁਪਏ ਨਗਦ ਚੋਰੀ ਕਰਕੇ ਲੈ ਗਏ। ਸ਼ੁਰੂਆਤੀ ਅਨੁਮਾਨ ਅਨੁਸਾਰ ਇਸ ਵਾਰਦਾਤ ਵਿੱਚ 9 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

ਦੂਜੇ ਪਾਸੇ ਗੋਲ ਬਾਜ਼ਾਰ ਚੌਕੀ ਦੇ ਮੁਖੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਸਵੇਰੇ ਕਰੀਬ 4 ਵਜੇ ਤੱਕ ਪੁਲਿਸ ਗਸ਼ਤ ਜਾਰੀ ਸੀ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿੱਚ ਕਿਹੜੇ ਵੀ ਸੀਸੀਟੀਵੀ ਕੈਮਰੇ ਨਹੀਂ ਲੱਗੇ ਹੋਏ, ਜਿਸ ਕਾਰਨ ਜਾਂਚ ਵਿੱਚ ਮੁਸ਼ਕਲ ਆ ਰਹੀ ਹੈ। ਫਿਲਹਾਲ ਚੋਰਾਂ ਦਾ ਸੁਰਾਗ ਲਗਾਉਣ ਲਈ ਕੋਸ਼ਿਸ਼ਾਂ ਜਾਰੀ ਹਨ।

# ਪੰਜਾਬ ਦੇ ਨਿਵਾਸੀਆਂ ਵਾਸਤੇ ਚੰਡੀਗੜ੍ਹ ਨੂੰ ਹਥਿਆਰ ਲਾਇਸੈਂਸ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਕਰਨ ਲਈ ਸਪੀਕਰ ਨੇ ਅਮਿਤ ਸ਼ਾਹ ਨੂੰ ਲਿਖਿਆ ਅਰਧ ਸਰਕਾਰੀ ਪੱਤਰ

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਇੱਕ ਅਰਧ-ਸਰਕਾਰੀ ਪੱਤਰ ਲਿਖ ਕੇ ਚੰਡੀਗੜ੍ਹ ਨੂੰ ਪੰਜਾਬ ਦੇ ਨਿਵਾਸੀਆਂ ਲਈ ਹਥਿਆਰ ਲਾਇਸੈਂਸ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਨੇ ਅਸਲਾ ਐਕਟ ਤਹਿਤ ਕੁਝ ਸੋਧਾਂ ਦੀ ਲੋੜ 'ਤੇ ਜ਼ੋਰ ਦਿੱਤਾ। ਦੱਸਣਯੋਗ ਹੈ ਕਿ ਮੌਜੂਦਾ ਨਿਯਮਾਂ ਅਨੁਸਾਰ ਪੰਜਾਬ ਦੇ ਨਿਵਾਸੀਆਂ ਨੂੰ ਚੰਡੀਗੜ੍ਹ ਵਿੱਚ ਲਾਇਸੈਂਸਸ਼ੁਦਾ ਹਥਿਆਰ ਰੱਖਣ ਲਈ ਵੱਖਰੇ ਤੌਰ 'ਤੇ ਇਜਾਜ਼ਤ ਲਈ ਅਰਜ਼ੀ ਦੇਣੀ ਪੈਂਦੀ ਹੈ, ਜਿਸ ਕਰਕੇ ਉਨ੍ਹਾਂ ਨੂੰ ਬੇਲੋੜੀ ਦੇਰੀ ਅਤੇ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਲਿਖਿਆ ਕਿ ਜਦੋਂ ਪੰਜਾਬ ਦੇ ਨਿਵਾਸੀ ਹਥਿਆਰ ਦੇ ਲਾਇਸੈਂਸ ਲਈ ਅਰਜ਼ੀ ਦਿੰਦੇ ਹਨ ਤਾਂ ਇਸ ਵਿੱਚ ਅਧਿਕਾਰ ਖੇਤਰ ਸਿਰਫ਼ ਪੰਜਾਬ ਰਾਜ ਤੱਕ ਸੀਮਿਤ ਹੁੰਦਾ ਹੈ।

ਉਨ੍ਹਾਂ ਅੱਗੇ ਲਿਖਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੋਣ ਕਰਕੇ ਇਹ ਸੂਬੇ ਦਾ ਪ੍ਰਸ਼ਾਸਕੀ ਕੇਂਦਰ ਹੈ। ਪੰਜਾਬ ਦੇ ਬਹੁਤੇ ਨਿਵਾਸੀ ਚੰਡੀਗੜ੍ਹ ਵਿੱਚ ਰਹਿੰਦੇ ਹਨ ਅਤੇ ਅਕਸਰ ਸਰਕਾਰੀ ਅਤੇ ਨਿੱਜੀ ਕੰਮਾਂ ਦੇ ਸਬੰਧ ਵਿੱਚ ਚੰਡੀਗੜ੍ਹ ਆਉਂਦੇ-ਜਾਂਦੇ ਰਹਿੰਦੇ ਹਨ। ਉਨ੍ਹਾਂ ਅੱਗੇ ਲਿਖਿਆ ਕਿ ਇਸ ਲਈ ਜਦੋਂ ਪੰਜਾਬ ਦੇ ਨਿਵਾਸੀਆਂ ਨੂੰ ਹਥਿਆਰ ਦਾ ਲਾਇਸੈਂਸ ਜਾਰੀ ਕੀਤਾ ਜਾਂਦਾ ਹੈ ਤਾਂ ਚੰਡੀਗੜ੍ਹ ਨੂੰ ਵੀ ਇਸਦੇ ਅਧਿਕਾਰ ਖੇਤਰ ਵਿੱਚ ਖੁਦ-ਬ-ਖੁਦ ਸ਼ਾਮਲ ਕਰਨਾ ਪੂਰੀ ਤਰ੍ਹਾਂ ਤਰਕਸੰਗਤ ਅਤੇ ਵਿਹਾਰਕ ਹੋਵੇਗਾ।ਉਨ੍ਹਾਂ ਨੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਹ ਸਬੰਧਤ ਨਿਯਮਾਂ/ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਲਈ ਸਬੰਧਤ ਅਧਿਕਾਰੀਆਂ ਨੂੰ ਬਣਦੇ ਦਿਸ਼ਾ-ਨਿਰਦੇਸ਼ ਜਾਰੀ ਕਰਨਾ ਯਕੀਨੀ ਬਣਾਉਣ।

# ਮੁਲਾਜ਼ਮਾਂ ਨੂੰ ਬਿਮਾਰੀਆਂ ਬਾਰੇ ਜਾਗਰੂਕ ਕਰਨ ਲਈ ਆਯੂਸ਼ ਮੈਡੀਕਲ ਕੈਂਪ ਲਗਾਇਆ



**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਵਿਚ ਬਿਮਾਰੀਆਂ ਦੀ ਰੋਕਥਾਮ ਦੇ ਉਦੇਸ਼ ਨਾਲ, ਆਯੁਰਵੈਦਿਕ ਵਿਭਾਗ ਵੱਲੋਂ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਆਯੁਰਵੈਦਿਕ ਖੁਰਾਕ ਅਤੇ ਯੋਗਾ ਬਾਰੇ ਇੱਕ ਆਯੁਸ਼ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਹਤ ਵਿਭਾਗ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਸ੍ਰੀ ਕੁਮਾਰ ਰਾਹੁਲ, ਆਈਏਐਸ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਤੋਂ ਇਲਾਵਾ ਇਸ ਮੌਕੇ, ਸਕੱਤਰ ਪ੍ਰਸੋਨਲ ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ ਆਈਏਐਸ, ਸਕੱਤਰ ਆਮ ਪ੍ਰਬੰਧਕੀ ਵਿਭਾਗ ਸ੍ਰੀਮਤੀ ਗੌਰੀ ਪਰਾਸ਼ਰ ਜੋਸ਼ੀ ਆਈਏਐਸ, ਵਿਸ਼ੇਸ਼ ਸਕੱਤਰ ਪ੍ਰਸੋਨਲ ਸ. ਉਪਕਾਰ ਸਿੰਘ ਆਈਏਐਸ, ਵਧੀਕ ਸਕੱਤਰ ਪ੍ਰਸੋਨਲ ਸ੍ਰੀ ਗੌਤਮ ਜੈਨ ਆਈਏਐਸ, ਜੁਆਇੰਟ ਸਕੱਤਰ ਆਮ ਪ੍ਰਬੰਧਕੀ ਵਿਭਾਗ ਸ੍ਰੀ ਤੇਜਦੀਪ ਸਿੰਘ ਸੈਣੀ, ਡਾਇਰੈਕਟਰ ਆਯੁਰਵੈਦ ਡਾ. ਰਮਨ ਖੰਨਾ, ਰਜਿਸਟਰਾਰ ਡਾ. ਸੰਜੀਵ ਗੋਇਲ ਅਤੇ ਜ਼ਿਲ੍ਹਾ ਆਯੁਰਵੈਦਿਕ ਯੂਨਾਨੀ ਅਫਸਰ ਮੋਹਾਲੀ ਡਾ. ਜੋਤੀ ਬੱਬਰ ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਕੈਂਪ ਇੰਚਾਰਜ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਅਮਨਪ੍ਰੀਤ ਕੌਰ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਰਾਜੀਵ ਮਹਿਤਾ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਸੋਨੀਆ ਸਿੰਗਲਾ, ਡਿਪਟੀ ਵੈਦ ਸ੍ਰੀ ਗੁਰਦੀਪ ਸਿੰਘ, ਡਿਪਟੀ ਵੈਦ ਸ੍ਰੀਮਤੀ ਗੁਰਪ੍ਰੀਤ ਕੌਰ, ਯੋਗਾ ਇੰਸਟ੍ਰਕਟਰ ਸ੍ਰੀਮਤੀ ਜਸਵੀਰ ਕੌਰ, ਸ੍ਰੀਮਤੀ ਇੰਦੂ ਬਾਲਾ, ਐਚਐਮਓ ਸ੍ਰੀ ਰਾਜੇਸ਼ ਕੁਮਾਰ ਅਤੇ ਡਾ. ਵਿਨੋਦ ਕੁਮਾਰ, ਐਚਐਮਓ ਡਾ. ਯੁਵਿਕਾ, ਫਾਰਮਾਸਿਸਟ ਸ਼੍ਰੀਮਤੀ ਕਵਿਤਾ ਅਤੇ ਗੁਲਸ਼ਨ ਕੁਮਾਰ ਨੇ ਕਰਮਚਾਰੀਆਂ ਨੂੰ ਸਿਹਤ ਸਬੰਧੀ ਮੁਫਤ ਸਲਾਹ ਅਤੇ ਦਵਾਈਆਂ ਪ੍ਰਦਾਨ ਕੀਤੀਆਂ। ਇਸ ਮੌਕੇ ਕਰਮਚਾਰੀਆਂ ਨੂੰ ਜੀਵਨ ਸ਼ੈਲੀ ਨਾਲ ਸਬੰਧਤ ਬਿਮਾਰੀਆਂ ਤੋਂ ਬਚਾਅ ਬਾਰੇ ਵੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਕਰਮਚਾਰੀਆਂ ਨੂੰ ਫਾਸਟ ਫੂਡ ਅਤੇ ਸਟ੍ਰੀਟ ਫੂਡ ਦੇ ਸੇਵਨ ਕਾਰਨ ਸਾਡੇ ਸਰੀਰ ਦੇ ਮਹੱਤਵਪੂਰਨ ਅੰਗ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਕਰਮਚਾਰੀਆਂ ਨੂੰ ਮੁਫਤ ਆਯੁਰਵੈਦਿਕ ਅਤੇ ਹੋਮਿਓਪੈਥਿਕ ਦਵਾਈਆਂ ਵੰਡੀਆਂ ਗਈਆਂ।

ਇਸ ਮੌਕੇ ਖੰਘ, ਬਲੱਡ ਪ੍ਰੈਸ਼ਰ, ਸ਼ੂਗਰ, ਚਮੜੀ ਰੋਗ, ਜੋੜਾਂ ਦੇ ਰੋਗ, ਇਸਤਰੀ ਰੋਗ, ਹਾਰਮੋਨਲ ਅਸੰਤੁਲਨ ਨਾਲ ਸਬੰਧਤ ਰੋਗ, ਮਾਨਸਿਕ ਰੋਗ, ਲੰਬੇ ਸਮੇਂ ਦੀਆਂ ਬਿਮਾਰੀਆਂ ਲਈ ਮੁਫ਼ਤ ਸਲਾਹ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਆਯੁਰਵੈਦਿਕ ਡਾਕਟਰਾਂ ਵੱਲੋਂ 405 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਅਤੇ 350 ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

# ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਚੱਲ ਰਹੇ ਨਾਰਕੋ-ਅੱਤਵਾਦ ਨੈੱਟਵਰਕ ਦਾ ਪਰਦਾਫਾਸ਼

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਵਿਲੇਜ ਡਿਫੈਂਸ ਕਮੇਟੀ (ਵੀਡੀਸੀ) ਦੇ ਸਹਿਯੋਗ ਨਾਲ 42.9 ਕਿਲੋਗ੍ਰਾਮ ਹੈਰੋਇਨ, ਚਾਰ ਹੈਂਡ ਗ੍ਰਨੇਡ ਅਤੇ ਇੱਕ ਸਟਾਰ-ਮਾਰਕ ਪਿਸਤੌਲ ਸਮੇਤ 46 ਜ਼ਿੰਦਾ ਕਾਰਤੂਸ ਬਰਾਮਦ ਕਰਕੇ ਸਰਹੱਦ ਪਾਰੋਂ ਨਾਰਕੋ-ਅੱਤਵਾਦ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ।



ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਆਪਰੇਸ਼ਨ ਵੀਡੀਸੀਜ਼ - ਪੰਜਾਬ ਸਰਕਾਰ ਦੀ ਪ੍ਰਮੁੱਖ ਪਹਿਲਕਦਮੀ ਜਿਸਦਾ ਉਦੇਸ਼ ਅੰਦਰੂਨੀ ਸੁਰੱਖਿਆ ਅਤੇ ਨਸ਼ਾ ਵਿਰੋਧੀ ਯਤਨਾਂ ਵਿੱਚ ਭਾਈਚਾਰਕ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਹੈ, ਜ਼ਰੀਏ ਪ੍ਰਾਪਤ ਕਾਰਵਾਈਯੋਗ ਅਤੇ ਭਰੋਸੇਯੋਗ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਚਲਾਇਆ ਗਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥ, ਹਥਿਆਰ ਅਤੇ ਵਿਸਫੋਟਕ ਸਮੱਗਰੀ ਅੰਤਰਰਾਸ਼ਟਰੀ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀ ਗਈ ਸੀ, ਜਿਸ ਨਾਲ ਇਸ ਖੇਪ ਵਿੱਚ ਸੰਗਠਿਤ ਸਰਹੱਦ ਪਾਰੋਂ ਨਾਰਕੋ-ਅੱਤਵਾਦ ਨੈੱਟਵਰਕ ਦੀ ਸ਼ਮੂਲੀਅਤ ਦਾ ਪਤਾ ਲਗਦਾ ਹੈ।

ਡੀਜੀਪੀ ਨੇ ਦੱਸਿਆ ਕਿ ਇਸ ਉਪਰੰਤ ਜਾਂਚ ਦੌਰਾਨ ਅੰਮ੍ਰਿਤਸਰ ਦੇ ਰਹਿਣ ਵਾਲੇ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਫਰਾਰ ਮੁਲਜ਼ਮਾਂ ਨੂੰ ਟਰੇਸ ਕਰਨ, ਬਰਾਮਦਗੀ ਸਬੰਧੀ ਲੜੀ ਦਾ ਪਤਾ ਲਗਾਉਣ ਅਤੇ ਵਿਆਪਕ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਵੀਡੀਸੀ ਨੈੱਟਵਰਕ ਰਾਹੀਂ ਪ੍ਰਾਪਤ ਜਾਣਕਾਰੀ 'ਤੇ ਤਰੁੰਤ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਪਿੰਡ ਊਠੀਆਂ ਵਿੱਚ ਇੱਕ ਮੋਟਰਸਾਈਕਲ ਨੂੰ ਰੋਕਿਆ।

ਉਨ੍ਹਾਂ ਦੱਸਿਆ ਕਿ ਪੁਲਿਸ ਦੀ ਮੌਜੂਦਗੀ ਦਾ ਪਤਾ ਲੱਗਣ 'ਤੇ, ਸ਼ੱਕੀ ਵਿਅਕਤੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਖੇਪ ਸਮੇਤ ਮੋਟਰਸਾਈਕਲ ਛੱਡ ਕੇ ਨਾਲ ਲੱਗਦੇ ਖੇਤਾਂ ਵੱਲ ਭੱਜ ਗਏ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਤੁਰੰਤ ਆਲੇ ਦੁਆਲੇ ਦੇ ਖੇਤਾਂ ਵਿੱਚ ਇੱਕ ਯੋਜਨਾਬੱਧ ਤਲਾਸ਼ੀ ਅਭਿਆਨ ਚਲਾਇਆ ਜਿਸ ਦੇ ਨਤੀਜੇ ਵਜੋਂ ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਵਿਸਫੋਟਕਾਂ ਦੀ ਖੇਪ ਬਰਾਮਦ ਹੋਈ।

ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀ) ਅੰਮ੍ਰਿਤਸਰ ਦਿਹਾਤੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਕਾਬੂ ਕਰਨ, ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ, ਐਫਆਈਆਰ ਨੰਬਰ 26 ਮਿਤੀ 29.01.2026 ਨੂੰ ਥਾਣਾ ਰਾਜਾਸਾਂਸੀ, ਅੰਮ੍ਰਿਤਸਰ ਦਿਹਾਤੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 ਅਤੇ 25 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਤਹਿਤ ਦਰਜ ਕੀਤੀ ਗਈ ਹੈ।

# 'ਦਾਖਲਾ ਮੁਹਿੰਮ' ਨੂੰ ਤੇਜ਼ ਕਰਨ ਲਈ ਵਿਸ਼ੇਸ਼ ਪ੍ਰਚਾਰ ਰੱਥ ਰਵਾਨਾ

**ਹੁਸ਼ਿਆਰਪੁਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਦਾਖ਼ਲੇ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਦਾਖ਼ਲਾ ਮੁਹਿੰਮ' ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਇਕ ਵਿਸ਼ੇਸ਼ ਪ੍ਰਚਾਰ ਰੱਥ ਭੇਜਿਆ ਗਿਆ। ਇਸ ਮੌਕੇ ਜਨਤਕ ਨੁਮਾਇੰਦਿਆਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਪ੍ਰਚਾਰ ਰੱਥ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਸਰਕਾਰੀ ਸਕੂਲਾਂ ਦੀ ਗੁਣਵੱਤਾ, ਆਧੁਨਿਕ ਸਹੂਲਤਾਂ ਅਤੇ ਵਿੱਦਿਅਕ ਪ੍ਰਾਪਤੀਆਂ ਦਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਇਆ।

ਇਸ ਮੁਹਿੰਮ ਦੀ ਸ਼ੁਰੂਆਤ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਬੈਕਫਿੰਕੋ ਸੰਦੀਪ ਸੈਣੀ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਅਤੇ ਚੇਅਰਮੈਨ ਮਾਰਕੀਟ ਕਮੇਟੀ ਹੁਸ਼ਿਆਰਪੁਰ ਜਸਪਾਲ ਸਿੰਘ ਚੇਚੀ ਦੀ ਹਾਜ਼ਰੀ ਵਿੱਚ ਕੀਤੀ ਗਈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਰਕਾਰੀ ਸਕੂਲ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਹੀਂ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਨੇੜਲੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ, ਜੋ ਮੁਫ਼ਤ ਸਿੱਖਿਆ, ਪਾਠ-ਪੁਸਤਕਾਂ, ਵਰਦੀਆਂ, ਮਿਡ-ਡੇਅ ਮੀਲ, ਡਿਜੀਟਲ ਕਲਾਸਰੂਮ ਅਤੇ ਆਧੁਨਿਕ ਸਹੂਲਤਾਂ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹਰ ਬੱਚੇ ਨੂੰ ਮਿਆਰੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨਾ ਹੈ।

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਯੋਗ ਅਧਿਆਪਕ ਅਤੇ ਸੁਰੱਖਿਅਤ ਵਾਤਾਵਰਨ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾ ਰਹੇ ਹਨ।

ਉਨ੍ਹਾਂ ਕਿਹਾ ਕਿ ਦਾਖ਼ਲਾ ਮੁਹਿੰਮ ਨੇ ਸਮਾਜ ਵਿੱਚ ਸਿੱਖਿਆ ਪ੍ਰਤੀ ਇਕ ਸਕਾਰਾਤਮਕ ਮਾਹੌਲ ਬਣਾਇਆ ਹੈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਮੁਹਿੰਮ ਸਿਰਫ਼ ਦਾਖ਼ਲਾ ਵਧਾਉਣ ਤੱਕ ਸੀਮਿਤ ਨਹੀਂ ਹੈ, ਸਗੋਂ ਹਰ ਬੱਚੇ ਨੂੰ ਮਿਆਰੀ ਅਤੇ ਸਮਾਵੇਸ਼ੀ ਸਿੱਖਿਆ ਨਾਲ ਜੋੜਨ ਦਾ ਯਤਨ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਬੱਚਾ ਸਕੂਲ ਤੋਂ ਬਾਹਰ ਨਾ ਰਹੇ ਅਤੇ ਇਸ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹਰ ਪਿੰਡ ਤੱਕ ਲਿਜਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਹਰਜਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪ੍ਰਾਇਮਰੀ ਤੋਂ ਲੈ ਕੇ 12ਵੀਂ ਤੱਕ ਪੜ੍ਹਾਈ ਦਾ ਸ਼ਾਨਦਾਰ ਪ੍ਰਬੰਧ ਹੈ। ਪ੍ਰਚਾਰ ਰੱਥ ਰਾਹੀਂ, ਮਾਪਿਆਂ ਨੂੰ ਸਕੂਲਾਂ ਦੀਆਂ ਪ੍ਰਾਪਤੀਆਂ, ਪ੍ਰੀਖਿਆ ਨਤੀਜਿਆਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਮਨਦੀਪ ਸ਼ਰਮਾ ਨੇ ਕਿਹਾ ਕਿ ਅਧਿਆਪਕ ਪੂਰੀ ਲਗਨ ਅਤੇ ਲਗਨ ਨਾਲ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਲੱਗੇ ਹੋਏ ਹਨ।

ਇਸ ਮੌਕੇ ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਅਜੇ ਵਰਮਾ ਚੇਅਰਮੈਨ ਗੋਲਡਸਮਿਥ ਵੈਲਫੇਅਰ ਬੋਰਡ, ਪ੍ਰਿੰਸੀਪਲ ਸ਼ੈਲੇਂਦਰ ਠਾਕੁਰ, ਤ੍ਰਿਲੋਚਨ ਸਿੰਘ, ਚੰਦਰ ਮੋਹਨ ਵਰਮਾ, ਭਾਰਤ ਭੂਸ਼ਨ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਚਰਨਜੀਤ ਸਿੱਧੂ, ਚੰਦਰ ਪ੍ਰਕਾਸ਼ ਸੈਣੀ, ਜਗਤਾਰ ਸਿੰਘ, ਦੀਪਕ ਵਸ਼ਿਸ਼ਟ, ਹਰਮਿੰਦਰ ਪਾਲ ਸਿੰਘ (ਜ਼ਿਲ੍ਹਾ ਕੋਆਰਡੀਨੇਟਰ ਪ੍ਰਾਇਮਰੀ), ਰਜਨੀਸ਼ ਕੁਮਾਰ ਗੁਲਿਆਨੀ ਜ਼ਿਲ੍ਹਾ ਕੋਆਰਡੀਨੇਟਰ ਪਾਠ ਪੁਸਤਕਾਂ, ਅੰਕੁਰ ਸ਼ਰਮਾ (ਜ਼ਿਲ੍ਹਾ ਕੋਆਰਡੀਨੇਟਰ ਸੈਕੰਡਰੀ) ਸਮੇਤ ਵੱਡੀ ਗਿਣਤੀ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀ, ਪ੍ਰਿੰਸੀਪਲ, ਬੀ.ਆਰ.ਸੀ, ਬੀ.ਐਨ.ਓ, ਕੋਆਰਡੀਨੇਟਰ ਅਤੇ ਅਧਿਆਪਕ ਮੌਜੂਦ ਸਨ।

# ਕਾਂਗਰਸ ਦੀ ਮਜ਼ਬੂਤੀ ਲਈ ਨਵੇਂ ਅਹੁਦਦਾਰਾਂ ਦੀ ਚੋਣ



**ਸ਼ਾਹਬਾਦ ਮਾਰਕੰਡਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਕਾਂਗਰਸ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਕਾਂਗਰਸ ਨੇ ਨਵੇਂ ਆਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ। ਜ਼ਿਲ੍ਹਾ ਕਾਂਗਰਸ ਪ੍ਰਧਾਨ ਮੇਵਾ ਸਿੰਘ ਨੇ ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਹਰ ਵਰਕਰ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ ਅਤੇ ਹਰ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੈ। ਮੌਜੂਦਾ ਸਰਕਾਰ ਦੀਆਂ ਗਲਤ ਨੀਤੀਆਂ ਦਾ ਪਰਦਾਫਾਸ਼ ਕਰਨ ਲਈ ਇਸ ਰੀੜ੍ਹ ਦੀ ਹੱਡੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਚੋਣਾਂ ਹੋਣ ਜਾਂ ਜਨਤਕ ਮੁੱਦੇ, ਇਹ ਵਰਕਰ ਹਨ ਜੋ ਪਾਰਟੀ ਦਾ ਸੁਨੇਹਾ ਜਨਤਾ ਤੱਕ ਪਹੁੰਚਾਉਂਦੇ ਹਨ। ਉਨ੍ਹਾਂ ਨੇ ਸਾਰੇ ਕਾਂਗਰਸੀ ਵਰਕਰਾਂ ਨੂੰ ਪਾਰਟੀ ਨੂੰ ਹੋਰ ਮਜ਼ਬੂਤ ਕਰਨ, ਜਨਤਕ ਮੁੱਦਿਆਂ ਨੂੰ ਤਰਜੀਹ ਦੇਣ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕ ਤੱਕ ਪਹੁੰਚਾਉਣ ਦੀ ਅਪੀਲ ਕੀਤੀ।

ਇਸ ਮੌਕੇ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ, ਪਿਹੋਵਾ ਦੇ ਵਿਧਾਇਕ ਮਨਦੀਪ ਚੱਠਾ, ਸ਼ਾਹਬਾਦ ਦੇ ਵਿਧਾਇਕ ਰਾਮ ਕਰਨ ਕਾਲਾ ਨੇ ਵੀ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ। ਵਿਧਾਇਕਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਆਪਣੇ ਵਰਕਰਾਂ ਦੀ ਤਰੱਕੀ ਕੀਤੀ ਹੈ ਤੇ ਨਵੇਂ ਆਹੁਦੇਦਾਰ ਜਨਤਕ ਸੇਵਾ ਤੇ ਪਾਰਟੀ ਦੇ ਹਿੱਤਾਂ ਲਈ ਪੂਰੀ ਲਗਨ ਨਾਲ ਕੰਮ ਕਰਨਗੇ। ਜ਼ਿਲ੍ਹਾ ਕਾਂਗਰਸ ਨੇ ਜਤਿੰਦਰ ਕੁਮਾਰ, ਸਾਹਿਬ ਸਿੰਘ, ਗੁਰਦੇਵ ਸਿੰਘ, ਵਿਵੇਕ ਭਾਰਦਵਾਜ ਨੂੰ ਜ਼ਿਲ੍ਹਾ ਮੀਤ ਪ੍ਰਧਾਨ, ਪਵਨ ਚੌਧਰੀ ਨੂੰ ਜਨਰਲ ਸਕੱਤਰ ਸੰਜੀਵ ਸੈਣੀ ਨੂੰ ਖਜ਼ਾਨਚੀ, ਹਰੀਸ਼ ਕਵਾਤਰਾ ਨੂੰ ਜਨਰਲ ਸਕੱਤਰ, ਮੋਹਿਤ ਰਾਣਾ, ਅਮਨ ਕੰਬੋਜ, ਓਮ ਪਾਲ ਕਸ਼ਯਪ, ਸੂਬੇ ਚੰਦ ਕਟਰੀਆ, ਰਣਬੀਰ ਸਿੰਘ, ਟੇਕ ਚੰਦ ਬਾਰਨਾ, ਭਗਵਾਨ ਸਿੰਘ, ਰਾਜਿੰਦਰ ਸਰਪੰਚ, ਸਕੱਤਰ ਦੇ ਤੌਰ 'ਤੇ ਪਰਵੀਨ ਕੌਸ਼ਲ, ਭਗਵਾਨ ਸਿੰਘ, ਸਤਬੀਰ ਸਿੰਘ, ਪ੍ਰਿਥੀ ਸਿੰਘ, ਅਸ਼ਵਨੀ ਸ਼ਰਮਾ, ਓਮ ਪ੍ਰਕਾਸ਼ ਸਿਰੋਹਾ, ਅਸ਼ੋਕ ਸ਼ਰਮਾ, ਨਸੀਬ ਸਿੰਘ, ਗੁਰਜੀਤ ਸੈਣੀ, ਸੁਭਾਸ਼ ਚੌਹਾਨ, ਰਣਧੀਰ ਸਿੰਘ, ਹਰਪ੍ਰੀਤ ਸਿੰਘ, ਦੀਪਕ ਸਿੰਗਲਾ, ਚੰਦਰਭਾਨ ਬਾਲਮੀਕੀ, ਦਰਸ਼ਨ ਬਾਂਗੜ ਅਤੇ ਵਿਸ਼ਾਲ ਮੋਦਗਿੱਲ ਨੂੰ ਨਿਯੁਕਤੀ ਪੱਤਰ ਦੇ ਕੇ ਜ਼ਿੰਮੇਵਾਰੀ ਸੌਂਪੀ ਗਈ।

# ਪੰਜਾਬ ਸਰਕਾਰ ਦਾ ਗਰੀਬ ਅਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਲਈ ਵੱਡਾ ਕਦਮ

**ਤਰਨਤਾਰਨ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਰੀਬ, ਪੱਛੜੇ ਅਤੇ ਹਾਸੀਏ 'ਤੇ ਖੜ੍ਹੇ ਵਰਗਾਂ ਦੀ ਭਲਾਈ ਲਈ ਲਗਾਤਾਰ ਲੋਕ-ਹਿਤੈਸ਼ੀ ਫੈਸਲੇ ਲਏ ਜਾ ਰਹੇ ਹਨ। ਇਸੇ ਦਿਸ਼ਾ ਵਿੱਚ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ, ਸੁਚਾਰੂ ਅਤੇ ਲੋਕ-ਮਿਤਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ।



ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੈ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਆਨਲਾਈਨ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਸਾਂਝੇ ਤੌਰ 'ਤੇ ਜੋੜ ਕੇ ਅਧਿਕਾਰਕ ਤੌਰ 'ਤੇ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤੋਂ ਅਸ਼ੀਰਵਾਦ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਅਰਜ਼ੀਆਂ ਸਿਰਫ਼ ਸੇਵਾ ਕੇਂਦਰਾਂ ਰਾਹੀਂ ਹੀ ਦਾਖ਼ਲ ਕੀਤੀਆਂ ਜਾ ਸਕਣਗੀਆਂ, ਜਿਸ ਨਾਲ ਸਕੀਮ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣੇਗੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਹੈ ਕਿ ਸਰਕਾਰੀ ਭਲਾਈ ਸਕੀਮਾਂ ਦਾ ਹਰ ਇੱਕ ਰੁਪਇਆ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਹੱਕਦਾਰ ਲਾਭਪਾਤਰੀ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਰਾਹੀਂ ਅਰਜ਼ੀਆਂ ਲੈਣ ਨਾਲ ਭ੍ਰਿਸ਼ਟਾਚਾਰ, ਦਲਾਲੀ ਅਤੇ ਗਲਤ ਵਰਤੋਂ 'ਤੇ ਨੱਥ ਪਵੇਗੀ ਅਤੇ ਲੋਕਾਂ ਦਾ ਸਰਕਾਰੀ ਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ। ਇਹ ਪਹਿਲ ਧੀਆਂ ਦੀ ਇਜ਼ਤ, ਸਮਾਜਿਕ ਸੁਰੱਖਿਆ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਭਲਾਈ ਯੋਜਨਾ ਹੈ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ, ਈਸਾਈ ਭਾਈਚਾਰੇ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹਰ ਜਾਤੀ ਦੀ ਵਿਧਵਾਵਾਂ ਦੀਆਂ ਧੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਦੇ ਵਿਆਹ ਸਮੇਂ 51,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਅੱਗੇ ਕਿਹਾ ਕਿ ਪਹਿਲਾਂ ਲਾਭਪਾਤਰੀਆਂ ਨੂੰ ਦਸਤਾਵੇਜ਼ਾਂ ਸਮੇਤ ਅਰਜ਼ੀਆਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਤਹਿਸੀਲ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਸਨ, ਜਿਸ ਕਾਰਨ ਕਾਰਵਾਈ ਵਿੱਚ ਦੇਰੀ ਅਤੇ ਤਕਨੀਕੀ ਖਾਮੀਆਂ ਆਉਂਦੀਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਬਾਅਦ ਵਿੱਚ ਸਕੀਮ ਨੂੰ ਆਨਲਾਈਨ ਕਰਨ ਦੇ ਬਾਵਜੂਦ ਨਿੱਜੀ ਸਾਈਬਰ ਕੈਫ਼ਿਆਂ ਵੱਲੋਂ ਵੱਧ ਫੀਸ ਲੈਣ ਸੰਬੰਧੀ ਸ਼ਿਕਾਇਤਾਂ ਮਿਲਦੀਆਂ ਰਹੀਆਂ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਨੇ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜ ਦਿੱਤਾ ਹੈ। ਇਸ ਨਾਲ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ।

# ਸੇਫਟੀ ਐਂਡ ਸਕਿਉਰਿਟੀ ਸਬੰਧੀ ਸਕੀਮਾਂ ਬਾਰੇ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ, ਹੁਸ਼ਿਆਰਪੁਰ ਵਿਖੇ ਸਮੱਗਰ ਸਿੱਖਿਆ 2025-26 ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਅਧਿਆਪਕਾਂ ਨੂੰ 'ਸੇਫਟੀ ਐਂਡ ਸਕਿਉਰਿਟੀ' ਨਾਲ ਸਬੰਧਿਤ ਵੱਖ-ਵੱਖ ਸਕੀਮਾਂ ਜਿਵੇਂ ਪੋਸਕੋ ਐਕਟ 2012, ਅਤੇ ਜੁਵੇਨਾਈਲ ਜਸਟਿਕ ਐਕਟ 2015, ਬਾਲ ਅਤੇ ਕਿਸ਼ੋਰ ਐਕਟ 1986 (ਸੋਧਿਆ 2016), ਬਾਲ ਅਧਿਕਾਰਾਂ ਦੀ ਸੁਰੱਖਿਆ (ਸੀਪੀਸੀਆਰ ਐਕਟ 2005) ਆਰਟੀਈ ਐਕਟ 2009, ਸੁਪਰੀਮ ਕੋਰਟ ਦੇ ਫੈਸਲੇ ਐਨਡੀਐਮਏ ਦਿਸ਼ਾ-ਨਿਰਦੇਸ਼ 2016, ਸੁਰੱਖਿਆ ਅਤੇ ਸੁਰੱਖਿਆ ਦਿਸ਼ਾ-ਨਿਰਦੇਸ਼ 2021, ਸੜਕ ਸੁਰੱਖਿਆ ਆਦਿ ਸਬੰਧੀ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਬੱਚਿਆਂ ਦੀ ਸੁਰੱਖਿਆ ਅਤੇ ਸੰਭਾਲ ਸਬੰਧੀ ਜੁਵੇਨਾਇਲ ਜਸਟਿਸ ਐਕਟ 2015, ਪੋਕਸੋ ਐਕਟ 2012, ਸਪੌਂਸਰਸ਼ਿਪ ਫਾਸਟਰ ਕੇਅਰ ਸਕੀਮ, ਬਾਲ ਵਿਆਹ ਰੋਕੂ ਐਕਟ, 2006 ਅਤੇ ਬਾਲ ਭਿੱਖਿਆ ਦੇ ਦੂਰ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਸਕੂਲਾਂ ਵਿੱਚ ਸੇਫ ਸਕੂਲ ਵਾਹਨ ਸਕੀਮ ਅਧੀਨ ਚੈੱਕ ਕੀਤੀਆਂ ਗਈਆਂ ਸਕੂਲ ਬੱਸਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਕੋਆਡੀਨੇਟਰ ਰਾਕੇਸ਼ ਫੂਲ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਵੱਲੋਂ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ। ਉਧਮ ਸਿੰਘ ਡੋਗਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਂਧਰਾ, ਤਰਕ ਸ਼ਰਮਾ ਐਡਵੋਕੇਟ ਬਤੌਰ ਰਿਸੋਰਸ ਪਰਸਨ ਮੌਜੂਦ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵੱਖ-ਵੱਖ ਹਲਕਿਆਂ ਤੋਂ ਸ਼ਰਧਾਲੂ ਅੰਮ੍ਰਿਤਸਰ ਲਈ ਰਵਾਨਾ

**ਬਠਿੰਡਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਨੂੰ ਚੇਅਰਮੈਨ ਰਾਕੇਸ਼ ਪੁਰੀ ਨੇ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ) ਤੋਂ ਰਵਾਨਾ ਕੀਤਾ। ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਠਿੰਡਾ( ਦਿਹਾਤੀ) ਬਹਿਮਣ ਦੀਵਾਨਾ, ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਜਿਉਂਦ , ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੇ ਪਿੰਡ ਬਲਾਹੜ ਮਹਿਮਾ, ਵਿਧਾਨ ਸਭਾ ਹਲਕਾ ਰਾਮਪੁਰਾ ਦੇ ਭਗਤਾ ਭਾਈ ਅਤੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਚੱਕ ਹੀਰਾ ਸਿੰਘ ਵਾਲਾ ਤੋਂ ਬੱਸਾਂ ਰਵਾਨਾ ਹੋਈਆਂ।ਇਸ ਦੌਰਾਨ ਚੇਅਰਮੈਨ ਰਾਕੇਸ਼ ਪੁਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਦੇ ਨਿਵਾਸੀਆਂ ਨੂੰ ਦੇਸ਼ ਦੇ ਪ੍ਰਮੁੱਖ ਤੀਰਥ ਅਸਥਾਨਾਂ ਦੇ ਦਰਸ਼ਨ ਮੁਫ਼ਤ ਕਰਵਾਏ ਜਾ ਰਹੇ ਹਨ।ਰਾਕੇਸ਼ ਪੁਰੀ ਨੇ ਕਿਹਾ ਕਿ ਯਾਤਰਾ ਦੌਰਾਨ ਰਹਿਣ-ਸਹਿਣ, ਖਾਣ-ਪੀਣ ਅਤੇ ਆਵਾਜਾਈ ਦੀ ਪੂਰੀ ਵਿਵਸਥਾ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ, ਜਿਸ ਨਾਲ ਬਜ਼ੁਰਗਾਂ ਅਤੇ ਜ਼ਰੂਰਤਮੰਦ ਲੋਕਾਂ ਨੂੰ ਵੱਡੀ ਸਹੂਲਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਸਮਾਜਿਕ ਸਮਾਨਤਾ ਅਤੇ ਸੇਵਾ ਭਾਵਨਾ ਦੀ ਮਿਸਾਲ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਇਸ ਸਕੀਮ ਦਾ ਲਾਭ ਲੈਣ ਅਤੇ ਆਪਣੀ ਆਸਥਾ ਅਨੁਸਾਰ ਤੀਰਥ ਯਾਤਰਾ ਕਰਕੇ ਸਰਕਾਰ ਦੀ ਇਸ ਲੋਕ-ਹਿਤੈਸ਼ੀ ਯੋਜਨਾ ਨੂੰ ਸਫ਼ਲ ਬਣਾਉਣ।ਇਸ ਮੌਕੇ ਜਿਥੇ ਸ਼ਰਧਾਲੂਆਂ ਵਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਸਕੀਮ ਚਲਾਉਣ 'ਤੇ ਧੰਨਵਾਦ ਕੀਤਾ ਉਥੇ ਹੀ ਸਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।



## ਸੰਪਾਦਕੀ

# ਨਿਯਮਾਂ ਵਿੱਚ ਢਿੱਲ ਦੇਣ ਦੇ ਜੋਖ਼ਮ ਸੁਭਾਵਿਕ

ਨਿਯਮਾਂ ਵਿੱਚ ਢਿੱਲ ਦੇਣ ਦੇ ਜੋਖ਼ਮ ਸੁਭਾਵਿਕ ਹਨ, ਖ਼ਾਸਕਰ ਦਵਾਈਆਂ ਬਣਾਉਣ ਵਰਗੇ ਸੰਵੇਦਨਸ਼ੀਲ ਖੇਤਰ ਵਿੱਚ, ਜਿੱਥੇ ਜਨਤਕ ਸਿਹਤ, ਵਿਗਿਆਨਕ ਨੇਕਨੀਅਤੀ ਅਤੇ ਵਪਾਰਕ ਹਿੱਤ ਆਪਸ ਵਿੱਚ ਜੁੜੇ ਹੁੰਦੇ ਹਨ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਨਵੇਂ ਡਰੱਗਜ਼ ਅਤੇ ਕਲੀਨਿਕਲ ਟ੍ਰਾਇਲਜ਼ (ਐੱਨ ਡੀ ਸੀ ਟੀ) ਨਿਯਮ 2019 ਵਿੱਚ ਕੀਤੀਆਂ ਸੋਧਾਂ ਵਿੱਚ ਅਜ਼ਮਾਇਸ਼ ਸਬੰਧੀ ਨਿਯਮਾਂ ਨੂੰ ਸੁਖਾਲਾ ਬਣਾਉਣਾ ਅਤੇ ਕਈ ਖੋਜ ਸਰਗਰਮੀਆਂ ਲਈ ਟੈਸਟ ਲਾਇਸੈਂਸਾਂ ਦੀ ਲੋੜ ਖ਼ਤਮ ਕਰਨਾ ਸ਼ਾਮਲ ਹੈ। ਇਨ੍ਹਾਂ ਦਾ ਮੁਲਾਂਕਣ ਇਸ ਆਧਾਰ ’ਤੇ ਕੀਤਾ ਜਾਣਾ ਚਾਹੀਦਾ ਹੈ ਕਿ ਨਵੀਂ ਨੀਤੀ ਵਿੱਚ ਕਿਹੜੇ ਨਿਯਮਾਂ ਸਬੰਧੀ ਛੋਟ ਦਿੱਤੀ ਗਈ ਹੈ ਤੇ ਉਨ੍ਹਾਂ ਨਾਲ ਕੀ ਲਾਭ ਹੋਵੇਗਾ।

ਇਨ੍ਹਾਂ ਸੁਧਾਰਾਂ ਪਿਛਲਾ ਉਦੇਸ਼ ਸਪੱਸ਼ਟ ਹੈ। ਸਰਕਾਰ ਦਾ ਉਦੇਸ਼ ਘੱਟ ਜੋਖ਼ਮ ਵਾਲੀਆਂ ਖੋਜਾਂ ਲਈ ਪਹਿਲਾਂ ਤੋਂ ਪ੍ਰਵਾਨਗੀ ਲੈਣ ਦੀ ਸ਼ਰਤ ਹਟਾ ਕੇ ਸੂਚਿਤ ਕਰਨ ਦੀ ਪ੍ਰਣਾਲੀ ਲਾਗੂ ਕਰਨਾ, ਕੁਝ ਜੈਵਿਕ ਉਪਲਬਧਤਾ ਅਤੇ ਜੈਵਿਕ ਸਮਾਨਤਾ ਵਾਲੇ ਅਧਿਐਨਾਂ ਲਈ ਇਜਾਜ਼ਤ ਲੈਣ ਦੀ ਸ਼ਰਤ ਹਟਾਉਣਾ, ਲਾਇਸੈਂਸਾਂ ਲਈ ਪ੍ਰਵਾਨਗੀ ਦੀ ਸਮਾਂ-ਸੀਮਾ ਘਟਾ ਕੇ ਰੈਗੂਲੇਟਰੀ ਰੁਕਾਵਟਾਂ ਨੂੰ ਘਟਾਉਣਾ ਅਤੇ ਫਾਰਮਾਸਿਊਟੀਕਲ ਖੋਜਾਂ ਵਿੱਚ ਤੇਜ਼ੀ ਲਿਆਉਣਾ ਦੱਸਿਆ ਗਿਆ ਹੈ। ਇਹ ਸਨਅਤ ਲੰਮੇ ਸਮੇਂ ਤੋਂ ਉਨ੍ਹਾਂ ਰੁਕਾਵਟਾਂ ਨਾਲ ਜੂਝ ਰਹੀ ਹੈ, ਜਿਨ੍ਹਾਂ ਨਾਲ ਸੁਰੱਖਿਆ ਵਿੱਚ ਕੋਈ ਖ਼ਾਸ ਵਾਧਾ ਨਹੀਂ ਹੁੰਦਾ। ਇਸ ਲਈ ਮੌਜੂਦਾ ਬਦਲਾਅ ਇਸ ਪ੍ਰਕਿਰਿਆ ਨੂੰ ਛੋਟਾ ਕਰਕੇ, ਖ਼ਾਸ ਤੌਰ ’ਤੇ ਜੈਨਰਿਕ ਅਤੇ ਸ਼ੁਰੂਆਤੀ ਪੜਾਅ ਦੀ ਖੋਜ ਲਈ ਲਾਗਤ ਮੁੱਲ ਘਟਾ ਸਕਦਾ ਹੈ। ਹਾਲਾਂਕਿ ਤੇਜ਼ੀ ਨਾਲ ਪ੍ਰਵਾਨਗੀ ਦੇਣ ਦਾ ਮਤਲਬ ਨਿਰਖ-ਪਰਖ ਦਾ ਕਮਜ਼ੋਰ ਅਮਲ ਜਾਂ ਜਵਾਬਦੇਹੀ ਦੀ ਅਣਹੋਂਦ ਨਹੀਂ ਹੋਣਾ ਚਾਹੀਦਾ। ਸਸਤੀਆਂ ਦਵਾਈਆਂ ਦੇ ਭਰੋਸੇਯੋਗ ਸਪਲਾਇਰ ਵਜੋਂ ਭਾਰਤ ਦੀ ਸਾਖ ਇਸ ਦੀ ਰੈਗੂਲੇਟਰੀ ਨਿਗਰਾਨੀ ਦੀ ਭਰੋਸੇਯੋਗਤਾ ’ਤੇ ਨਿਰਭਰ ਕਰਦੀ ਹੈ।

ਫਾਰਮਾਸਿਊਟੀਕਲ ਵਪਾਰ ਸੁਖਾਲਾ ਬਣਾਉਣ ਲਈ ਸੁਰੱਖਿਆ ਨੇਮਾਂ ਨੂੰ ਕਮਜ਼ੋਰ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਇਸ ਪ੍ਰਤੀ ਲੋਕਾਂ ਦੇ ਭਰੋਸੇ ਨੂੰ ਖੋਰਾ ਲੱਗ ਸਕਦਾ ਹੈ ਅਤੇ ਦਵਾਈਆਂ ਨੂੰ ਪ੍ਰਵਾਨਗੀ ਸਬੰਧੀ ਅਪਣਾਈ ਜਾਂਦੀ ਪ੍ਰਕਿਰਿਆ ਦੀ ਮਜ਼ਬੂਤੀ ਪ੍ਰਤੀ ਦੁਨੀਆ ’ਚ ਭਾਰਤ ਬਾਰੇ ਸ਼ੱਕ ਪੈਦਾ ਹੋ ਸਕਦਾ ਹੈ। ਪ੍ਰਵਾਨਗੀ ’ਤੇ ਆਧਾਰਿਤ ਪ੍ਰਣਾਲੀ ਨੂੰ ਹੁਣ ਸੂਚਨਾ ਦੇਣ ਵਾਲੀ ਪ੍ਰਣਾਲੀ ’ਚ ਤਬਦੀਲ ਕਰਨ ਨਾਲ ਨਿਯਮਾਂ ਸਬੰਧੀ ਚੌਕਸੀ ’ਤੇ ਵਧੇਰੇ ਬੋਝ ਪੈਂਦਾ ਹੈ। ਇਸ ਲਈ ਕੇਂਦਰੀ ਡਰੱਗਜ਼ ਸਟੈਂਡਰਡ ਕੰਟਰੋਲ ਸੰਗਠਨ ਵਿੱਚ ਮਜ਼ਬੂਤ ? ?ਨਿਗਰਾਨੀ ਪ੍ਰਬੰਧ, ਪਾਰਦਰਸ਼ੀ ਪ੍ਰਕਿਰਿਆ ਅਤੇ ਸੰਸਥਾਗਤ ਸਮਰੱਥਾ ਵਿੱਚ ਵਾਧੇ ਦੀ ਲੋੜ ਹੈ।

# ਆਰਥਿਕ ਸਰਵੇਖਣ ’ਚਸੋਸ਼ਲ ਮੀਡੀਆ ਦੀ ਲਤ

ਆਰਥਿਕ ਸਰਵੇਖਣ ’ਚ ਉਮਰ ਦੇ ਆਧਾਰ ’ਤੇ ਸੋਸ਼ਲ ਮੀਡੀਆ ਤੱਕ ਪਹੁੰਚ ਹੋਣ ਦੀ ਗੱਲ ’ਤੇ ਜ਼ੋਰ ਦੇਣਾ ਸਵਾਗਤਯੋਗ ਹੈ। ਕਈ ਸਾਲਾਂ ਤੋਂ ਡਿਜੀਟਲ ਵਿਸਥਾਰ ਬਾਰੇ ਮੰਨਿਆ ਜਾਂਦਾ ਰਿਹਾ ਹੈ ਕਿ ਇਹ ਲੋਕਤੰਤਰੀ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ, ਨਾਬਰਾਬਰੀਆਂ ਦੂਰ ਕਰਦਾ ਹੈ ਅਤੇ ਸਿੱਖਿਆ ਦਾ ਆਧੁਨਿਕੀਕਰਨ ਕਰਦਾ ਹੈ। ਇਹ ਸਰਵੇਖਣ ਇਸ ਆਸ਼ਾਵਾਦ ਨੂੰ ਇੱਕ ਬੇਚੈਨ ਕਰਨ ਵਾਲੀ ਸਚਾਈ ਨਾਲ ਵੀ ਜੋੜਦਾ ਹੈ ਕਿ ਬਿਨਾਂ ਕਿਸੇ ਰੋਕ ਟੋਕ ਤੋਂ ਡਿਜੀਟਲ ਪਲੈਟਫਾਰਮਾਂ ਦੇ ਸੰਪਰਕ ਵਿੱਚ ਆਉਣਾ ਜਨਤਕ ਸਿਹਤ ਲਈ ਖ਼ਤਰਨਾਕ ਹੈ। ਵਧੇਰੇ ਸਮਾਂ ਸਕਰੀਨ (ਮੋਬਾਈਲ, ਲੈਪਟਾਪ, ਆਈਪੈਡ, ਟੀਵੀ ਆਦਿ) ਸਾਹਮਣੇ ਬਿਤਾਉਣ ਦੀ ਲਤ ਨੂੰ ਮਾਨਸਿਕ ਸਿਹਤ, ਅਕਾਦਮਿਕ ਪ੍ਰਦਰਸ਼ਨ ਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਵਾਲੀ ਸਮੱਸਿਆ ਵਜੋਂ ਪਛਾਣਦੇ ਹੋਏ ਇਹ ਸਰਵੇਖਣ ਬਹਿਸ ਨੂੰ ਸਬੂਤ-ਆਧਾਰਿਤ ਨੀਤੀ ਬਣਾਉਣ ਵੱਲ ਲਿਜਾਂਦਾ ਹੈ।

ਇਸ ਦੀਆਂ ਸਿਫ਼ਾਰਸ਼ਾਂ- ਉਮਰ ਦੇ ਹਿਸਾਬ ਨਾਲ ਪਹੁੰਚ ਦੀ ਸੀਮਾ, ਉਮਰ ਦੀ ਤਸਦੀਕ ਲਈ ਪਲੈਟਫਾਰਮ ਦੀ ਜਵਾਬਦੇਹੀ, ਬੱਚਿਆਂ ਲਈ ਖ਼ਾਸ ਉਪਕਰਨ ਬਣਾਉਣੇ ਅਤੇ ਔਨਲਾਈਨ ਕਲਾਸਾਂ ’ਤੇ ਘੱਟ ਨਿਰਭਰਤਾ- ਵਧ ਰਹੀ ਵਿਸ਼ਵਵਿਆਪੀ ਸਹਿਮਤੀ ਨੂੰ ਦਰਸਾਉਂਦੀਆਂ ਹਨ ਕਿ ਬੱਚਿਆਂ ਨੂੰ ਇਨ੍ਹਾਂ ਖ਼ਤਰਨਾਕ ਡਿਜੀਟਲ ਉਪਕਰਨਾਂ ਤੋਂ ਸੁਰੱਖਿਆ ਦੀ ਲੋੜ ਹੈ, ਜੋ ਉਨ੍ਹਾਂ ਦਾ ਬਿਹਤਰੀ ਲਈ ਨਹੀਂ, ਸਗੋਂ ਸਿਰਫ਼ ਉਨ੍ਹਾਂ ਨੂੰ ਆਕਰਸ਼ਿਤ ਕਰਨ ਲਈ ਬਣਾਏ ਗਏ ਹਨ।

ਸਮੂਹਿਕ ਜ਼ਿੰਮੇਵਾਰੀ ’ਤੇ ਜ਼ੋਰ ਦੇਣਾ ਵੀ ਓਨਾ ਹੀ ਮਹੱਤਵਪੂਰਨ ਹੈ। ਮਨੋਰੰਜਨ ਸਬੰਧੀ ਵਰਤੋਂ ਨੂੰ ਵਿਦਿਅਕ ਵਰਤੋਂ ਨਾਲੋਂ ਵਖਰਿਆਉਣ ਵਾਲੇ ਪਲੈਟਫਾਰਮ-ਪੱਧਰੀ ਸੁਰੱਖਿਆਤਮਕ ਕਦਮ ਚੁੱਕਣ ਅਤੇ ਪਰਿਵਾਰਕ ਡੇਟਾ ਯੋਜਨਾਵਾਂ ਦੀ ਮੰਗ ਕਰਕੇ ਸਰਵੇਖਣ ’ਚ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਹੈ, ਜਿਸ ਬਾਰੇ ਬਹੁਤੇ ਮਾਪੇ ਪਹਿਲਾਂ ਹੀ ਜਾਣਦੇ ਹਨ: ਵਿਅਕਤੀਗਤ ਨਿਯੰਤਰਣ ਸਨਅਤੀ ਪੱਧਰ ਦੇ ਯਤਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ।

ਕੌਮਾਂਤਰੀ ਉਦਾਹਰਣਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਆਸਟਰੇਲੀਆ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ’ਤੇ ਲਾਈ ਪਾਬੰਦੀ ਅਤੇ ਫਰਾਂਸ ਵਿੱਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਪਹੁੰਚ ’ਤੇ ਲਾਈ ਪਾਬੰਦੀ ਸਾਬਿਤ ਕਰਦੀ ਹੈ ਕਿ ਸਰਕਾਰਾਂ ਸਖ਼ਤ ਨਿਯਮ ਬਣਾਉਣ ਲਈ ਤਿਆਰ ਹਨ। ਭਾਰਤ, ਜਿੱਥੇ ਸਮਾਰਟਫੋਨ ਦਾ ਬਾਜ਼ਾਰ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ ਅਤੇ ਜਿੱਥੇ ਵੱਡੀ ਗਿਣਤੀ ਵਸੋਂ ਨੌਜਵਾਨਾਂ ਦੀ ਹੈ, ਇਸ ਮਾਮਲੇ ਵਿੱਚ ਪਿੱਛੇ ਨਹੀਂ ਰਹਿ ਸਕਦਾ। ਫਿਰ ਵੀ ਸਰਵੇਖਣ ਵਿੱਚ ਹਰ ਥਾਂ ਇਕਸਾਰ ਪਾਬੰਦੀ ਲਗਾਉਣ ਦੀ ਗੱਲ ਨਾ ਕਰ ਕੇ ਇਸ ਦੀ ਥਾਂ ਸਰਕਾਰਾਂ, ਵਿਦਿਅਕ ਸੰਸਥਾਵਾਂ, ਸਮਾਜ ਅਤੇ ਪਰਿਵਾਰਾਂ ਨੂੰ ਸ਼ਾਮਲ ਕਰਦੇ ਹੋਏ ਕਈ ਪੱਧਰਾਂ ’ਤੇ ਇਸ ਨੂੰ ਨਿਯੰਤਰਿਤ ਕਰਨ ਦੀ ਵਕਾਲਤ ਕੀਤੀ ਗਈ ਹੈ। ਬੇਸ਼ੱਕ, ਅਸਲ ਚੁਣੌਤੀ ਇਨ੍ਹਾਂ ਪਾਬੰਦੀਆਂ ਨੂੰ ਲਾਗੂ ਕਰਨ ਦੀ ਹੋਵੇਗੀ।

ਉਮਰ ਦੀ ਤਸਦੀਕ ਅਤੇ ਇਕਸਾਰ ਨਿਯਮ, ਖ਼ਾਸਕਰ ਗ਼ਰੀਬ ਪਰਿਵਾਰਾਂ ਲਈ, ਲਾਗੂ ਕਰਨਾ ਨੀਤੀਘਾੜਿਆਂ ਦੀ ਅਸਲ ਪਰਖ ਹੋਵੇਗੀ। ਫਿਰ ਵੀ ਸਰਵੇਖਣ ਨੇ ਡਿਜੀਟਲ ਸੰਜਮ ਬਾਰੇ ਇੱਕ ਵਿਆਪਕ ਯੋਜਨਾ ਦਾ ਖਰੜਾ ਤਿਆਰ ਕੀਤਾ ਹੈ। ਅਜੋਕੇ ਸਮੇਂ ਵਿੱਚ ਹਰ ਕੋਈ ਡਿਜੀਟਲ ਪੱਧਰ ’ਤੇ ਸਾਰਿਆਂ ਨਾਲ ਜੁੜਿਆ ਹੋਇਆ ਹੈ। ਇਸ ਲਈ ਇਨ੍ਹਾਂ ਸਮਿਆਂ ਵਿੱਚ ਨੌਜਵਾਨਾਂ ਦੀ ਮਾਨਸਿਕਤਾ ਦੀ ਰੱਖਿਆ ਕਰਨਾ ਸਹੀ ਕਦਮ ਸਾਬਿਤ ਹੋ ਸਕਦਾ ਹੈ।

# ਵਿਲੇਜ਼/ਵਾਰਡ ਡਿਫੈਂਸ ਕਮੇਟੀਆਂ, ਨਸ਼ਿਆਂ ਵਿਰੁੱਧ ਨਿਭਾ ਰਹੀਆਂ ਨੇ ਅਹਿਮ ਭੂਮਿਕਾਵਾਂ -ਚੇਅਰਮੈਨ ਮਾਨਿਕ ਮਹਿਤਾ



**ਬਟਾਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪੈਦਲ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਪਹਿਲੇ ਪੜਾਅ ਨਾਲੋਂ ਵੀ ਦੂਜਾ ਪੜਾਅ ਵੱਧ ਸਫਲ ਹੋਵੇਗਾ। ਇਹ ਪ੍ਰਗਟਾਵਾ ਚੇਅਰਮੈਨ ਮਾਨਿਕ ਮਹਿਤਾ, ਜ਼ਿਲ੍ਹਾ ਕੁਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਗੁਰਦਾਸਪੁਰ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਬਟਾਲਾ ਦੀਆਂ ਵੱਖ ਵੱਖ ਵਾਰਡਾਂ ਵਿੱਚ ਨਸ਼ਿਆਂ ਵਿਰੁੱਧ ਪੈਦਲ ਮਾਰਚ ਕੱਢ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਪਿਤਾ ਸੁਭਾਸ਼ ਮਹਿਤਾ ਵਲੋਂ ਸਮੁੱਚੀ ਟੀਮ ਨਾਲ ਆਪਣੀ ਵਾਰਡ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ।ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਇਨ੍ਹਾਂ ਯਾਤਰਾਵਾਂ ਰਾਹੀਂ ਲੋਕਾਂ ਨੂੰ ਨਸ਼ਿਆਂ ਦੇ ਭਿਆਨਕ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਗਿਆ।

ਉਨ੍ਹਾਂ ਨੇ ਦੱਸਿਆ ਕਿ ਇਸ ਦੂਜੇ ਪੜਾਅ ਵਿੱਚ ਵਿਲੇਜ ਅਤੇ ਵਾਰਡ ਡਿਫੈਂਸ ਕਮੇਟੀਆਂ ਨਸ਼ਾ ਵਿਰੋਧੀ ਲਹਿਰ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਨ੍ਹਾਂ ਕਮੇਟੀਆਂ ਦੀ ਸਰਗਰਮ ਭਾਗੀਦਾਰੀ ਕਾਰਨ ਹਰ ਪਿੰਡ ਤੇ ਵਾਰਡ ਵਿੱਚ ਜਾਗਰੂਕਤਾ ਦੀ ਲਹਿਰ ਮਜ਼ਬੂਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਅਤੇ ਆਮ ਲੋਕਾਂ ਦੀ ਸਾਂਝੀ ਕੋਸ਼ਿਸ਼ ਨਾਲ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇਗਾ। ਉਨ੍ਹਾਂ ਅਪੀਲ ਕੀਤੀ ਕਿ ਹਰ ਪਰਿਵਾਰ, ਹਰ ਨੌਜਵਾਨ ਅਤੇ ਹਰ ਪਿੰਡ ਇਸ ਮੁਹਿੰਮ ਨਾਲ ਜੁੜ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਏ

# ਸਿਖਲਾਈ ਦੌਰਾਨ ਮੁ.ਫਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਵਾਇਆ ਜਾਵੇਗਾ

**ਬਟਾਲਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਪ੍ਰਧਾਨ ਮੰਤਰੀ ਕੌਸ਼ਲ ਵਿਕ ਯੋਜਨਾ 4.0 ਦੇ ਅੰਤਰਗਤ ਜਿਲ੍ਹਾ ਗੁਰਦਾਸਪੁਰ, ਪਠਾਨਕੋਟ ਅਤੇ ਅੰਮ੍ਰਿਤਸਰ ਦੇ ਯੁਵਕਾਂ ਲਈ ਸਕਿਉਰਟੀ ਸੁਪਰਵਾਈਜ਼ਰ ਦੀ ਨੌਕਰੀ ਲਈ ਤਿੰਨ ਮਹੀਨਿਆਂ ਦਾ ਕੋਰਸ ਚਲਾਇਆ ਜਾ ਰਿਹਾ ਹੈ ਜਿਸ ਲਈ ਕੈਂਪ ਵਿਚ ਦਾਖਲਾ ਸ਼ੁਰੂ ਹੈ। ਇਹ ਜਾਣਕਾਰੀ ਸੂਬੇਦਾਰ (ਸੇਵਾਮੁਕਤ) ਗੁਰਨਾਮ ਸਿੰਘ ਨੇ ਦਿੱਤੀ।




ਉਨ੍ਹਾਂ ਦੱਸਿਆ ਕਿ ਸਕਿਉਰਟੀ ਸੁਪਰਵਾਈਜ਼ਰ ਸਿਖਲਾਈ ਲਈ ਸਿਖਿਆਰਥੀ (ਲੜਕੇ ਅਤੇ ਲੜਕੀਆਂ) ਦੀ ਉਮਰ ਸਾਲ ਤੋਂ 35 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਯੋਗਤਾ ਘੱਟੋ ਘੱਟ 10 ਪਾਸ ਹੋਣੀ ਚਾਹੀਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਖਲਾਈ ਦੇ ਸਰਟੀਫਿਕੇਟ ਦੇ ਨਾਲ ਉਹਨਾਂ ਨੂੰ ਸਿਖਲਾਈ ਉਪਰੰਤ ਰੋਜ਼ਗਾਰ ਵੀ ਦਿੱਤਾ ਜਾਵੇਗਾ ਅਤੇ ਸਿਖਲਾਈ ਦੌਰਾਨ ਯੁਵਕਾਂ ਨੂੰ ਮੁਫਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਵਾਇਆ ਜਾਵੇਗਾ।

ਚਾਹਵਾਨ ਯੁਵਕ ਆਪਣੇ ਸਾਰੇ ਅਸਲ ਸਰਟੀਫਿਕੇਟ ਤੇ ਉਹਨਾਂ ਦੀਆਂ 2 ਫੋਟੋ ਕਾਪੀਆਂ ਸਮੇਤ 4 ਪਾਸਪੋਰਟ ਸਾਈਜ਼ ਫੋਟੋਆਂ ਲੈ ਕੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿੱਚ ਰਿਪੋਰਟ ਕਰ ਸਕਦੇ ਹਨ।

ਵਧੇਰੇ ਜਾਣਕਾਰੀ ਲਈ 62830-31125,94647-56808, 94174-20125, 84374-42966 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਵਧਾਉਣ ਲਈ ਪ੍ਰਚਾਰ ਵੈਨ ਦੂਸਰੇ ਦਿਨ ਪੰਡੋਰੀ ਗੋਲਾ ਤੋਂ ਰਵਾਨਾ




**ਤਰਨ ਤਾਰਨ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਪ੍ਰੇਰਨਾ, ਸਿੱਖਿਆ ਮੰਤਰੀ ਪੰਜਾਬ ਸ੍ਰ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਅਤੇ ਮਾਪਿਆਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਦਾਖ਼ਲਾ ਪ੍ਰਚਾਰ ਵੈਨ ਅੱਜ ਦੂਸਰੇ ਦਿਨ ਪਿੰਡ ਪੰਡੋਰੀ ਗੋਲਾਂ ਤੋਂ ਵੱਖ-ਵੱਖ ਪਿੰਡਾਂ ਲਈ ਇੱਕ ਰਵਾਨਾ ਹੋਈ। ਇਹ ਮੁਹਿੰਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ./ਐਲੀ.) ਸ੍ਰ. ਸਤਿਨਾਮ ਸਿੰਘ ਬਾਠ ਦੀ ਯੋਗ ਦੇਖ ਰੇਖ ਹੇਠ ਚਲਾਈ ਜਾ ਰਹੀ ਹੈ।

ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ (ਤਰਨ ਤਾਰਨ ਪਰਾਪਰ) ਸ੍ਰ. ਸਰਬਜੀਤ ਸਿੰਘ ਨੈਸ਼ਨਲ ਐਵਾਰਡੀ ਨੇ ਅੱਜ ਵੈਨ ਨੂੰ ਪੰਡੋਰੀ ਗੋਲਾ ਤੋਂ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਹ ਵੈਨ ਪੰਡੋਰੀ ਗੋਲਾਂ ਤੋਂ ਬਲਾਕ ਨੂਰਦੀ ਅਤੇ ਫਿਰ ਗੰਡੀਵਿੰਡ ਪਹੁੰਚੀ। ਇੱਥੋਂ ਚੱਲ ਕੇ ਇਹ ਵੈਨ ਪਿੰਡ ਬਾਠ, ਮੁਰਾਦਪੁਰ, ਪਲਾਸੌਰ, ਜੀਓਬਾਲਾ, ਡਾਲੇਕੇ, ਗਗੋਬੂਹਾ, ਭੁੱਚਰ, ਸਰਾਏ ਅਮਾਨਤ ਖਾਂ ਅਤੇ ਅਖੀਰ ਵਿੱਚ ਚੀਮਾ ਬਲਾਕ ਗੰਡੀਵਿੰਡ ਵਿਖੇ ਪਹੁੰਚੀ।

ਬਲਾਕ ਨੂਰਦੀ ਵਿਖੇ ਪਹੁੰਚਣ ਤੇ ਇਸ ਦਾਖਲਾ ਪ੍ਰਚਾਰ ਵੈਨ ਨੂੰ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਸ੍ਰ ਗੁਰਦੀਪ ਸਿੰਘ ਜੀ ਦੇ ਸਪੁਰਦ ਕੀਤਾ ਗਿਆ ਜਿੱਥੋਂ ਬਲਾਕ ਨੋਡਲ ਅਫ਼ਸਰ ਸ੍ਰ ਪ੍ਰਭਜੋਤ ਸਿੰਘ ਗੋਹਲਵੜ, ਕੰਵਰਦੀਪ ਸਿੰਘ ਅਤੇ ਸੈਂਕੜੇ ਅਧਿਆਪਕਾਂ ਨੇ ਇਸ ਵੈਨ ਦਾ ਸਵਾਗਤ ਕੀਤਾ। ਇਸ ਉਪਰੰਤ ਇਹ ਵੈਨ ਬਲਾਕ ਦੇ ਵੱਖ ਵੱਖ ਪਿੰਡਾਂ ਲਈ ਰਵਾਨਾ ਹੋਈ। ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਗੀਤਾਂਜਲੀ, ਜ਼ਿਲ੍ਹਾ ਕੋਆਰਡੀਨੇਟਰ ਸ੍ਰੀ ਅਨੂਪ ਸਿੰਘ ਮੈਣੀ, ਹੈੱਡ ਮਾਸਟਰ ਗੁਰਚਰਨ ਸਿੰਘ ਸਟੇਟ ਐਵਾਰਡੀ, ਲੈਕਚਰਾਰ ਕੁਲਵਿੰਦਰ ਸਿੰਘ, ਕਵਲਜੀਤ ਕੌਰ, ਪ੍ਰਭਜੋਤ ਕੌਰ,ਨਿਰਮਲ ਕੌਰ, ਸੈਂਟਰ ਹੈਡ ਟੀਚਰ ਸ੍ਰੀ ਮਿਹਰਪਾਲ ਸਿੰਘ,ਮੈਡਮ ਸ਼ਰਮੀਲੀ, ਨੀਰਜ ਸੇਠੀ, ਮੀਡੀਆ ਇੰਚਾਰਜ ਦਿਨੇਸ਼ ਕੁਮਾਰ, ਪ੍ਰੇਮ ਸਿੰਘ ਖੱਬੇ ਡੋਗਰਾ, ਹੈਡ ਟੀਚਰ ਓਂਕਾਰ ਸਿੰਘ ਪੱਖੋਕੇ, ਹੈੱਡ ਟੀਚਰ ਜਗਜੀਤ ਸਿੰਘ ਖਹਿਰਾ, ਬੀਆਰਸੀ ਗੁਰਸਾਹਿਬ ਸਿੰਘ, ਮੈਡਮ ਰਜਨੀ, ਅਮਨਦੀਪ ਸਿੰਘ ਭੁੱਲਰ ਤੋਂ ਇਲਾਵਾ ਸੈਂਕੜੇ ਅਧਿਆਪਕਾਂ ਨੇ ਇਸ ਪ੍ਰਚਾਰ ਵੈਨ ਨਾਲ ਵੱਖ ਵੱਖ ਪਿੰਡਾਂ ਵਿੱਚ ਆਮ ਜਨਤਾ ਨਾਲ ਰਾਬਤਾ ਕਾਇਮ ਕਰਕੇ ਉਹਨਾਂ ਨੂੰ ਪ੍ਰੇਰਿਤ ਕੀਤਾ।

# ਭੱਠਲ ਦੱਸਣ ਕਿਹੜੇ ਅ.ਫਸਰ ਦਿੰਦੇ ਸਨ ਬੰਬ ਧਮਾਕਿਆਂ ਦੀਆਂ ਸਲਾਹਾਂ: ਧਾਲੀਵਾਲ

**ਅੰਮ੍ਰਿਤਸਰ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਬੰਬ ਧਮਾਕਿਆਂ ਵਾਲੇ ਬਿਆਨ ’ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਆਪਣੀ ਸੱਤਾ ਲਈ ਪੰਜਾਬ ਨੂੰ ਤਬਾਹ ਕਰਨ ਵਾਸਤੇ ਵੱਡੀਆਂ ਸਾਜ਼ਿਸ਼ਾਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਖ਼ੁਦ ਉਸ ਕਾਲੇ ਦੌਰ ਦੇ ਪੀੜਤ ਹਨ ਅਤੇ ਉਨ੍ਹਾਂ ਦੇ ਪਰਿਵਾਰ ਦੇ 3 ਜੀਅ ਤੇ ਪਿੰਡ ਜਗਦੇਵ ਕਲਾਂ ਦੇ 25 ਬੰਦੇ ਅਤਿਵਾਦ ਦੀ ਭੇਟ ਚੜ੍ਹੇ।ਵਿਧਾਇਕ ਨੇ ਕਿਹਾ ਕਿ 1980 ਵਿੱਚ ਜਦੋਂ ਦਰਬਾਰਾ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਬੀਬੀ ਭੱਠਲ ਉਨ੍ਹਾਂ ਦੀ ਕੈਬਨਿਟ ਦਾ ਹਿੱਸਾ ਸਨ ਤਾਂ ਉਸ ਸਮੇਂ ਢਿੱਲਵਾਂ ਨੇੜੇ ਪਹਿਲਾ ਵੱਡਾ ਕਾਂਡ ਹੋਇਆ, ਜਦੋਂ ਇੱਕ ਬੱਸ ਵਿੱਚੋਂ ਇੱਕ




ਫਿਰਕੇ ਦੇ ਲੋਕਾਂ ਨੂੰ ਲਾਹ ਕੇ ਕਤਲ ਕੀਤਾ ਗਿਆ। ਉਸ ਕਾਂਡ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿੱਚ ਸੀ.ਆਰ.ਪੀ.ਐਫ ਅਤੇ ਨੀਮ ਫੌਜੀ ਬਲਾਂ ਦੀ ਐਂਟਰੀ ਹੋਈ ਅਤੇ ਪੰਜਾਬ ਦੇ ਸਿਰ ’ਤੇ ਕਰਜ਼ਾ ਚੜ੍ਹਨਾ ਸ਼ੁਰੂ ਹੋਇਆ। ਉਨ੍ਹਾਂ ਕਿਹਾ ਕਿ ਡੇਢ ਮਹੀਨੇ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੰਨਿਆ ਸੀ ਕਿ ਜਦੋਂ ਉਹ ਕਾਂਗਰਸ ਐਮ.ਪੀ. ਸਨ ਤਾਂ ਉਨ੍ਹਾਂ ਨੇ 25 ਨੌਜਵਾਨਾਂ ਦਾ ਆਤਮ ਸਮਰਪਣ ਕਰਾਇਆ ਪਰ ਉਹ ਸਾਰੇ ਮਾਰ ਦਿੱਤੇ ਗਏ। ਧਾਲੀਵਾਲ ਨੇ ਸਵਾਲ ਕੀਤਾ ਕਿ ਉਨ੍ਹਾਂ ਮੁੰਡਿਆਂ ਦੀਆਂ ਲਾਸ਼ਾਂ ਕਿੱਥੇ ਗਈਆਂ ਅਤੇ ਉਨ੍ਹਾਂ ਦੇ ਨਾਂ ਕੀ ਸਨ। ਆਪ ਆਗੂ ਨੇ ਕਿਹਾ ਕਿ 2017 ਦੀਆਂ ਚੋਣਾਂ ਵਿੱਚ ਜਦੋਂ ਆਮ ਆਦਮੀ ਪਾਰਟੀ ਦੇ 100 ਸੀਟਾਂ ਜਿੱਤਣ ਦੀ ਚਰਚਾ ਸੀ ਤਾਂ ਉਸ ਸਮੇਂ ਮੌੜ ਬੰਬ ਧਮਾਕਾ ਹੋਇਆ ਅਤੇ ਕਾਂਗਰਸ ਦੀ ਸਰਕਾਰ ਬਣ ਗਈ। ਉਨ੍ਹਾਂ ਕਿਹਾ ਕਿ ਅੱਜ ਰਾਜਿੰਦਰ ਕੌਰ ਭੱਠਲ ਦੇ ਬਿਆਨ ਤੋਂ ਇਹ ਸਭ ਕੁਝ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਪੰਜਾਬ ਨਾਲ ਸੱਚਮੁੱਚ ਪਿਆਰ ਹੈ ਤਾਂ ਉਨ੍ਹਾਂ ਨੂੰ ਅਜਿਹੇ ਅਫ਼ਸਰਾਂ ਅਤੇ ਨੇਤਾਵਾਂ ਦੇ ਨਾਂ ਦੱਸਣੇ ਚਾਹੀਦੇ ਹਨ, ਜੋ ਬੰਬ ਧਮਾਕੇ ਕਰਨ ਦੀਆਂ ਸਲਾਹਾਂ ਦਿੰਦੇ ਸਨ। ਜੇਕਰ ਉਹ ਨਾਂ ਨਹੀਂ ਦੱਸਦੇ ਤਾਂ ਉਹ ਆਪਣੇ ਵੱਡੇ-ਵਡੇਰਿਆਂ ਦੀ ਦੇਸ਼ ਭਗਤੀ ਦੀ ਬੇਕਦਰੀ ਕਰ ਰਹੇ ਹਨ। ਵਿਧਾਇਕ ਧਾਲੀਵਾਲ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਇਸ ਬਿਆਨ ਦੀ ਡੂੰਘਾਈ ਨਾਲ ਜਾਂਚ ਕਰਾਈ ਜਾਵੇ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ਾਂ ਬੇਨਕਾਬ ਹੋਣੀਆਂ ਚਾਹੀਦੀਆਂ ਹਨ।

# ਸੱਤਾ ਨੌਸ਼ਹਿਰਾ ਗਰੋਹ ਦੇ ਤਿੰਨ ਕਾਰਕੁਨ ਕਾਬੂ



**ਅੰਮ੍ਰਿਤਸਰ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਅੱਜ ਸੰਖੇਪ ਮੁਕਾਬਲੇ ਦੌਰਾਨ ਵਿਦੇਸ਼ ਬੈਠੇ ਗੈਂਗਸਟਰ ਸੱਤਾ ਨੌਸ਼ਹਿਰਾ ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿਚੋਂ ਇਕ ਭੱਜਣ ਦੀ ਕੋਸ਼ਿਸ਼ ਦੌਰਾਨ ਪੁਲੀਸ ਦੀ ਗੋਲੀ ਲੱਗਣ ਕਰਕੇ ਜ਼ਖ਼ਮੀ ਹੋ ਗਿਆ।

ਉਹ ਸਥਾਨਕ ਕਾਰੋਬਾਰੀ ਨੂੰ ਕਥਿਤ ਨਿਸ਼ਾਨਾ ਬਣਾ ਕੇ ਕੀਤੀ ਗਈ ਗੋਲੀਬਾਰੀ ਵਿੱਚ ਸ਼ਾਮਲ ਸਨ। ਇਹ ਗ੍ਰਿਫ਼ਤਾਰੀਆਂ ‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਤਹਿਤ ਪੁਲੀਸ ਵੱਲੋਂ ਕੀਤੀ ਕਾਰਵਾਈ ਦਾ ਹਿੱਸਾ ਹਨ। ਇਸ ਮਾਮਲੇ ਵਿੱਚ 16 ਜਨਵਰੀ ਨੂੰ ਬੀ-ਡਿਵੀਜ਼ਨ ਪੁਲੀਸ ਥਾਣੇ ਵਿੱਚ ਜਬਰੀ ਵਸੂਲੀ, ਅਪਰਾਧਿਕ ਧਮਕੀ ਅਤੇ ਹਥਿਆਰ ਐਕਟ ਦੇ ਦੋਸ਼ਾਂ ਹੇਠ ਐਫਆਈਆਰ ਦਰਜ ਕੀਤੀ ਗਈ ਸੀ।

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਵੇਰਵੇ ਸਾਂਝੇ ਕਰਦੇ ਹੋਏ ਕਿਹਾ ਕਿ ਗੋਲੀਬਾਰੀ ਦੀ ਘਟਨਾ 16 ਜਨਵਰੀ ਨੂੰ ਵਾਪਰੀ ਸੀ। ਹਾਲਾਂਕਿ ਸ਼ਿਕਾਇਤਕਰਤਾ ਨੇ ਸ਼ੁਰੂ ਵਿੱਚ ਡਰ ਕਾਰਨ ਪੂਰੀ ਜਾਣਕਾਰੀ ਸਾਂਝੀ ਕਰਨ ਤੋਂ ਗੁਰੇਜ਼ ਕੀਤਾ, ਪਰ ਪੁਲੀਸ ਨੇ ਜਾਂਚ ਮਗਰੋਂ ਮਾਮਲੇ ਨੂੰ ਸੁਲਝਾਉਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਸੀ।

# ਧਨ-ਧਾਨਿਆ ਕ੍ਰਿਸ਼ੀ ਯੋਜਨਾ ਦੇ ਪ੍ਰਭਾਵਸ਼ਾਲੀ ਲਾਗੂ ਹੋਣ ਲਈ ਅਹਿਮ ਮੀਟਿੰਗ ਦਾ ਆਯੋਜਨ




**ਫਾਜ਼ਿਲਕਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਧਾਨ ਮੰਤਰੀ ਧਨ-ਧਾਨਿਆ ਕ੍ਰਿਸ਼ੀ ਯੋਜਨਾ ਦੇ ਪ੍ਰਭਾਵਸ਼ਾਲੀ ਲਾਗੂ ਹੋਣ ਲਈ ਅੱਜ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਹ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਭਾਸ਼ ਚੰਦਰ ਦੀ ਅਗਵਾਈ ਹੇਠ ਹੋਈ। ਇਸ ਦੌਰਾਨ ਮੁੱਖ ਖੇਤੀਬਾੜੀ ਅਫਸਰ ਫਾਜਿਲਕਾ ਸ੍ਰੀਮਤੀ ਹਰਪ੍ਰੀਤ ਪਾਲ ਕੌਰ ਅਤੇ ਖੇਤੀਬਾੜੀ ਅਫਸਰ ਸ੍ਰੀਮਤੀ ਮਮਤਾ ਲੂਣਾ ਸਮੇਤ ਯੋਜਨਾ ਨਾਲ ਸੰਬੰਧਿਤ ਸਾਰੇ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਰਹੇ। ਇਸ ਮੌਕੇ ਪ੍ਰਧਾਨ ਮੰਤਰੀ ਧਨ-ਧਾਨਿਆ ਯੋਜਨਾ ਦੇ ਟੀਚਿਆਂ, ਪ੍ਰਗਤੀ ਅਤੇ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਬੈਠਕ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਯੋਜਨਾ ਦੇ ਲਾਭ ਅਸਲ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਉਹਨਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਧਨ-ਧਾਨਿਆ ਕ੍ਰਿਸ਼ੀ ਯੋਜਨਾ ਜੋ ਕਿ ਪਿਛਲੇ ਸਾਲ ਲਾਂਚ ਕੀਤੀ ਗਈ ਸੀ, ਦੇਸ਼ ਵਿੱਚ ਖੇਤੀਬਾੜੀ ਅਤੇ ਕਿਸਾਨਾਂ ਦੇ ਜੀਵਨ ਨੂੰ ਉਚਾ ਚੁੱਕਣ ਲਈ ਇੱਕ ਬਹੁਤ ਮਹੱਤਵਪੂਰਨ ਪਹਿਲਕਦਮੀ ਹੈ। ਇਸ ਦਾ ਮੁੱਖ ਉਦੇਸ਼ ਘੱਟ ਉਤਪਾਦਕਤਾ ਵਾਲੇ 100 ਜ਼ਿਲ੍ਹਿਆਂ ਵਿੱਚ ਖੇਤੀਬਾੜੀ ਨੂੰ ਆਧੁਨਿਕ, ਟਿਕਾਊ ਅਤੇ ਲਾਭਦਾਇਕ ਬਣਾਉਣਾ ਹੈ। ਇਸ ਅਨੁਸਾਰ ਯੋਜਨਾ ਦਾ ਮੁੱਖ ਟੀਚਾ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਆਮਦਨ ਵਧਾਉਣਾ ਹੈ, ਜੋ ਆਪਣੀ ਖੇਤੀ ਉਪਜ ਨੂੰ ਵਧਾ ਕੇ ਅਤੇ ਲਾਗਤਾਂ ਨੂੰ ਘਟਾ ਕੇ ਕੀਤਾ ਜਾਵੇਗਾ।

ਮੀਟਿੰਗ ਦੇ ਅੰਤ ਵਿੱਚ ਸਾਰੇ ਸੰਬੰਧਿਤ ਵਿਭਾਗਾਂ ਨੂੰ ਆਪਣੀ-ਆਪਣੀ ਕਾਰਵਾਈ ਯੋਜਨਾ ਤਿਆਰ ਕਰਕੇ ਜਲਦ ਜਮ੍ਹਾਂ ਕਰਵਾਉਣ ਲਈ ਆਦੇਸ਼ ਦਿੱਤੇ ਗਏ ਤਾਂ ਜੋ ਯੋਜਨਾ ਨੂੰ ਸਮੇਂ-ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ।

# ਐੱਸ.ਡੀ.ਐਮ ਗੁਰਦਾਸਪੁਰ ਸ਼੍ਰੀਮਤੀ ਅਨੁਪ੍ਰੀਤ ਕੌਰ ਦੀ ਪ੍ਰਧਾਨਗੀ ਹੇਠ



**ਗੁਰਦਾਸਪੁਰ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਫੌਜ ਭਰਤੀ ਦਫ਼ਤਰ, ਅੰਮ੍ਰਿਤਸਰ, ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ 05 ਤੋਂ 20 ਮਾਰਚ 2026 ਤੱਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਅਗਨੀਵੀਰ ਭਰਤੀ ਰੈਲੀ ਦਾ ਕਰਵਾ ਰਿਹਾ ਹੈ। ਇਸ ਭਰਤੀ ਰੈਲੀ ਵਿੱਚ, ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀਂ) ਦੀ ਭਰਤੀ ਕੀਤੀ ਜਾਵੇਗੀ।

ਇਸ ਭਰਤੀ ਰੈਲੀ ਨੂੰ ਸਫਲ ਬਣਾਉਣ ਲਈ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ.ਡੀ.ਐੱਮ ਗੁਰਦਾਸਪੁਰ ਸ਼੍ਰੀਮਤੀ ਅਨੁਪ੍ਰੀਤ ਕੌਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ, ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ, ਸੂਬੇਦਾਰ ਮੇਜਰ ਸੰਜੇ, ਉਲੰਪੀਅਨ ਰੁਪਿੰਦਰਪਾਲ ਸਿੰਘ ਪੀ.ਸੀ ਐੱਸ ਅਧਿਕਾਰੀ, ਸ. ਜਸਪ੍ਰੀਤ ਸਿੰਘ, ਡਾ. ਗੁਰਪ੍ਰੀਤ ਕੌਰ, ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ, ਜ਼ਿਲ੍ਹਾ ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ ਅੰਮ੍ਰਿਤਸਰ ਨੇ ਕਿਹਾ ਕਿ ਇਸ ਗੁਰਦਾਸਪੁਰ ਭਰਤੀ ਰੈਲੀ ਵਿੱਚ, ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ, ਮੈਡੀਕਲ ਤੰਦਰੁਸਤੀ ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ।

ਇਸ ਮੌਕੇ ਐੱਸ.ਡੀ.ਐੱਮ ਗੁਰਦਾਸਪੁਰ ਸ਼੍ਰੀਮਤੀ ਅਨੁਪ੍ਰੀਤ ਕੌਰ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਭਰਤੀ ਰੈਲੀ ਨੂੰ ਸਫਲ ਬਣਾਉਣ ਲਈ ਆਪਣੇ ਨਿਰਧਾਰਤ ਕਾਰਜਾਂ ਨੂੰ ਸਮੇਂ ਸਿਰ ਪੂਰਾ ਕਰਨ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਭਰਤੀ ਰੈਲੀ ਵਿੱਚ ਭਾਰਤੀ ਫੌਜ ਨੂੰ ਪੂਰਾ ਸਹਿਯੋਗ ਦੇਵੇਗਾ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਸ ਭਰਤੀ ਰੈਲੀ ਵਿੱਚ ਪਹੁੰਚ ਸਕਣ ਅਤੇ ਭਰਤੀ ਹੋ ਕੇ ਆਪਣੇ ਦੇਸ਼ ਦੀ ਸੇਵਾ ਕਰ ਸਕਣ।

# ਕੁਸ਼ਟ ਰੋਗ ਇਲਾਜ ਯੋਗ ਹੈ, ਸਿਹਤ ਕੇਂਦਰ ਵਿਖੇ ਆ ਕੇ ਕਰਵਾਓ ਜਾਂਚ ਅਤੇ ਇਲਾਜ: ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਤਰਨ ਤਾਰਨ ਦੇ ਸਿਵਲ ਸਰਜਨ, ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਸ਼ੁਕਰਵਾਰ ਨੂੰ ਜਿਲੇ ਦੇ ਵਿੱਚ ਵਿਸ਼ਵ ਕੁਸ਼ਟ ਰੋਗ ਦਿਵਸ ਮੌਕੇ ’ਸਪਰਸ਼’ ਕੁਸ਼ਟ ਰੋਗ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਨੈਸ਼ਨਲ ਲੈਪਰੋਸੀ ਇਰੈਡੀਕੇਸ਼ਨ ਪ੍ਰੋਗਰਾਮ ਤਹਿਤ ਦਫਤਰ ਸਿਵਲ ਸਰਜਨ ਵਿਖੇ ਕਰਵਾਈ ਗਏ ਜਾਗਰੂਕਤਾ ਸੈਮੀਨਾਰ ਦੌਰਾਨ ਨਰਸਿੰਗ ਕਾਲਜ ਦੇ ਵਿਦਿਆਰਥਣਾ ਵੱਲੋਂ ਵੀ ਹਿੱਸਾ ਲਿਆ ਗਿਆ। ਇਸ ਮੌਕੇ ਸਿਹਤ ਕਰਮੀਆਂ ਅਤੇ ਵਿਦਿਆਥਣਾ ਵਲੋਂ ਕੁਸ਼ਟ ਰੋਗ ਦੀ ਰੋਕਥਾਮ ਅਤੇ ਰੋਗੀਆਂ ਨਾਲ ਭੇਦਭਾਵ ਵਿਰੁੱਧ ਸੌਂਹ ਵੀ ਚੁੱਕੀ। ਲੇਪਰੋਸੀ ਪ੍ਰੋਗਰਾਮ ਦੇ ਨੋਡਲ ਅਫਸਰ ਡਾਕਟਰ ਰਾਘਵ ਗੁਪਤਾ ਅਤੇ ਚਮੜੀ ਰੋਗ ਦੇ ਮਾਹਿਰ ਡਾਕਟਰ ਸਤਵਿੰਦਰ ਸਿੰਘ ਮੌਜੂਦ ਰਹੇ।



ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਕੁਸ਼ਟ ਰੋਗ ਪੂਰੀ ਤਰ੍ਹਾਂ ਇਲਾਜ ਯੋਗ ਹੈ ਅਤੇ ਸਾਨੂੰ ਇਸ ਰੋਗ ਤੋਂ ਪੀੜਤ ਵਿਅਕਤੀ ਨਾਲ ਕਿਸੇ ਤਰ੍ਹਾਂ ਦਾ ਭੇਦਭਾਵ ਨਹੀਂ ਕਰਨਾ ਚਾਹੀਦਾ। ਉਹਨਾਂ ਦੱਸਿਆ ਕਿ ਕੁਸ਼ਟ ਰੋਗ ਦੀ ਰੋਕਥਾਮ ਲਈ ਤਰਨ ਤਾਰਨ ਵਿਖੇ ਵਿਸ਼ੇਸ਼ ਲੇਪਰੋਸੀ ਵਿੰਗ ਸਥਾਪਿਤ ਕੀਤਾ ਹੈ ਜਿੱਥੇ ਵਿਅਕਤੀ ਦੀ ਜਾਂਚ ਅਤੇ ਦਵਾਈਆਂ ਬਿਲਕੁਲ ਮੁਫ਼ਤ ਮੁਹਈਆ ਕਰਵਾਈਆਂ ਜਾਂਦੀਆਂ ਹਨ।

ਉਹਨਾਂ ਦੱਸਿਆ ਕਿ ਕੁਸ਼ਟ ਰੋਗ ਇਲਾਜ ਯੋਗ ਹੈ ਤੇ ਸਾਰੇ ਸਰਕਾਰੀ ਸਿਹਤ ਕੇਂਦਰਾਂ ਤੇ ਇਸ ਦਾ ਮੁਫ਼ਤ ਇਲਾਜ ਉਪਲਬਧ ਹੈ। ਸਿਵਲ ਸਰਜਨ ਡਾਕਟਰ ਰਾਏ ਨੇ ਕਿਹਾ ਕਿ ਇਸ ਪੰਦਰਵਾੜੇ ਦੌਰਾਨ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ਦੇ ਵਿੱਚ ਕੁਛ ਰੋਗ ਦੀ ਰੋਕਥਾਮ ਸਬੰਧੀ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਣਗੀਆਂ। ਉਹਨਾਂ ਜ਼ਿਲੇ ਦੇ ਮਾਸ ਮੀਡੀਆ ਵਿੰਗ ਨੂੰ ਕੁਸ਼ਟ ਰੋਗ ਰੋਕਥਾਮ ਸਬੰਧੀ ਚੱਲ ਰਹੇ ਪੰਦਰਵਾੜੇ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਹਿਦਾਇਤ ਕੀਤੀ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸ ਰੋਗ ਦੇ ਲੱਛਣਾਂ ਅਤੇ ਬਚਾਅ ਬਾਰੇ ਪਤਾ ਚੱਲ ਸਕੇ।

ਨੋਡਲ ਅਫਸਰ ਡਾਕਟਰ ਰਾਘਵ ਗੁਪਤਾ ਅਤੇ ਚਮੜੀ ਰੋਗ ਦੇ ਮਾਹਿਰ ਡਾਕਟਰ ਸਤਵਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਚਮੜੀ ’ਤੇ ਹਲਕੇ ਤਾਂਬੇ ਰੰਗ ਦੇ ਸੁੰਨ ਨਿਸ਼ਾਨ ਹੋਣ, ਜਿਸ ’ਤੇ ਗਰਮ-ਠੰਢੇ ਦਾ ਪਤਾ ਨਾ ਲੱਗੇ ਤਾਂ ਇਹ ਕੁਸ਼ਟ ਰੋਗ ਹੋ ਸਕਦਾ ਹੈ। ਉਹਨਾਂ ਕਿਹਾ ਕੇ ਅਜਿਹੇ ਲੱਛਣ ਸਾਹਮਣੇ ਆਉਣ ’ਤੇ ਤੁਰੰਤ ਨੇੜੇ ਦੇ ਹਸਪਤਾਲ ਜਾ ਕੇ ਚਮੜੀ ਦੇ ਮਾਹਿਰ ਡਾਕਟਰ ਕੋਲ ਜਾਂਚ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਬਿਮਾਰੀ ਦਾ ਪਤਾ ਲਗਾ ਕੇ ਇਲਾਜ ਸ਼ੁਰੂ ਕੀਤਾ ਜਾ ਸਕੇ ਤੇ ਇਸ ਰੋਗ ਤੋ ਹੋਣ ਵਾਲੀ ਦਿਵਿਆਂਗਤਾ ਤੋਂ ਬਚਿਆ ਜਾ ਸਕੇ। ਇਸ ਮੌਕੇ ਜਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ, ਲੈਪਰੋਸੀ ਵਿੰਗ ਸੁਪਰਵਾਈਜ਼ਰ ਸ਼੍ਰੀਮਤੀ ਮਨਿੰਦਰ ਕੌਰ ਆਦਿ ਮੌਜੂਦ ਰਹੇ।

# ਡਿਪਟੀ ਕਮਿਸ਼ਨਰ ਨੇ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ



**ਫਾਜ਼ਿਲਕਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਪੰਜਾਬ ਸਰਕਾਰ ਦੀਆਂ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪੁਰੋਜਰ ਲਾਗੂ ਕਰਨ ਤੇ ਯੋਗ ਲਾਭਪਾਤਰੀਆਂ ਤੱਕ ਇਸ ਦਾ ਲਾਭ ਪੁੱਜਦਾ ਕਰਨ ਲਈ ਵੱਖ—ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਲੋਕਾਂ ਨੂੰ ਸਕੀਮਾਂ ਤੋਂ ਵਾਂਝੇ ਨਾ ਰਹਿਣ ਦਿੱਤਾ ਜਾਵੇ।

ਬੈਠਕ ਦੌਰਾਨ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਮੁੱਖ ਮੰਤਰੀ ਤੀਰਥਾ ਯਾਤਰਾ ਸਕੀਮ ਤੇ ਮੁੱਖ ਮੰਤਰੀ ਸਿਹਤ ਯੋਜਨਾ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਜੋ ਲੜਾਈ ਸ਼ੁਰੂ ਕੀਤੀ ਗਈ ਹੈ ਉਸਨੂੰ ਜਨ ਭਾਗੀਦਾਰੀ ਦੇ ਸਹਿਯੋਗ ਸਦਕਾ ਜੰਗੀ ਪੱਧਰ *ਤੇ ਜਾਰੀ ਰੱਖਿਆ ਜਾਵੇ ਤਾਂ ਜੋ ਨਸ਼ਿਆਂ ਦਾ ਪੂਰੀ ਤਰ੍ਹਾਂ ਖਾਤਮਾ ਹੋ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲੋਕਾਂ ਨੂੰ ਸੁਖਾਵੇ ਮਾਹੌਲ ਵਿਚ ਬਿਨਾ ਕਿਸੇ ਖਜਲ— ਖੁਆਰੀ ਦੇ ਲਾਹਾ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਲੋਕ ਹਿੱਤ ਲਈ ਚਲਾਈਆਂ ਗਈਆਂ ਸਕੀਮਾਂ ਨੂੰ ਮੁਹੱਈਆ ਕਰਵਾਉਣ ਵਿਚ ਕੋਈ ਅਣਗਹਿਲੀ ਨਾ ਵਰਤੀ ਜਾਵੇ।

ਇਸ ਮੌਕੇ ਜ਼ਿਲ੍ਹਾ ਪੁਲਿਸ ਮੁੱਖੀ ਸ. ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿ) ਸੁਭਾਸ਼ ਚੰਦਰ, ਐਸ.ਪੀ. ਗੁਰਮੀਤ ਸਿੰਘ, ਐਸ.ਡੀ.ਐਮ. ਕ੍ਰਿਸ਼ਨਾ ਪਾਲ ਰਾਜਪੂਤ ਆਦਿ ਮੌਜੂਦ ਸਨ।

# ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਹੱਤਤਾ

ਅਮਰਜੀਤ ਕੌਰ ਵਿਰਦੀ

ਕੈਲਸ਼ੀਅਮ ਇਕ ਅਜਿਹਾ ਮਿਨਰਲ ਹੈ ਜੋ ਜੀਵਨ ਲਈ ਅਤਿ ਜ਼ਰੂਰੀ ਹੈ। ਇਹ ਸਰੀਰ ਦੇ ਸੈੱਲਾਂ ਦੀਆਂ ਜੀਵ ਰਸਾਇਣ ਕਿਰਿਆਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਇਸ ਕਰਕੇ ਇਸ ਨੂੰ ਨਿਊਰੋਮੀਟਰ ਵੀ ਕਿਹਾ ਜਾਂਦਾ ਹੈ।
- ਹੱਡੀਆਂ ਦੇ ਬਣਨ, ਵਧਣ, ਮਜ਼ਬੂਤੀ ਦੇਣ ਤੇ ਸੈੱਲ ਮੈਂਬਰੇਨ ਦੇ ਬਣਨ ’ਚ ਸਹਾਈ ਹੈ।
- ਮਾਸ-ਪੇਸ਼ੀਆਂ ਦੇ ਸੁੰਗੜਨ ਤੇ ਫੈਲਣ ’ਚ ਸਹਾਈ ਹੈ।
- ਖ਼ੂਨ ਬਣਾਉਣ ’ਚ ਸਹਾਈ ਹੁੰਦਾ ਹੈ।
- ਸਰੀਰ ’ਚ ਕਈ ਇਨਜ਼ਾਇਮਜ਼ ਨੂੰ ਬਣਾਉਂਦਾ ਹੈ।
- ਭਰੂਣ ਨੂੰ ਵੀ ਬਣਾਉਂਦਾ ਹੈ।
- ਕੈਲਸ਼ੀਅਮ ਨਿਕੜੇ-ਅੰਗ ਮਾਈਟੋਕਾਂਡਰੀਆ ’ਚ ਜਮ੍ਹਾਂ ਹੁੰਦਾ ਹੈ।

ਵਿਟਾਮਿਨ ਡੀ3 ਦੀ ਐਕਟਿਵ ਕਿਸਮ ਭੋਜਨ ਆਂਤੜੀ ’ਚੋਂ ਕੈਲਸ਼ੀਅਮ ਸੋਖਣ ’ਚ ਸਹਾਇਤਾ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਹੋਵੇ ਤਾਂ ਕੈਲਸ਼ੀਅਮ ਦਾ ਸੋਖਣਾ ਨਹੀਂ ਹੁੰਦਾ ਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਉਮਰ ’ਚ ਹੀ ਜ਼ਿਆਦਾ ਕੈਲਸ਼ੀਅਮ ਦੀ ਲੋੜ ਪੈ ਜਾਂਦੀ ਹੈ। 150 ਸਾਲ ਦੀ ਉਮਰ ਤਕ ਪੁਰਸ਼ ਤੇ ਔਰਤਾਂ ਨੂੰ ਲਗਪਗ 1,000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ ਪਰ 50 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਨੂੰ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਜਦ ਕਿ ਪੁਰਸ਼ਾਂ ਨੂੰ 60-65 ਸਾਲ ਦੀ ਉਮਰ ’ਚ ਇਸ ਤਰ੍ਹਾਂ ਦੀ ਲੋੜ ਪੈਂਦੀ ਹੈ। ਬੱਚਿਆਂ ਨੂੰ 4-8 ਸਾਲ ਦੀ ਉਮਰ ਤਕ ਲਗਪਗ 1,000 ਮਿਲੀਗ੍ਰਾਮ ਤੇ 9-18 ਸਾਲ ਦੀ ਉਮਰ ’ਚ ਲਗਪਗ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

**• ਕੈਲਸ਼ੀਅਮ ਦੀ ਘਾਟ ਕਿਵੇਂ ਹੋ ਜਾਂਦੀ ਹੈ?**

ਹਰ ਰੋਜ਼ ਸਾਡੇ ਸਰੀਰ ’ਚੋਂ ਚਮੜੀ ਰਾਹੀਂ, ਨਹੁੰਆਂ ਰਾਹੀਂ, ਵਾਲ਼ਾਂ ਦੇ ਝੜਨ ਨਾਲ, ਪਸੀਨੇ ਦੁਆਰਾ, ਪਿਸ਼ਾਬ ਰਾਹੀਂ ਤੇ ਪਖਾਨੇ ਰਾਹੀਂ ਤੇ ਹੱਡੀਆਂ ਦੀ ਟੁੱਟ ਭੱਜ ਨਾਲ ਵੀ ਕੈਲਸ਼ੀਅਮ ਸਰੀਰ ’ਚ ਘੱਟਦਾ ਰਹਿੰਦਾ ਹੈ। ਇਸ ਲਈ ਕੈਲਸ਼ੀਅਮ ਦੀ ਸਾਨੂੰ ਰੋਜ਼ਾਨਾ ਭੋਜਨ ’ਚ ਲੋੜ ਹੁੰਦੀ ਹੈ।

**ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ ਵਿਟਾਮਿਨ ਡੀ**

ਵਿਟਾਮਿਨ ਡੀ ਸੂਰਜ ਦੀਆਂ ਕਿਰਨਾਂ ਦੁਆਰਾ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਰੋਜ਼ਾਨਾ ਸਵੇਰ ਦੀ ਧੁੱਪ ਲਵਾਉਣ ਨਾਲ ਵਿਟਾਮਿਨ ਡੀ ਪ੍ਰਾਪਤ ਹੋ ਜਾਂਦਾ ਹੈ। ਵਿਟਾਮਿਨ ਡੀ ਭੋਜਨ ਦੇ ਰੂਪ ’ਚ ਫੈਟੀ ਫਿਸ਼ ਜਿਵੇਂ-ਟੂਨਾ, ਸੈਲਮਨ, ਸਾਰਡੀਨ ਆਦਿ। ਕਾਡ ਲਿਵਰ ਆਇਲ, ਆਂਡਾ, ਚੀਜ, ਸੰਤਰੇ ਦਾ ਜੂਸ, ਸੋਇਆ ਮਿਲਕ ਆਦਿ ਤੋਂ ਪ੍ਰਾਪਤ ਹੁੰਦਾ ਹੈ।

**• ਕੈਲਸ਼ੀਅਮ ਕਿਵੇਂ ਪੂਰਾ ਕਰੀਏ?**

ਕੈਲਸ਼ੀਅਮ ਅਸੀਂ ਆਪਣੇ ਰੋਜ਼ਾਨਾ ਭੋਜਨ ’ਚ ਪ੍ਰਾਪਤ ਕਰਦੇ ਹਾਂ। ਇਸ ਲਈ ਰੋਜ਼ਾਨਾ ਲਗਪਗ ਦੋ ਗਲਾਸ ਘੱਟ ਫੈਟ ਵਾਲਾ ਦੁੱਧ ਆਮ ਵਿਅਕਤੀ ਲਈ ਤੇ ਬੱਚਿਆਂ ਨੂੰ ਇਸ ਤੋਂ ਜ਼ਿਆਦਾ ਦੁੱਧ ਦੀ ਲੋੜ ਹੁੰਦੀ ਹੈ। ਇਕ ਛੋਟੀ ਕਟੋਰੀ ਦਹੀਂ ਤੇ 30 ਕੁ ਗ੍ਰਾਮ ਪਨੀਰ ਇਹ ਸਾਰੇ ਦਿਨ ਦੀ ਡਾਈਟ ’ਚ ਸ਼ਾਮਿਲ ਕਰਨ ਨਾਲ ਕੈਲਸ਼ੀਅਮ ਦੀ ਰੋਜ਼ਾਨਾ ਲੋੜ ਪੂਰੀ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਦੁੱਧ ਦੀ ਥਾਂ ਸੋਇਆ ਮਿਲਕ, ਸੁੱਕਾ ਦੁੱਧ ਜਾਂ ਬਾਦਾਮ ਦਾ ਦੁੱਧ ਵੀ ਵਰਤਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਜਿਵੇਂ-ਬਰੋਕਲੀ, ਪਾਲਕ, ਸ਼ਿਮਲਾ ਮਿਰਚ, ਹਰੀ ਜਾਂ ਲਾਲ ਮਿਰਚ, ਮੂਲੀ ਜਾਂ ਮੂਲੀ ਦੇ ਪੱਤੇ, ਸ਼ਲਗਮ ਤੇ ਮੇਥੀ ਦੇ ਪੱਤੇ, ਹਰਾ ਧਨੀਆਂ, ਪੁਦੀਨਾ, ਹਰੇ ਪਿਆਜ਼, ਪਿਆਜ਼ ਦੀਆਂ ਹਰੀਆਂ ਭੂਕਾਂ, ਚੁਕੰਦਰ, ਮਸ਼ਰੂਮ, ਫੁੱਲ-ਗੋਭੀ, ਗਾਜਰਾਂ,ਤਿਲ ਆਦਿ ਪਦਾਰਥਾਂ ’ਚ ਕੈਲਸ਼ੀਅਮ ਕਾਫ਼ੀ ਮਾਤਰਾ ’ਚ ਪਾਈ ਜਾਂਦੀ ਹੈ। ਲਗਪਗ ਸਾਰੀਆਂ ਪੱਤੇਦਾਰ ਸਬਜ਼ੀਆਂ ਤੇ ਬਾਕੀ ਸਾਰੀਆਂ ਸਬਜ਼ੀਆਂ, ਫਲ, ਸੁਕੇ ਮੇਵੇ ਤੇ ਬੀਜਾਂ ’ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ, ਆਇਓਡੀਨ ਕਾਪਰ ਜ਼ਿੰਕ ਆਦਿ। ਮਿਨਰਲਜ਼ ਜਿਨ੍ਹਾਂ ਦੀ ਸਰੀਰ ਨੂੰ ਥੋੜ੍ਹੀ ਮਾਤਰਾ ’ਚ ਲੋੜ ਹੁੰਦੀ ਹੈ।



**ਸਬਜ਼ੀਆਂ, ਫਲ, ਸੁੱਕੇ ਮੇਵੇ ਤੇ ਬੀਜਾਂ ’ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਇਨ੍ਹਾਂ ’ਚ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਹੁੰਦਾ ਹੈ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ...**

### ਕੈਲਸ਼ੀਅਮ ਦੀ ਘਾਟ ਦੇ ਲੱਛਣ

- ਯਾਦਦਾਸ਼ਤ ਘੱਟ ਸਕਦੀ ਹੈ।
- ਨਹੁੰ ਕਮਜ਼ੋਰ ਹੋ ਜਾਂਦੇ ਹਨ।
- ਦੰਦ ਭੁਰ ਕੇ ਟੁੱਟ ਸਕਦੇ ਹਨ।
- ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਥੋੜ੍ਹੀ ਜਿਹੀ ਸੱਟ ਨਾਲ ਟੁੱਟ ਜਾਂਦੀਆਂ ਹਨ।
- ਡਿਪਰੈਸ਼ਨ ਦਾ ਇਕ ਕਾਰਨ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ।
- ਮਾਸ-ਪੇਸ਼ੀਆਂ ਦੀ ਹਿਲਜੁਲ ਘੱਟ ਜਾਂਦੀ ਹੈ।

45ਤੋਂ 50 ਕੁ ਸਾਲ ਦੀ ਉਮਰ ਤੋਂ ਬਾਅਦ ਆਪਣਾ ਕੈਲਸ਼ੀਅਮ ਟੈਸਟ ਕਰਵਾ ਲੈਣਾ ਚਾਹੀਦਾ ਹੈ ਤੇ ਡਾਕਟਰ ਦੀ ਸਲਾਹ ਨਾਲ ਜੇ ਲੋੜ ਹੋਵੇ ਤਾਂ ਕੈਲਸ਼ੀਅਮ ਸਪਲੀਮੈਂਟ ਵਰਤ ਲੈਣੇ ਚਾਹੀਦੇ ਹਨ ਤਾਂ ਜੋ ਕੈਲਸ਼ੀਅਮ ਸਰੀਰ ’ਚ ਪੂਰਾ ਰਹੇ ਤਾਂ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

95307-49092

## ਪਦਮ ਆਸਣ

ਪਦਮ ਆਸਣ ਯੋਗ ਦਾ ਸਭ ਤੋਂ ਮਹੱਤਵਪੂਰਨ ਆਸਣ ਹੈ। ਇਹ ਆਸਣ ਪ੍ਰਾਣਾਯਾਮ ਦਾ ਅਭਿਆਸ ਕਰਨ ਵਿਚ ਮਦਦ ਕਰਦਾ ਹੈ।

### ਜ਼ਰੂਰੀ ਸਮੱਗਰੀ

ਇਕ ਚਾਦਰ ਜਾਂ ਦਰੀ, ਸ਼ੁੱਧ ਅਤੇ ਸ਼ਾਂਤ ਵਾਤਾਵਰਨ।

### ਸਮਾਂ

ਇਸ ਆਸਣ ਨੂੰ ਖ਼ਾਲੀ ਪੇਟ ਕਰੋ ਜਾਂ ਖਾਣਾ ਖਾਣ ਤੋਂ ਤਿੰਨ ਚਾਰ ਘੰਟੇ ਬਾਅਦ ਕਰੋ। ਯੋਗ ਅਭਿਆਸ ਅਸੀਂ ਸਵੇਰ ਦੇ ਨਾਲ-ਨਾਲ ਸ਼ਾਮ ਦੇ ਵੇਲੇ ਵੀ ਕਰ ਸਕਦੇ ਹਾਂ ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਖ਼ਾਲੀ ਹੋਵੇ ।

### ਵਿਧੀ

- ਸਭ ਤੋਂ ਪਹਿਲਾਂ ਸੁੱਖ ਆਸਣ (ਚੌਂਕੜੀ ਮਾਰਨਾ) ’ਚ ਬੈਠ ਜਾਓ।
- ਹੁਣ ਆਪਣੀਆਂ ਦੋਵੇਂ ਲੱਤਾਂ ਸਾਹਮਣੇ ਦੀ ਤਰਫ਼ ਖੋਲ੍ਹੋ। ਹੁਣ ਸੱਜੇ ਪੈਰ ਨੂੰ ਖੱਬੇ ਪੱਟ ਅਤੇ ਖੱਬੇ ਪੈਰ ਨੂੰ ਸੱਜੇ ਪੱਟ ਉੱਤੇ ਰੱਖ ਲਵੋ।
- ਦੋਵੇਂ ਹੱਥਾਂ ਦੀਆਂ ਗਿਆਨ ਮੁਦਰਾ (ਅੰਗੂਠੇ ਨਾਲ ਪਹਿਲੀ ਉਂਗਲ ਨੂੰ ਮਿਲਾਉ, ਬਾਕੀ ਤਿੰਨ ਉਂਗਲਾਂ ਬਾਹਰ ਦੀ ਤਰਫ਼ ਖੁੱਲ੍ਹੀਆਂ ਰਹਿਣਗੀਆਂ) ਬਣਾ ਕਿ ਗੋਡਿਆਂ ਉੱਤੇ ਰੱਖ ਲਵੋ।
- ਇਸ ਤਰ੍ਹਾਂ ਕਰਦੇ ਹੋਏ ਹਥੇਲੀਆਂ ਆਸਮਾਨ ਦੀ ਤਰਫ਼ ਹੋਣਗੀਆਂ।
- ਰੀੜ੍ਹ ਦੀ ਹੱਡੀ ਅਤੇ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਅੱਖਾਂ ਬੰਦ।
- ਇਸ ਆਸਣ ਨਾਲ ਅਸੀਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹਾਂ।
- ਜੇ ਦੋਵੇਂ ਲੱਤਾਂ ਨਾ ਚੁੱਕ ਸਕੋ ਤਾਂ ਕੁਝ ਦਿਨ ਤਕ ਇਕ-ਇਕ ਲੱਤ ਨਾਲ ਵੀ ਅਭਿਆਸ ਕਰ ਸਕਦੇ ਹੋ।

### ਸਾਵਧਾਨੀਆਂ

- ਮਨ ਤਣਾਅ ਰਹਿਤ ਰਹੇ।
- ਸਾਰਾ ਧਿਆਨ ਆਪਣੇ ਆਸਣ ਵੱਲ ਹੋਵੇ।
- ਸ਼ੁਰੂ ਸ਼ੁਰੂ ਵਿਚ ਜ਼ਿਆਦਾ ਜ਼ੋਰ ਨਾ ਲਾਉ, ਹੌਲੀ ਅਭਿਆਸ ਕਰੋ।
- ਜਿਨ੍ਹਾਂ ਨੇ ਗੋਡਿਆਂ ਦਾ ਆਪਰੇਸ਼ਨ ਕਰਵਾਇਆ ਹੋਵੇ ਉਹ ਇਸ ਨੂੰ ਨਾ ਕਰਨ।
- ਸਮਰੱਥਾ ਤੋਂ ਜ਼ਿਆਦਾ ਜ਼ੋਰ ਨਾ ਲਾਉ।

### ਲਾਭ

- ਇਸ ਨਾਲ ਧਿਆਨ ਸਮਰੱਥਾ ਵਿਚ ਵਾਧਾ ਹੁੰਦਾ ਹੈ।
- ਇਹ ਆਸਣ ਦਿਮਾਗ਼ ਨੂੰ ਸ਼ਾਂਤ ਕਰਦਾ ਹੈ।
- ਪੱਟਾਂ ਨੂੰ ਮਜ਼ਬੂਤ ਕਰਦਾ ਹੈ ।
- ਪੜ੍ਹਨ ਵਾਲੇ ਬੱਚਿਆਂ ਲਈ ਬਹੁਤ ਲਾਭਕਾਰੀ ਹੈ ।
- ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵਧੀਆ ਹੈ।





## ਇਮਿਊਨ ਸਿਸਟਮ

ਸਰੀਰ ’ਚ ਕਮਜ਼ੋਰੀ ਆਉਣ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਿਸ ਕਰਕੇ ਰੋਗ ਸਰੀਰ ’ਤੇ ਜਲਦੀ ਅਸਰ ਕਰਦਾ ਹੈ। ਕਮਜ਼ੋਰੀ ਦੇ ਕਾਰਨ ਸਿਰ ਦਰਦ, ਜ਼ੁਕਾਮ ਵਰਗੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਖਾਣੇ ’ਚ ਪਾਲਕ, ਪਪੀਤਾ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਇਸ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਆਓ ਜਾਣਦੇ ਹਾਂ ਕਮਜ਼ੋਰੀ ਨੂੰ ਦੂਰ ਕਰਨ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

### ਪਾਲਕ

ਸਰੀਰ ਨੂੰ ਸਵਸਥ ਰੱਖਣ ਲਈ ਪਾਲਕ ਦਾ ਸੇਵਨ ਵੀ ਲਾਭਕਾਰੀ ਹੈ। ਹਰ ਰੋਜ਼ ਇਕ ਕੱਪ ਪਾਣੀ ’ਚ 4-5 ਪਾਲਕ ਦੇ ਪੱਤਿਆਂ ਨੂੰ ਪਾ ਕੇ ਉਬਾਲ ਲਓ ਤੇ ਠੰਢਾ ਹੋਣ ’ਤੇ ਅੱਧਾ ਗਿਲਾਸ ਟਮਾਟਰ ਦਾ ਰਸ ਪਾ ਕੇ ਪੀਣਾ ਸਿਹਤ ਲਈ ਗੁਣਕਾਰੀ ਹੁੰਦਾ ਹੈ। ਇਸ ਦੇ ਇਲਾਵਾ ਪਾਲਕ ਤੇ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ।

### ਪਪੀਤਾ

ਪਪੀਤਾ ਬਲੱਡ ਦੇ ਪਲੇਟਲੈਟਸ ਨੂੰ ਵਧਾਉਣ ’ਚ ਮਦਦ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਰਸ ਜਾਂ ਫਿਰ ਪੱਕਾ ਪਪੀਤਾ ਖਾਣਾ ਵੀ ਸਿਹਤਮੰਦ ਹੈ।

### ਚੁਕੰਦਰ

*ਚੁਕੰਦਰ ਨੂੰ ਜ਼ਿਆਦਾ ਸਲਾਦ ਦੇ ਤੌਰ ’ਤੇ ਖਾਧਾ ਜਾਂਦਾ ਹੈ। ਇਸ ਨਾਲ ਕੁਦਰਤੀ ਐਂਟੀਔਕਸੀਡੈਂਟ ਤੇ ਹੇਮੋਸਟੈਟਿਕ ਗੁਣ ਪਾਏ ਜਾਂਦੇ ਹਨ। ਚੁਕੰਦਰ ਦੇ 2 ਚਮਚ ਜੂਸ ’ਚ 1 ਗਲਾਸ ਗਾਜਰ ਦਾ ਜੂਸ ਮਿਲਾ ਕੇ ਪੀਣ ਨਾਲ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ।*

### ਨਾਰੀਅਲ ਪਾਣੀ

ਸਰੀਰ ’ਚ ਇਲੈਕਟ੍ਰੋਲਾਇਟਸ ਦੀ ਘਾਟ ਹੋਣ ’ਤੇ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਾਰੀਅਲ ਪਾਣੀ ਪੀਣ ਨਾਲ ਇਲੈਕਟ੍ਰੋਲਾਇਟਸ ਦੀ ਮਾਤਰਾ ਪੂਰੀ ਹੋ ਜਾਂਦੀ ਹੈ ਤੇ ਇਹ ਕੁਦਰਤੀ ਖਣਿਜ ਪਦਾਰਥ ਦਾ ਬਹੁਤ ਵਧੀਆ ਸਰੋਤ ਹੈ।

## ਕਸਰਤ ਦੇ ਲਾਭਾਂ ਨੂੰ ਵਿਗਾੜਦਾ ਹੈ ਹਵਾ ਦਾ ਪ੍ਰਦੂਸ਼ਣ

ਆਵਾਜਾਈ ਪ੍ਰਦੂਸ਼ਣ ਹੁਣ ਅਜਿਹੇ ਪ੍ਰਕਾਸ਼ਿਤ ਦੋ ਵੱਖਰੇ ਅਧਿਐਨਾਂ ਅਨੁਸਾਰ ਬਜ਼ੁਰਗਾਂ ਅਤੇ ਅਣਜੰਮੇ ਬੱਚਿਆਂ ਲਈ ਸਿਹਤ ਦੇ ਖ਼ਤਰੇ ਖੜ੍ਹਾ ਕਰਦਾ ਹੈ। ਖੋਜ ’ਚ ਪਾਇਆ ਹੈ ਕਿ ਇਕ ਭੀੜ-ਭੜੱਕੇ ਵਾਲੀ ਗਲੀ ਵਿਚ ਦੋ ਘੰਟਿਆਂ ਦੀ ਸੈਰ ਕਰਦੇ ਸਮੇਂ ਬਿਰਧ ਲੋਕਾਂ ਦੇ ਹਵਾ ਦੇ ਪ੍ਰਦੂਸ਼ਣ ਦੀ ਖ਼ੁਰਾਕ ਪਾਈ ਜਾਂਦੀ ਹੈ ਅਤੇ ਉਨ੍ਹਾਂ ਖ਼ੂਨ ਦੀਆਂ ਨਾੜੀਆਂ ਵਿਚ ਨੁਕਸ ਪੈ ਜਾਂਦਾ ਹੈ ਅਤੇ ਫੇਫੜਿਆਂ ਦੇ ਫੈਲਣ ਵਿਚ ਪਰੇਸ਼ਾਨੀ ਹੁੰਦੀ ਹੈ। ਪੈਦਲ ਚੱਲਣ ਵਾਲਾ ਇਕ ਅਸਰਦਾਰ ਪ੍ਰਭਾਵੀ ਅਭਿਆਸ ਹੈ ਜੋ ਐਨਐੱਚਐੱਸ ਦੁਆਰਾ ਬਜ਼ੁਰਗਾਂ ਲਈ ਆਪਣੀ ਕਾਰਡੀਓਵੈਸਕੁਲਰ ਫਿਟਨੈਸ ਨੂੰ ਬਿਹਤਰ ਬਣਾਉਣ ਲਈ ਸਿਫਾਰਸ਼ ਕਰਦਾ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੇ ਇਸ ਨੂੰ ਨਕਾਰ ਦਿੱਤਾ ਹੈ। ਸਿਹਤਮੰਦ ਭਾਗੀਦਾਰਾਂ ਵਿਚ ਹੈਡ ਪਾਰਕ ਵਿਚ ਸੈਰ ਹਵਾ ਦੀ ਮਾਤਰਾ ’ਚ 7.5 ਫ਼ੀਸਦੀ ਸੁਧਾਰ ਹੋਇਆ। ਜਿਸ ਨਾਲ ਉਨ੍ਹਾਂ ਨੂੰ ਸਾਹ ਚੜ੍ਹਨ ਅਤੇ ਖ਼ੂਨ ਦੇ ਪ੍ਰਵਾਹ ’ਚ ਸੁਧਾਰ ਲਿਆ ਗਿਆ ਸੀ ਜੋ 26 ਘੰਟਿਆਂ ਤਕ ਜਾਰੀ ਰਿਹਾ। ਟ੍ਰੈਫਿਕ ਦੇ ਪ੍ਰਦੂਸ਼ਣ ਦੇ ਥੋੜ੍ਹੇ ਸਮੇਂ ਦੇ ਸੰਪਰਕ ’ਚ ਉਸ ਸਮੇਂ ਦੌਰਾਨ ਸਰੀਰਕ ਗਤੀਵਿਧੀ ਦੇ ਕਾਰਡੀਓ-ਪ੍ਰਤਿਕਿਰਿਆਤਮਕ ਲਾਭਾਂ ਨੂੰ ਰੋਕਿਆ ਗਿਆ ਹੈ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਏਅਰਵੇਜ਼ ਖੁੱਲ੍ਹ ਜਾਂਦੇ ਹਨ ਅਤੇ ਤੁਹਾਡੇ ਖ਼ੂਨ ਦੀਆਂ ਨਾੜਾਂ ਢਲ ਜਾਂ ਖੁੱਲ੍ਹਦੀਆਂ ਹਨ। ਸੈਰ ਕਰਨ ਤੋਂ ਬਾਅਦ ਫੇਫੜਿਆਂ ਦੀ ਸਮਰੱਥਾ ’ਚ ਸਿਰਫ਼ ਛੋਟੀਆਂ ਤਬਦੀਲੀਆਂ ਹੀ ਨਹੀਂ ਬਲਕਿ ਵੱਡੀਆਂ ਤਬਦੀਲੀਆਂ ਵੀ ਆਉਂਦੀਆਂ ਹਨ।

ਜਦੋਂ ਤੁਸੀਂ ਪ੍ਰਦੂਸ਼ਿਤ ਖੇਤਰਾਂ ’ਚ ਅਭਿਆਸ ਕਰਦੇ ਹੋ ਤਾਂ ਤੁਸੀਂ ਵਧੇਰੇ ਸਾਹ ਲੈਂਦੇ ਹੋ ਤੇ ਤੁਸੀਂ ਜ਼ਿਆਦਾਤਰ ਕਣਾਂ ਅਤੇ ਗੈਸਾਂ ਨੂੰ ਆਪਣੇ ਫੇਫੜਿਆਂ ’ਚ ਪਹੁੰਚਾਉਂਦੇ ਹੋ। ਇਸ ਨੂੰ ਬਹੁਤ ਸਾਰੇ ਬਿਰਧ ਲੋਕਾਂ ਲਈ ਰੁਕਾਵਟ ਦੇ ਰੂਪ ’ਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਲਈ ਚੱਲਣ ਦਾ ਇਕੋ ਇਕ ਢੰਗ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ, ਜਿੱਥੇ ਸੰਭਵ ਹੋਵੇ ਪਾਰਕ ਜਾਂ ਹੋਰ ਖ਼ਾਲੀ ਸਥਾਨਾਂ ’ਚ ਰੁੱਝੇ ਸੜਕਾਂ ਤੋਂ ਦੂਰ ਚਲੇ ਜਾਂਦੇ ਹਨ।

• ਵਿਜੈ ਗਰਗ



## ਕੈਂਸਰ ਦਾ ਪਤਾ ਕਿਵੇਂ ਲਗਾਈਏ

ਦੇਸ਼ ’ਚ ਹਰ ਸਾਲ 14.5 ਲੱਖ ਕੈਂਸਰ ਦੇ ਨਵੇਂ ਮਾਮਲੇ ਆਉਂਦੇ ਹਨ। ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ ਲਾਇਫ਼ ਸਟਾਇਲ ਵਿਚ ਤਬਦੀਲੀ, ਸਮੇਂ ਸਿਰ ਜਾਂਚ ਅਤੇ ਠੀਕ ਇਲਾਜ ਨਾਲ ਕੈਂਸਰ ਉੱਤੇ ਵੀ ਸ਼ਕੰਜਾ ਕੱਸਿਆ ਜਾ ਸਕਦਾ ਹੈ। ਇਹੋ ਨਹੀਂ ਥੋੜ੍ਹੀ ਕੋਸ਼ਿਸ਼ ਅਤੇ ਸਾਵਧਾਨੀ ਨਾਲ ਇਸ ਤੋਂ ਬਚਾਅ ਵੀ ਕਾਫ਼ੀ ਹੱਦ ਤਕ ਸੰਭਵ ਹੈ ਪਰ ਸਮਾਜ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਬੰਦਾ ਕੈਂਸਰ ਤੋਂ ਪੀੜਤ ਹੈ। ਅੱਜ ਜ਼ਰੂਰਤ ਹੈ ਕਿ ਜਲਦੀ ਤੋਂ ਜਲਦੀ ਬਿਮਾਰੀ ਦਾ ਪਤਾ ਲੱਗੇ ਤਾਂ ਕਿ ਸੰਪੂਰਨ ਇਲਾਜ ਹੋ ਸਕੇ। ਸੋ ਕੈਂਸਰ ਰੋਗ ਦਾ ਜਲਦੀ ਪਤਾ ਕਿਵੇਂ ਲੱਗ ਸਕੇ ’ਤੇ ਵਿਚਾਰ ਕਰਨਾ ਜ਼ਰੂਰੀ ਹੋ ਗਿਆ ਹੈ।

### ਸਮੇਂ ਸਿਰ ਜਾਂਚ ਕਰਾਓ

ਔਰਤਾਂ 20-30 ਸਾਲ ਦੀ ਉਮਰ ’ਚ ਬਰੈਸਟ ਦੀ ਜਾਂਚ ਕਰਵਾਉਣੀ ਚਾਹੀਦੀ ਹੈ। 30-40 ਸਾਲ ਦੀ ਉਮਰ ’ਚ ਡਾਕਟਰ ਤੋਂ ਜਾਂਚ ਕਰਾਓ। ਬਰੈਸਟ ਕੈਂਸਰ ਦੀ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ’ਚ ਅਲਟਰਾਸਾਊਂਡ ਜ਼ਰੂਰ ਕਰਾ ਲਵੋ। ਘੱਟ ਉਮਰ ’ਚ ਬਰੈਸਟ ਠੋਸ ਹੁੰਦੀ ਹੈ ਅਤੇ ਅਜਿਹੇ ’ਚ ਕਈ ਵਾਰ ਮੈਮੋਗ੍ਰਾਫੀ ’ਚ ਠੀਕ ਰੀਡਿੰਗ ਨਹੀਂ ਆ ਪਾਉਂਦੀ। ਇਸ ਦੇ ਇਲਾਵਾ ਰੈਡੀਏਸ਼ਨ ਵੀ ਹੁੰਦਾ ਹੈ। ਅਜਿਹੇ ’ਚ ਡਾਕਟਰ ਤੋਂ ਪੁੱਛ ਕੇ ਹੀ ਮੈਮੋਗ੍ਰਾਫੀ ਕਰਾਓ। ਜੇ ਪਾਨ-ਗੁਟਕਾ ਖਾਂਦੇ ਹੋ ਤਾਂ 30 ਸਾਲ ਦੇ ਬਾਅਦ ਹਰ ਸਾਲ ਇਕ ਵਾਰ ਸਪੈਸ਼ਲਿਸਟ ਜਾਂ ਫਿਰ ਹੇਡ-ਨੇਕ ਸਰਜਨ ਤੋਂ ਆਪਣੇ ਮੂੰਹ ਅਤੇ ਗਲ਼ੇ ਦੀ ਜਾਂਚ ਕਰਾਓ।

### ਰਹੋ ਚੌਕਸ

ਜੇ ਸਰੀਰ ’ਚ ਕਿਤੇ ਵੀ ਕੋਈ ਗੱਠ, ਫੋੜਾ ਆਦਿ ਹੈ ਜੋ ਕਿ ਤਿੰਨ ਹਫ਼ਤੇ ਤੋਂ ਜ਼ਿਆਦਾ ਵਕਤ ਤੋਂ ਠੀਕ ਨਹੀਂ ਹੋ ਰਿਹਾ, ਕਿਤੇ ਬਲੀਡਿੰਗ ਹੋ ਰਹੀ ਹੈ ਜਾਂ ਭਾਰ ਤੇਜ਼ੀ ਨਾਲ ਡਿੱਗ ਰਿਹਾ ਹੈ, ਵਾਰ-ਵਾਰ ਬੁਖ਼ਾਰ ਆਉਂਦਾ ਹੈ ਤਾਂ ਡਾਕਟਰ ਨੂੰ ਦਿਖਾਓ। ਹਾਲਾਂਕਿ ਇਹ ਲੱਛਣ ਕੈਂਸਰ ਦੇ ਇਲਾਵਾ ਦੂਜੀ ਬਿਮਾਰੀਆਂ ਦੇ ਵੀ ਹੋ ਸਕਦੇ ਹਨ ਪਰ ਜਾਂਚ ਕਰਾਉਣ ਦਾ ਫ਼ਾਇਦਾ ਇਹ ਹੈ ਕਿ ਸ਼ੁਰੂਆਤੀ ਸਟੇਜ ’ਚ ਜਾਣਕਾਰੀ ਮਿਲਣ ਨਾਲ ਇਲਾਜ ਦੀ ਉਮੀਦ ਵੱਧ ਜਾਂਦੀ ਹੈ।

### ਬਰੈਸਟ ਕੈਂਸਰ ਲਈ ਬਰੈਕਾ ਟੈਸਟ

ਜੇ ਮਾਂ ਜਾਂ ਭੈਣ ਨੂੰ ਬਰੈਸਟ ਕੈਂਸਰ ਹੋਇਆ ਹੈ ਤਾਂ ਧੀ ਨੂੰ ਬਰੈਸਟ ਕੈਂਸਰ ਜੀਨ ਟੈਸਟ ਕਰਾ ਲੈਣਾ ਚਾਹੀਦਾ ਹੈ। ਇਹ ਟੈਸਟ ਜੀਂਸ ’ਚ ਕਿਸੇ ਤਰ੍ਹਾਂ ਦੀ ਗੜਬੜੀ ਹੈ ਤਾਂ ਉਸ ਦੀ ਜਾਣਕਾਰੀ ਦਿੰਦਾ ਹੈ। ਇਸ ਨੂੰ ਕਿਸੇ ਵੀ ਉਮਰ ’ਚ ਕਰਾ ਸਕਦੇ ਹੋ।

ਜੇ ਬਰੈਕਾ-1 ’ਚ ਗੜਬੜੀ ਨਿਕਲਦੀ ਹੈ ਤਾਂ ਜ਼ਿੰਦਗੀ ’ਚ ਕਦੇ ਵੀ ਕੈਂਸਰ ਹੋਣ ਦਾ ਸੰਦੇਹ 80 ਫ਼ੀਸਦੀ ਤਕ ਅਤੇ ਬਰੈਕਾ-2 ’ਚ ਗੜਬੜੀ ਹੈ ਤਾਂ ਕੈਂਸਰ ਦਾ ਸੰਦੇਹ 50 ਫ਼ੀਸਦੀ ਤਕ ਵੱਧ ਜਾਂਦਾ ਹੈ। ਜੇ ਟੈਸਟ ਪਾਜਿਟਿਵ ਆਉਂਦਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਲਾਇਫ਼ ਸਟਾਇਲ ਸੁਧਾਰ ਕੇ ਕੈਂਸਰ ਦੀ ਸੰਦੇਹ ਨੂੰ ਘੱਟ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਹੋਣ ਵਾਲੇ ਖ਼ਤਰੇ ਨੂੰ ਟਾਲਿਆ ਜਾ ਸਕਦਾ ਹੈ।

### ਫੇਫੜਿਆਂ ਦੇ ਕੈਂਸਰ ਲਈ ਸੀਟੀ ਸਕੈਨ

ਜੇ ਕੋਈ ਬਹੁਤ ਸਿਗਰਟ ਬੀੜੀ ਪੀਂਦਾ ਹੈ। 15-20 ਸਾਲ ਤੋਂ ਸਮੋਕ ਕਰ ਰਿਹਾ ਹੈ ਅਤੇ ਖਾਂਸੀ ਵੀ ਹੈ ਤਾਂ ਉਸ ਨੂੰ ਫੇਫੜਿਆਂ ਦੀ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ। ਹੁਣ ਅਜਿਹੇ ਲੋਕਾਂ ਲਈ ਲਓ ਡੋਜ ਚੈਸਟ ਸੀਟੀ ਸਕੈਨ ਵੀ ਕੀਤਾ ਜਾਂਦਾ ਹੈ ਜਿਸ ਦੀ ਰੈਡੀਏਸ਼ਨ ਵੀ ਘੱਟ ਹੁੰਦੀ ਹੈ। ਜੇ ਰਿਸਕ ਨਹੀਂ ਹੈ ਤਾਂ ਵੀ 40 ਸਾਲ ਦੀ ਉਮਰ ’ਚ ਇਕ ਵਾਰ ਫੇਫੜਿਆਂ ਦਾ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ।

### ਪ੍ਰੋਸਟੇਟ ਕੈਂਸਰ ਲਈ

50 ਸਾਲ ਦੀ ਉਮਰ ’ਚ ਪੁਰਸ਼ਾਂ ਨੂੰ ਪੀਐਸਏ ਟੈਸਟ ਕਰਾ ਲੈਣਾ ਚਾਹੀਦਾ ਹੈ। ਜੇ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ਵਿਚ ਹੀ ਇਹ ਟੈਸਟ ਕਰਾ ਲਵੋ। ਇਸ ਦੇ ਇਲਾਵਾ ਫਿਜਿਕਲ ਏਗਜਾਮਨੇਸ਼ਨ ਨਾਲ ਵੀ ਪ੍ਰੋਸਟੇਟ ਦੇ ਸਾਇਜ਼ ਆਦਿ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਨੂੰ ਡਿਜਿਟਲ ਰੇਕਟਲ ਏਗਜਾਮਿਨੇਸ਼ਨ ਕਿਹਾ ਜਾਂਦਾ ਹੈ। ਜੇ ਕੋਈ ਗੜਬੜੀ ਨਜ਼ਰ ਆਉਂਦੀ ਹੈ ਤਾਂ ਇਲਾਜ ਕੀਤਾ ਜਾ ਸਕਦਾ ਹੈ।

### ਕੋਲੋਨ ( ਅੰਤੜੀ ) ਕੈਂਸਰ ਲਈ ਸਟੂਲ ਆਕਲਟ ਬਲਡ ਟੈਸਟ

ਜੇ ਟੱਟੀ ’ਚ ਖ਼ੂਨ ਆ ਰਿਹਾ ਹੈ ਤਾਂ ਸਟੂਲ ਆਕਲਟ ਬਲਡ ਟੈਸਟ ਕਰਾਓ। ਜੇ ਕੋਈ ਗੜਬੜੀ ਨਿਕਲਦੀ ਹੈ ਤਾਂ ਕੋਲੋਨੋਸਕੋਪੀ ਕਰਾ ਸਕਦੇ ਹੋ ਜਿਸ ਦੇ ਨਾਲ ਕੈਂਸਰ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹ ਸੱਚ ਹੈ ਕਿ ਆਪਣੇ ਦੇਸ਼ ’ਚ ਹਰ ਕੋਈ ਆਪਣੇ ਸਰੀਰ ਦਾ ਟੈਸਟ ਕਰਾਉਣ ਤੋਂ ਡਰਦਾ ਹੈ ਕਿ ਕਿਤੇ ਕੁਝ ਗੜਬੜ ਨਾ ਆ ਜਾਵੇ ਅਤੇ ਇਸੇ ਡਰ ਕਾਰਨ ਬਿਮਾਰੀ ਵੱਧਦੀ ਜਾਂਦੀ ਹੈ ਅਤੇ ਅੰਤ ਖ਼ਤਰਨਾਕ ਹਾਲਤ ਹੁੰਦੀ ਹੈ। ਤੁਹਾਡੀ ਸਹਾਇਤਾ ਕਰਨ ਲਈ ਡਾਕਟਰ ਹਨ। ਤੁਹਾਡਾ ਸਮੇਂ ਸਿਰ ਇਲਾਜ ਹੋ ਜਾਵੇਗਾ ਤੇ ਤੁਸੀ ਤੰਦਰੁਸਤ ਜੀਵਨ ਜੀ ਸਕੋਗੇ। ਸਿਹਤ ਖੇਤਰ ਨਾਲ ਜੁੜ੍ਹੇ ਹਰ ਇਕ ਬੰਦਾ ਦਾ ਟੀਚਾ ਇਹੋ ਹੀ ਹੁੰਦਾ ਹੈ ਸਭ ਲਈ ਤੰਦਰੁਸਤ ਜੀਵਨ ਤੇ ਲੰਮੀ ਉਮਰ।

• ਡਾ: ਰਿਪੁਦਮਨ ਸਿੰਘ,
ਡਾ: ਹਰਪ੍ਰੀਤ ਸਿੰਘ ਕਾਲਰਾ
9815200134



**ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ ’ਚ ਖਿਚਾਅ ਵਧ ਜਾਂਦਾ ਹੈ...**

## ਪਿੱਠ ਦਰਦ ਹੋ ਸਕਦਾ ਹੈ ਗੰਭੀਰ

ਮਨੁੱਖੀ ਰੀੜ੍ਹ ਦੀ ਹੱਡੀ ਛੋਟੀਆਂ - ਮੋਟੀਆਂ ਹੱਡੀਆਂ ਨਾਲ ਸਬੰਧਤ ਹੈ। ਇਹ ਹੱਡੀਆਂ ਪੱਠਿਆਂ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਿੱਧਾ ਤੇ ਮਜ਼ਬੂਤ ਰੱਖਦੀਆਂ ਹਨ। ਪੱਠਿਆਂ ਦੇ ਨਾਲ-ਨਾਲ ਦੋ ਹੱਡੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸ਼ਾਕ ਆਬਜ਼ਰਵਰਾਂ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੋਵਾਂ ਦਾ ਸਬੰਧ ਪਿੱਠ ਤੋਂ ਐਨ ਹੇਠਾਂ ਸਿੱਧਾ ਰੀੜ੍ਹ ਦੀ ਹੱਡੀ ਥੱਲੇ ਬਣੀ ਚੱਪਣੀ ਨਾਲ ਹੁੰਦਾ ਹੈ, ਜਿਸ ਨੂੰ ਡਿਸਕ ਵੀ ਆਖਦੇ ਹਨ।

### ਦਰਦ ਦੀ ਸ਼ੁਰੂਆਤ

ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ ’ਚ ਖਿਚਾਅ ਵਧ ਜਾਂਦਾ ਹੈ। ਕਈ ਵਾਰੀ ਇਹ ਦਰਦ ਹੱਡੀਆਂ ਦਾ ਠੀਕ ਤਰ੍ਹਾਂ ਨਾਲ ਵਿਕਾਸ ਨਾ ਹੋਣ ਕਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਆਮ ਤੌਰ ’ਤੇ ਬਚਪਨ ਵਿਚ ਵੇਖਣ ਨੂੰ ਮਿਲਦੇ ਹਨ। ਹੋਰ ਕਾਰਨਾਂ ਵਿਚ ਰੀੜ੍ਹ ਦੀ ਹੱਡੀ ਜਾਂ ਇਸ ਨਾਲ ਸਬੰਧਤ ਹੋਰ ਹੱਡੀਆਂ ਉੱਪਰ ਸੱਟ ਦਾ ਲੱਗ ਜਾਣਾ ਹੈ। ਅਕਸਰ ਟੀ.ਬੀ. ਅਲਸਰ ਅਤੇ ਕਿਡਨੀ ਵਰਗੀਆਂ ਬੀਮਾਰੀਆਂ ਨਾਲ ਵੀ ਪਿੱਠ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਸਿਰਫ਼ ਖ਼ੂਨ ਦੀ ਖ਼ਰਾਬੀ ਕਾਰਨ ਹੀ ਹੁੰਦਾ ਹੈ ਅਤੇ ਕੁਝ ਦਿਨਾਂ ਬਾਅਦ ਆਪਣੇ-ਆਪ ਠੀਕ ਹੋ ਜਾਂਦਾ ਹੈ। ਪਿੱਠ ਦਰਦ ਕੇਵਲ ਜਿਸਮਾਨੀ ਵਜ੍ਹਾ ਕਰ ਕੇ ਹੀ ਨਹੀਂ ਸਗੋਂ ਦਿਮਾਗ਼ੀ ਹਾਲਤਾਂ ਕਰ ਕੇ ਵੀ ਹੋ ਸਕਦਾ ਹੈ।ਭਾਵੇਂ ਇਸ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ, ਫਿਰ ਵੀ ਇਹ ਕਾਫ਼ੀ ਪੇਚੀਦਾ ਰੋਗ ਹੈ। ਇਕ ਜਾਣਕਾਰੀ ਅਨੁਸਾਰ ਵੱਡੀ ਉਮਰ ਦੇ ਬਹੁਤ ਸਾਰੇ ਲੋਕ ਇਸ ਰੋਗ ਤੋਂ ਪੀੜਤ ਹਨ। ਬਹੁਤੇ ਕੰਮਾਂ ’ਚ ਜਦੋਂ ਆਦਮੀ ਕੰਮ ਕਰਨ ਲੱਗਾ ਜਾਂ ਠੀਕ ਤਰੀਕੇ ਨਾਲ ਨਹੀਂ ਬੈਠਦਾ ਤਾਂ ਉਸ ਵੇਲੇ ਪਿੱਠ ਦੀਆਂ ਨਾੜਾਂ ’ਤੇ ਨਿਰੰਤਰ ਦਬਾਅ ਪੈਂਦਾ ਹੈ ਜੋ ਨਾੜਾਂ ਨੂੰ ਖਿੱਚਦਾ ਹੈ ਅਤੇ ਨਾੜਾਂ ਤਣ ਜਾਂਦੀਆਂ ਹਨ। ਜਿਹੜੇ ਲੋਕ ਦਿਮਾਗ਼ੀ ਕੰਮ ਜ਼ਿਆਦਾ ਨਹੀਂ ਕਰਦੇ ਅਤੇ ਜਿਸਮਾਨੀ ਮਜ਼ਦੂਰੀ ਕਰਦੇ ਹਨ ਉਨ੍ਹਾਂ ਨੂੰ ਵੀ ਪਿੱਠ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਦਫ਼ਤਰਾਂ ’ਚ ਕਲਰਕਨੁਮਾ ਲੋਕ ਜਿਨ੍ਹਾਂ ਨੂੰ ਲੰਬੇ ਸਮੇਂ ਤਕ ਕੁਰਸੀ ਉੱਪਰ ਬੈਠਣਾ ਪੈਂਦਾ ਹੈ, ਉਨ੍ਹਾਂ ਨੂੰ ਵੀ ਇਹ ਰੋਗ ਅਵੇਸਲਿਆਂ ਹੀ ਹੋ ਜਾਂਦਾ ਹੈ, ਉਹ ਲਗਾਤਾਰ ਇਕ ਸ਼ਕਲ ਵਿਚ ਨਹੀਂ, ਸਗੋਂ ਵਾਰ-ਵਾਰ ਆਸਣ ਬਦਲ ਕੇ ਬੈਠਣਗੇ।

### ਉਪਾਅ

- ਜਿਸ ਮੌਕੇ ਪਿੱਠ ਦਰਦ ਸ਼ੁਰੂ ਹੋਵੇ ਉਸ ਵੇਲੇ ਸਭ ਤੋਂ ਵਧੀਆ ਤਰੀਕਾ ਹੈ ਕਿ ਰੋਗੀ ਨੂੰ ਪੂਰਾ ਆਰਾਮ ਦਿੱਤਾ ਜਾਵੇ। ਆਰਾਮ ਸਮੇਂ ਮੰਜਾ ਆਦਿ ਕੱਸਿਆ ਹੋਣਾ ਚਾਹੀਦਾ ਹੈ ਪਰ ਉਸ ਉੱਪਰ ਕੱਪੜਾ ਜ਼ਰੂਰ ਹੋਵੇ ਕਿਉਂਕਿ ਜੇ ਆਦਮੀ ਕੁਸ਼ਨ ਆਦਿ ਵਾਲੇ ਬਿਸਤਰੇ ’ਤੇ ਸੌਂਦਾ ਹੈ ਅਤੇ ਜੇ ਉਸ ਦੇ ਅਚਾਨਕ ਦਰਦ ਸ਼ੁਰੂ ਹੋਣ ’ਤੇ ਉਸ ਨੂੰ ਸਖ਼ਤ ਬੈੱਡ ਆਦਿ ’ਤੇ ਲਿਟਾਅ ਦਿੱਤਾ ਜਾਵੇ ਤਾਂ ਦਰਦ ਘਟਣ ਦੀ ਬਜਾਏ ਵਧ ਜਾਵੇਗਾ। ਇਸ ਦਾ ਮੰਤਵ ਤਾਂ ਪਿੱਠ ਨੂੰ ਸਹਾਰਾ ਦੇਣਾ ਹੁੰਦਾ ਹੈ। ਇਸ ਲਈ ਦੋ ਇੰਚ ਤੈਅ ਵਾਲਾ ਕੁਸ਼ਨ ਵਰਤਿਆ ਜਾ ਸਕਦਾ ਹੈ।
- ਜਿਨ੍ਹਾਂ ਲੋਕਾਂ ਨੂੰ ਇਹ ਦਰਦ ਵਧੇਰੇ ਹੁੰਦੀ ਹੈ, ਵਧੇਰੇ ਮਾਮਲਿਆਂ ਵਿਚ ਇਹ ਡਿਸਕ ਦੇ ਹਿੱਲ ਜਾਣ ਕਾਰਨ ਹੁੰਦੀ ਹੈ। ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਜੇ ਇਹ ਆਪਣੇ ਪਹਿਲੇ ਸਥਾਨ ’ਤੇ ਆ ਜਾਵੇ ਤਾਂ ਠੀਕ ਹੈ। ਨਹੀਂ ਤਾਂ ਇਸ ਨੂੰ ਕਢਵਾ ਦੇਣਾ ਹੀ ਬਿਹਤਰ ਹੈ। ਇਸ ਦੇ ਨਿਕਲ ਜਾਣ ਨਾਲ ਇਸ ਦਾ ਸਰੀਰ ’ਤੇ ਕਿਸੇ ਤਰ੍ਹਾਂ ਦਾ ਵੀ ਮਾਰੂ ਅਸਰ ਨਹੀਂ ਪੈਂਦਾ।ਉਲਟਾ ਜਾਨ ਸੁਖਾਲੀ ਰਹਿੰਦੀ ਹੈ।
- ਇਸ ਰੋਗ ਤੋਂ ਬਚਣ ਲਈ ਆਪਣੀ ਕਮਰ ਇੰਨੀ ਸਿੱਧੀ ਤੇ ਤਣੀ ਹੋਈ ਰੱਖੋ ਕਿ ਪਿੱਠ ਨੂੰ ਕਿਸੇ ਤਰ੍ਹਾਂ ਦੇ ਸਹਾਰੇ ਆਦਿ ਦੀ ਲੋੜ ਨਾ ਪਵੇ। ਨਰਮ ਬਿਸਤਰੇ ਉੱਪਰ ਸੌਣ ਤੋਂ ਸੰਕੋਚ ਕਰੋ। ਨਰਮ ਬਿਸਤਰਾ ਵੀ ਇਸ ਰੋਗ ਦਾ ਕਾਰਨ ਬਣ ਸਕਦਾ ਹੈ।
- ਜੇ ਬਹੁਤ ਸਖ਼ਤ ਕੰਮ ਨਹੀਂ ਕਰਦੇ ਤਾਂ ਸਰੀਰ ਨੂੰ ਬਹੁਤਾ ਜੰਪ ਨਾ ਕਰਵਾਓ। ਸੱਟ -ਫੇਟ ਤੋਂ ਬਚੋ। ਹੋ ਸਕੇ ਤਾਂ ਜਿਸਮਾਨੀ ਕਸਰਤ ਕਰੋ। ਸਭ ਤੋਂ ਵਧੀਆ ਕਸਰਤ ਤੈਰਾਕੀ ਹੈ।
- ਜੇ ਇਹ ਰੋਗ ਕਿਸੇ ਤਰ੍ਹਾਂ ਵੀ ਦੂਰ ਨਾ ਹੋਵੇ ਤਾਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

### ਸਾਵਧਾਨੀ


- ਕਈ ਵਾਰ ਇਹ ਰੋਗ ਇੰਨਾ ਵੱਧ ਜਾਂਦਾ ਹੈ ਕਿ ਰੋਗੀ ਬੇਹੋਸ਼ ਤਕ ਹੋ ਜਾਂਦਾ ਹੈ। ਇਸ ਸਮੇਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਸਮੇਂ ਕੀਤੀ ਥੋੜ੍ਹੀ ਦੇਰੀ ਵੀ ਖ਼ਤਰਨਾਕ ਹੋ ਸਕਦੀ ਹੈ। ਇਸ ਲਈ ਆਪਣੀ ਸਿਹਤ ਦੀ ਤੰਦਰੁਸਤੀ ਲਈ ਇਨ੍ਹਾਂ ਸਾਵਧਾਨੀਆਂ ਨੂੰ ਜ਼ਰੂਰ ਧਿਆਨ ’ਚ ਰੱਖੋ।



# ਬਲੀਦਾਨ ਦਿਵਸ: ਸ਼ਰਧਾਂਜਲੀ ਸਮਾਰੋਹ ਮੌਕੇ ਦੋ ਮਿੰਟ ਦਾ ਮੌਨ ਧਾਰ ਕੇ ਦੇਸ਼ ਦੇ ਸੁਤੰਤਰਤਾ ਸੰਗਰਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ

## ਸ਼ਹੀਦਾਂ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਹਰ ਨਾਗਰਿਕ ਆਪਣਾ ਯੋਗਦਾਨ ਪਾਵੇ : ਵਰਜੀਤ ਵਾਲੀਆ

**ਪਟਿਆਲਾ, 2 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਦੌਰਾਨ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ।

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਅੱਜ ਇਥੇ ਮਾਲ ਰੋਡ 'ਤੇ ਰਜਿੰਦਰਾ ਲੇਕ ਵਿਖੇ ਸਥਿਤ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਸ਼ਰਧਾਂਜਲੀ ਸਮਾਰੋਹ ਹੋਇਆ।

ਇਸ ਮੌਕੇ ਪਟਿਆਲਾ ਪੁਲਿਸ ਦੀ ਹਥਿਆਰਬੰਦ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਰੋਹ ਮੌਕੇ ਐਸ.ਡੀ.ਐਮ ਪਟਿਆਲਾ ਹਰਜੋਤ ਕੌਰ ਮਾਵੀ, ਮੁੱਖ ਮੰਤਰੀ ਫ਼ੀਲਡ ਅਫ਼ਸਰ ਸਤੀਸ਼ ਚੰਦਰ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

ਵਰਜੀਤ ਵਾਲੀਆ ਨੇ ਦੱਸਿਆ ਕਿ 2 ਫਰਵਰੀ 1948 ਨੂੰ ਮਹਾਤਮਾ ਗਾਂਧੀ ਜੀ ਦੀ ਹੱਤਿਆ ਹੋਈ ਸੀ, ਇਸ ਲਈ ਇਸ ਦਿਨ ਨੂੰ ਬਲਿਦਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਅਤੇ ਇਹ ਦਿਨ ਗਾਂਧੀ ਜੀ ਦੇ ਸੱਚ, ਅਹਿੰਸਾ, ਸ਼ਾਂਤੀ ਅਤੇ ਭਰਾਤਰਤਾ ਦੇ ਸਿਧਾਂਤਾਂ ਨੂੰ ਯਾਦ ਕਰਨ ਲਈ ਸਮਰਪਿਤ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਲਿਦਾਨ ਦਿਵਸ ਗਾਂਧੀ ਜੀ ਦੇ ਸਹਿਣਸ਼ੀਲਤਾ, ਸ਼ਾਂਤੀ, ਸੱਚਾਈ ਅਤੇ ਨੈਤਿਕ ਹਿੰਮਤ ਵਾਲੇ ਸਿਧਾਂਤਾਂ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਦੇਸ਼ ਦੇ ਇਤਿਹਾਸ, ਆਜ਼ਾਦੀ ਸੰਘਰਸ਼ ਅਤੇ ਸ਼ਹੀਦਾਂ ਦੀ ਕੁਰਬਾਨੀ ਬਾਰੇ ਜਾਣਨ ਲਈ ਉਤਸ਼ਾਹਿਤ ਕਰਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਲਿਦਾਨ ਦਿਵਸ ਸਾਡੇ ਦੇਸ਼ ਦੇ ਹਰੇਕ ਸ਼ਹੀਦ ਦੀ ਕੁਰਬਾਨੀ ਨੂੰ ਸਮਰਪਿਤ ਹੈ, ਚਾਹੇ ਉਹ ਆਜ਼ਾਦੀ ਦੀ ਲੜਾਈ ਦੇ ਨਾਇਕ ਸਨ ਜਾਂ ਅੱਜ ਵੀ ਦੇਸ਼ ਦੀ ਰੱਖਿਆ ਕਰ ਰਹੇ ਬਹਾਦੁਰ ਜਵਾਨ, ਕਿਉਂਕਿ ਉਹਨਾਂ ਨੇ ਆਪਣੀਆਂ ਜਾਨਾਂ ਦੇ ਕੇ ਸਾਨੂੰ ਆਜ਼ਾਦੀ, ਸੁਰੱਖਿਆ ਅਤੇ ਸਵੈਭਿਮਾਨ ਦੀ ਜ਼ਿੰਦਗੀ ਦਿੱਤੀ ਹੈ।

ਵਰਜੀਤ ਵਾਲੀਆ ਨੇ ਕਿਹਾ ਕਿ, "ਇਸ ਦਿਨ ਦੀ ਸੱਚੀ ਮਹੱਤਤਾ ਇਹ ਹੈ ਕਿ ਅਸੀਂ ਸੱਚ, ਨੈਤਿਕਤਾ, ਅਹਿੰਸਾ ਅਤੇ ਏਕਤਾ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਈਏ ਅਤੇ ਅਸੀਂ ਸਭ ਮਿਲ ਕੇ ਇਹ ਵਚਨ ਕਰੀਏ ਕਿ ਅਸੀਂ ਆਪਣੇ ਦੇਸ਼ ਨੂੰ ਸ਼ਾਂਤੀ, ਭਰਾਤਰਤਾ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਵਿੱਚ ਆਪਣਾ ਯੋਗਦਾਨ ਪਾਵਾਂਗੇ।"

# ਜਨ ਹਿੱਤ ਸੰਮਤੀ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੀ ਓ ਪੀ ਡੀ ਲਈ ਸੈਟਚਰ ਅਤੇ ਵੀਲ੍ਹਚੇਅਰ ਦਿੱਤੀਆਂ




**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਓ ਪੀ ਡੀ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਲਈ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਸੈਟਚਰ ਅਤੇ ਵੀਲਚੇਅਰ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਡਾਕਟਰ ਵਿਸ਼ਾਲ ਚੋਪੜਾ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਨੇ ਸ਼ਿਰਕਤ ਕੀਤੀ।ਵਿਸ਼ੇਸ਼ ਤੋਰ ਤੇ ਐਸ ਬੀ ਵਰਮਾ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੀਤ ਪ੍ਰਧਾਨ ,ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ,ਐਸ ਪੀ ਪਰਾਸ਼ਰ, ਸਤੀਸ਼ ਜੋਸ਼ੀ, ਮੈਡਮ ਸੁਨੀਤਾ ਮਹਿਤਾ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਲਾਅ ਯੂਨੀਵਰਸਿਟੀ ਸੋਨੀਪਤ,ਸੁਰਿੰਦਰ ਸਿੰਘ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆ ਡਾਕਟਰ ਵਿਸ਼ਾਲ ਚੋਪੜਾ ਮੈਡੀਕਲ ਸੁਪਰਡੈਂਟ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਨੇ ਕਿਹਾ ਕਿ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਓ ਪੀ ਡੀ ਲਈ ਲੋੜਵੰਦ ਮਰੀਜ਼ਾਂ ਲਈ ਸੈਟਚਰ ਅਤੇ ਵੀਲਚੇਅਰ ਦੇਣਾ ਸ਼ਲਾਘਾਯੋਗ ਉਪਰਾਲਾ ਹੈ।ਉਹਨਾ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਪਹਿਲਾਂ ਵੀ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਸਮੇਂ ਸਮੇਂ ਸਿਰ ਲੋੜਵੰਦ ਮਰੀਜ਼ਾਂ ਲਈ ਕੰਬਲ,ਸੈਟਚਰ, ਵੀਲਚੇਅਰ,ਦੀਵਾਈਆ ਦਿੱਤੀਆਂ ਜਾ ਰਹੀਆਂ ਹਨ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਜਨ ਹਿੱਤ ਸੰਮਤੀ ਵੱਲੋਂ ਪਟਿਆਲਾ ਸ਼ਹਿਰ ਦੇ ਪਾਰਕਾਂ ਦੀ ਸਾਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹਾ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ,ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ,ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ, ਕੰਪਿਊਟਰ ਸੈਂਟਰ ਖੋਲਣੇ ਬਹੁਤ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਹਮੇਸ਼ਾ ਲੋੜਵੰਦਾਂ ਦੀ ਮਦਦ ਹਰ ਸਮੇਂ ਤਿਆਰ ਹੈ ।

# ਬ੍ਰਾਹਮਣ ਸਭਾ ਪੰਜਾਬ ਵੱਲੋਂ ਯੂਜੀਸੀ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ



**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਖਿਲ ਭਾਰਤੀ ਵਰਸਿਏ, ਮਹਾਂ ਸਭਾ (ਰਜਿ) ਅਤੇ ਬ੍ਰਾਹਮਣ ਸਭਾ ਪੰਜਾਬ ਵੱਲੋਂ, ਡਿਪਟੀ ਕਮਿਸ਼ਨਰ ਪਟਿਆਲਾ ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਪੰਡਿਤ ਰਾਕੇਸ਼ ਸ਼ਰਮਾ ਅਤੇ ਅਖਿਲ ਭਾਰਤੀ ਬ੍ਰਾਹਮਣ ਬ੍ਰਾਹਮਣ ਮਹਾਸਭਾ ਦੇ ਸੰਗਠਨ ਮੰਤਰੀ (ਉੱਤਰ ਭਾਰਤ) ਰਾਜਿੰਦਰ ਸ਼ਰਮਾ ਦੀ ਅਗਵਾਈ ਹੇਠ ਸਭਾ ਦੇ ਅਧਿਕਾਰੀਆਂ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਭਾਰਤ ਸਰਕਾਰ, ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਯੂਜੀਸੀ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਮੰਗ ਪੱਤਰ ਵਿੱਚ ਦੱਸਿਆ ਗਿਆ ਕਿ 13.:1.:2026 ਨੂੰ ਲਾਗੂ ਕੀਤਾ ਗਿਆ ਯੂਜੀਸੀ ਕਾਨੂੰਨ ਉੱਚ ਜਾਤੀ ਸਮਾਜ ਦੇ ਵਿਦਿਆਰਥੀਆਂ ਦੇ ਸ਼ੋਸ਼ਣ ਦਾ ਕਾਰਨ ਬਣ ਸਕਦਾ ਹੈ। ਇਸ ਕਾਨੂੰਨ ਨੂੰ ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਬ੍ਰਾਹਮਣ ਸਮਾਜ ਵਲੋਂ ਸੜਕਾਂ ਤੇ ਉਤਰ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਮੌਕੇ ਪੰਡਿਤ ਰਾਕੇਸ਼ ਸ਼ਰਮਾ, ਸ਼੍ਰੀ ਸ਼ਿਵਰਾਜ ਸ਼ਰਮਾ, ਪੰਡਿਤ ਕਮਲਦੀਪ ਅੱਤਰੀ ਸਫੀਦੋਂ ਵਾਲੇ, ਸ਼੍ਰੀ ਸੰਜੂ ਸ਼ਰਮਾ, ਸ਼੍ਰੀ ਰਣਬੀਰ ਕੇਵਲ ਅਤੇ ਸ਼੍ਰੀ ਰਾਜਿੰਦਰ ਸ਼ਰਮਾਂ ਮੰਗ ਪੱਤਰ ਸੌਂਪਣ ਲਈ ਮੌਜੂਦ ਰਹਿਣਗੇ।

# ਬਲਾਕ ਪੰਜਗਰਾਈਆਂ ਵਿੱਚ ਵਿਸ਼ਵ ਕੁਸ਼ਟ ਰੋਗ ਦਿਵਸ ਮਨਾਇਆ

**ਸੰਦੌੜ 2 ਫਰਵਰੀ /ਰਾਜੇਸ਼ ਸ਼ਰਮਾ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਵਲ ਸਰਜਨ, ਮਾਲੇਰਕੋਟਲਾ ਡਾ.ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਜੀ.ਐਸ. ਭਿੰਡਰ ਦੀ ਅਗਵਾਈ ਵਿੱਚ ਸਕੂਲ ਵਿੱਚ ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਦੇ ਵਿੱਚ ਵੱਖ ਵੱਖ ਥਾਵੇਂ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਐਂਟੀ ਲੈਪਰੋਸੀ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬਲਾਕ ਬੀ. ਈ. ਈ ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੌਕੇ ਸਿਹਤ ਕਰਮਚਾਰੀਆਂ ਵੱਲੋਂ ਸਕੂਲਾਂ, ਮਾਈਗਰੇਟਰੀ ਅਤੇ ਭੱਠੇਆਂ ਤੇ ਜਾ ਕਿ ਲੋਕਾਂ ਨੂੰ ਲੈਪਰੋਸੀ ਤੋਂ ਬਚਾਅ ਤੇ ਇਲਾਜ ਬਾਰੇ ਜਾਗਰੂਕ ਕੀਤਾ ਗਿਆ, ਇਸ ਮੌਕੇ ਗੱਲਬਾਤ ਕਰਦਿਆਂ ਐਸ ਐਮ ਓ ਡਾ. ਭਿੰਡਰ ਨੇਂ ਦੱਸਿਆ ਕਿ ਕੁਸ਼ਟ ਰੋਗ ਇਲਾਜ ਯੋਗ ਹੈ, ਇਹ ਕੋਈ ਸਰਾਪ ਜਾਂ ਕਰੋਪੀ ਨਹੀਂ ਹੈ।ਇਸ ਲਈ ਸਮੇਂ ਸਿਰ ਇਸ ਦਾ ਇਲਾਜ ਮਾਹਿਰ ਡਾਕਟਰ ਤੋਂ ਕਰਵਾਉਣਾ ਚਾਹੀਦਾ ਹੈ। ਕੁਸ਼ਟ ਰੋਗੀ ਤੋਂ ਨਫਰਤ ਨਹੀਂ ਕਰਨੀ ਚਾਹੀਂਦੀ। ਉਹਨਾਂ ਕਿਹਾ ਕਿ ਚਮੜੀ ਤੇ ਹਲਕੇ ਪੀਲੇ ਚਟਾਕ ਪੈਣਾ, ਚਮੜੀ ਦਾ ਸੁੰਨ ਹੋ ਜਾਣਾ,ਹੱਥਾਂ-ਪੈਰਾਂ ਦੀਆਂ ਉਂਗਲਾਂ ਦਾ ਝੜ ਜਾਣਾ ਗਰਮ ਅਤੇ ਠੰਡੀ ਵਸਤੂ ਦਾ ਪਤਾ ਨਾ ਲੱਗਣਾ, ਚਿਹਰਾ ਚਮਕਦਾਰ ਹੋ। ਜਾਣਾ, ਪਸੀਨਾ ਨਾ ਆਉਣਾ ਆਦਿ ਇਸ ਦੇ ਮੁੱਖ ਲੱਛਣ ਹਨ। ਉਹਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਵਿਚ ਅਜਿਹੇ ਲੱਛਣ ਹੋਣ ਤਾਂ ਉਸ ਨੂੰ ਤੁਰੰਤ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕੁਸ਼ਟ ਰੋਗ ਦਾ ਚੈਕਅਪ ਅਤੇ ਇਲਾਜ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁਫਤ ਕੀਤਾ ਜਾਂਦਾ ਹੈ।

# ਨਿਰੰਕਾਰੀ ਸਮਾਗਮ 'ਚ ਸਮੂਹਿਕ ਵਿਆਹ ਸਮਾਰੋਹ ਵਿੱਚ 82 ਜੋੜਿਆਂ ਨੇ ਵਿਆਹ ਕਰਵਾਇਆ

**ਜੈਤੋਂ,2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਸੰਤ ਨਿਰੰਕਾਰੀ ਮਿਸ਼ਨ ਜੋਨ ਫਿਰੋਜਪੁਰ ਦੇ ਜ਼ੋਨਲ ਇੰਚਾਰਜ਼ ਐਨ ਐੱਸ ਗਿੱਲ ਅਤੇ ਜੈਤੋ ਬ੍ਰਾਂਚ ਦੇ ਮੁਖੀ ਅਸ਼ੋਕ ਧੀਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਾਰਾਸ਼ਟਰ ਸਮੇਤ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ 82 ਜੋੜਿਆਂ ਨੇ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਆਯੋਜਿਤ ਇੱਕ ਵਿਸ਼ਾਲ ਸਮੂਹਿਕ ਵਿਆਹ ਸਮਾਰੋਹ ਵਿੱਚ ਵਿਆਹ ਕਰਵਾਇਆ। ਇਹ ਸਮਾਰੋਹ ਮਹਾਰਾਸ਼ਟਰ ਵਿੱਚ 59ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਰਸਮੀ ਸਮਾਪਤੀ ਤੋਂ ਬਾਅਦ, ਸੰਗਲਵਾੜੀ (ਸਾਂਗਲੀ) ਸਥਾਨ 'ਤੇ ਆਯੋਜਿਤ ਕੀਤਾ ਗਿਆ।

ਇਸ ਸਮੂਹਿਕ ਵਿਆਹ ਸਮਾਰੋਹ ਵਿੱਚ, ਰਵਾਇਤੀ ਹਾਰ, ਨਿਰੰਕਾਰੀ ਵਿਆਹ ਦੇ ਦਸਤਖਤ ਪ੍ਰਤੀਕ, ਸਾਂਝਾ ਹਾਰ ਦੇ ਨਾਲ, ਹਰੇਕ ਜੋੜੇ ਨੂੰ ਮਿਸ਼ਨ ਦੇ ਪ੍ਰਤੀਨਿਧੀਆਂ ਦੁਆਰਾ ਸਾਂਝਾ ਹਾਰ ਵੀ ਭੇਂਟ ਕੀਤਾ ਗਿਆ। ਇਸ ਤੋਂ ਬਾਅਦ, ਆਦਰਸ਼ ਵਿਆਹੁਤਾ ਜੀਵਨ ਨੂੰ ਪ੍ਰੇਰਿਤ ਕਰਨ ਵਾਲਾ ਨਿਰੰਕਾਰੀ ਲਾਵਾਂ ਦਾ ਪਾਠ ਕੀਤਾ ਗਿਆ। ਆਪਣੇ ਪਵਿੱਤਰ ਆਸ਼ੀਰਵਾਦ ਵਿੱਚ, ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਨਵ-ਵਿਆਹੇ ਜੋੜੇ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਆਪਸੀ ਸਹਾਇਤਾ, ਸਤਿਕਾਰ, ਪਿਆਰ ਅਤੇ ਸਮਰਪਣ ਨਾਲ ਜੀਵਨ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਸਤਿਗੁਰੂ ਮਾਤਾ ਜੀ ਨੇ ਉਨ੍ਹਾਂ ਨੂੰ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਅਧਿਆਤਮਿਕਤਾ ਦੇ ਮਾਰਗ ਨਾਲ ਜੁੜੇ ਰਹਿਣ, ਸਤਸੰਗ, ਸੇਵਾ ਅਤੇ ਸਿਮਰਨ ਵਿੱਚ ਨਿਰੰਤਰ ਰੁੱਝੇ ਰਹਿਣ ਅਤੇ ਆਪਸੀ ਸਹਾਇਤਾ ਦੁਆਰਾ ਆਪਣੀ ਸ਼ਰਧਾ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।

ਸਮਾਗਮ ਦੌਰਾਨ, ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਨੇ ਲਾੜੇ ਅਤੇ ਲਾੜੀ 'ਤੇ ਫੁੱਲਾਂ ਦੀ ਵਰਖਾ ਕੀਤੀ, ਉਨ੍ਹਾਂ ਨੂੰ ਆਪਣਾ ਬ੍ਰਹਮ ਆਸ਼ੀਰਵਾਦ ਦਿੱਤਾ। ਇਸ ਮੌਕੇ 'ਤੇ ਮੌਜੂਦ ਪਰਿਵਾਰਕ ਮੈਂਬਰਾਂ ਅਤੇ ਸਾਧ ਸੰਗਤ ਨੇ ਵੀ ਫੁੱਲਾਂ ਦੀ ਵਰਖਾ ਕੀਤੀ, ਜਿਸ ਨਾਲ ਪੂਰੇ ਮਾਹੌਲ ਨੂੰ ਅਧਿਆਤਮਿਕ ਖੁਸ਼ੀ ਨਾਲ ਭਰ ਦਿੱਤਾ। ਇਹ ਦ੍ਰਿਸ਼ ਸੱਚਮੁੱਚ ਅਲੌਕਿਕ ਅਤੇ ਅਭੁੱਲ ਸੀ।

ਇਸ ਸ਼ੁਭ ਮੌਕੇ 'ਤੇ, ਮਹਾਰਾਸ਼ਟਰ ਦੇ ਸਾਂਗਲੀ, ਸਤਾਰਾ, ਕੋਲਹਾਪੁਰ, ਸੋਲਾਪੁਰ, ਧਾਰਸ਼ਿਵ, ਮੁੰਬਈ, ਠਾਣੇ, ਪੁਣੇ, ਡੋਂਬੀਵਲੀ, ਪਾਲਘਰ, ਛਤਰਪਤੀ ਸੰਭਾਜੀਨਗਰ, ਅਹਿਲਿਆਨਗਰ, ਧੂਲੇ, ਜਲਗਾਓਂ, ਨਾਸਿਕ, ਲਾਤੂਰ, ਬੀਡ, ਪਰਭਣੀ, ਨਾਗਪੁਰ, ਵਰਧਾ, ਗੋਂਡੀਆ, ਰਤਨਾਗਿਰੀ ਅਤੇ ਸਿੰਧੂਦੁਰਗ ਸਮੇਤ ਵੱਖ-ਵੱਖ ਰਾਜਾਂ ਉੱਤਰ ਪ੍ਰਦੇਸ਼ ਗੋਰਖਪੁਰ, ਗਾਜ਼ੀਪੁਰ ਅਤੇ ਪ੍ਰਯਾਗਰਾਜ (ਇਲਾਹਾਬਾਦ); ਕਰਨਾਟਕ ਵਿੱਚ ਬੇਲਾਗਵੀ ਅਤੇ ਉਡੂਪੀ (ਕੌਂਡਾਪੁਰ); ਅਤੇ ਛੱਤੀਸਗੜ੍ਹ ਵਿੱਚ ਅੰਬਿਕਾਪੁਰ (ਸੁਰਗੁਜਾ) ਆਦਿ ਥਾਵਾਂ ਤੋਂ ਪਹੁੰਚੇ 82 ਜੋੜੇ ਵਿਆਹ ਦੇ ਬੰਧਨ ਵਿੱਚ ਬੱਝੇ। ਸਮੂਹਿਕ ਸ਼ਾਦੀਆਂ ਤੋਂ ਬਾਅਦ ਸਾਰਿਆਂ ਲਈ ਭੋਜਨ ਦਾ ਢੁਕਵਾਂ ਪ੍ਰਬੰਧ ਕੀਤਾ ਗਿਆ ਸੀ।

ਇਹ ਧਿਆਨ ਦੇਣ ਯੋਗ ਹੈ ਕਿ ਸਾਦੇ ਵਿਆਹਾਂ ਦੀ ਇਸ ਪਰੰਪਰਾ ਦੇ ਤਹਿਤ, ਵੱਡੀ ਗਿਣਤੀ ਵਿੱਚ ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਮਰਦ ਅਤੇ ਔਰਤਾਂ ਨੇ ਲਾੜੇ ਅਤੇ ਲਾੜੀ ਵਜੋਂ ਹਿੱਸਾ ਲਿਆ। ਸਤਿਗੁਰੂ ਦੀ ਪਵਿੱਤਰ ਅਗਵਾਈ ਹੇਠ, ਉਨ੍ਹਾਂ ਨੇ ਉਨ੍ਹਾਂ ਦੀਆਂ ਬ੍ਰਹਮ ਸਿੱਖਿਆਵਾਂ ਨੂੰ ਗ੍ਰਹਿਣ ਕੀਤਾ ਅਤੇ ਨਿਰੰਕਾਰੀ ਪਰੰਪਰਾ ਅਨੁਸਾਰ ਸਾਦੇ ਵਿਆਹ ਕਰਕੇ ਸਮਾਜ ਲਈ ਇੱਕ ਪ੍ਰੇਰਨਾਦਾਇਕ ਉਦਾਹਰਣ ਕਾਇਮ ਕੀਤਾ। ਬਿਨਾਂ ਸ਼ੱਕ, ਸਾਦੇ ਵਿਆਹਾਂ ਦਾ ਇਹ ਸ਼ਾਨਦਾਰ ਦ੍ਰਿਸ਼ ਜਾਤ-ਅਧਾਰਤ ਮਤਭੇਦਾਂ ਨੂੰ ਖਤਮ ਕਰਦਾ ਹੈ ਅਤੇ ਏਕਤਾ ਅਤੇ ਸਮਾਨਤਾ ਦਾ ਇੱਕ ਸੁੰਦਰ ਸੰਦੇਸ਼ ਦਿੰਦਾ ਹੈ, ਜੋ ਕਿ ਨਿਰੰਕਾਰੀ ਮਿਸ਼ਨ ਦੇ ਮੂਲ ਸਿਧਾਂਤਾਂ ਦਾ ਵੀ ਪ੍ਰਤੀਕ ਹੈ।

# ਟਰੈਫਿਕ ਨਿਯਮਾਂ ਬਾਰੇ ਜਾਣੂ ਕਰਵਾਇਆ




**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸਟਰੀ ਸੜਕ ਸੁਰਿਖਿਆਂ ਮਿਸਨ 2026 ਦੇ ਹਿੱਸੇ ਵਜੋਂ ਅੱਜ ਸਰਕਾਰੀ ਮਿਡਲ ਸਕੂਲ ਚੌਂਹਠ ( ਸਮਾਣਾ)ਵਿੱਚ ਗਿਆਨ ਜਯੋਤੀ ਐਜੂਕੇਸਨ ਸੁਸਾਇਟੀ ਪਟਿਆਲਾ ਵਲੋਂ ਰੋਡ ਸੇਫਟੀ ਬਾਰੇ ਜਾਣਕਾਰੀ ਦੇਣ ਜਨਵਰੀ ਵਿੱਚ ਇਹ ਮਹਿੰਮ ਸੁਰੂ ਕੀਤੀ ਸੀ। ਅੱਜ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾ ਦੀ ਜਾਣਕਾਰੀ ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਕਿਹਾ ਸੜਕ ਤੇ ਵਾਹਨ ਚਲਾਉਣ ਸਮੇ ਲਾਲ ਬੱਤੀ ਨਾ ਟੱਪਣ, ਜੈਬਰਾਂ ਕਰਾਸਿੰਗ ਦੀ ਵਰਤੋਂ ਅਤੇ ਪੈਦਲ ਚੱਲਣ ਲਈ ਰਸਤਾ ਛੱਡਣ ਬਾਰੇ ਜਾਣਕਾਰੀ ਦਿੱਤੀ। ਡਾ ਹਰਨੇਕ ਢੋਟ ਨੇ ਹੈਲਮੇਟ ਦੀ ਵਰਤੋ ਅਤੇ ਸੁੱਰਿਖਿਅਤ ਡਰਾਈਵਿੰਗ ਅਭਿਆਸ ਦੀ ਮਹੱਤਤਾਂ ਤੇ ਜੋਰ ਦਿਤਾ। ਇਸ ਸਮੇ ਸਕੂਲ ਦੀ ਮੁੱਖ ਅਧਿਆਪਕ ਸ੍ਰੀਮਤੀ ਜੁਗਰੀਤ ਕੋਰ ਨੇ ਖਾਸ ਤੋਰ ਤੇ ਉਪਕਾਰ ਸਿੰਘ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਾਡੇ ਸਕੂਲ ਵਿੱਚ ਆਕੇ ਵਿਦਿਆਰਥੀਆਂ ਨੂੰ ਇਸ ਭੀੜ ਭੜੱਕੇ ਬਜਾਰਾਂ ਵਿੱਚ ਲੰਗਣ ਲਈ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ।

# ਹੋਂਦ ਚਿੱਲੜ ਦੇ ਸ਼ਹੀਦਾਂ ਲਈ 3 ਫਰਵਰੀ ਨੂੰ ਗੁਰਬਾਣੀ ਪਾਠ 42 ਸਾਲਾਂ ਬਾਅਦ ਵੀ ਇਨਸਾਫ਼ ਦੀ ਅਵਾਜ਼ ਬੁਲੰਦ

**ਲੁਧਿਆਣਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹੋਂਦ ਚਿੱਲੜ (ਹਰਿਆਣਾ) ਵਿੱਚ 1984 ਦੇ ਨਰਸੰਹਾਰ ਦੌਰਾਨ ਸ਼ਹੀਦ ਹੋਏ 32 ਨਿਰਦੋਸ਼ ਸਿੱਖਾਂ ਦੀ ਯਾਦ ਵਿੱਚ 3 ਫਰਵਰੀ ਨੂੰ ਸਵੇਰੇ 10 ਵਜੇ ਗੁਰਬਾਣੀ ਪਾਠ ਅਤੇ ਅਰਦਾਸ ਕੀਤੀ ਜਾਵੇਗੀ।

ਇਸ ਮੌਕੇ ਪਾਇਲ ਤੋਂ ਵਿਧਾਇਕ ਅਤੇ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ 42 ਸਾਲ ਬੀਤ ਜਾਣ ਬਾਵਜੂਦ ਇਨਸਾਫ਼ ਨਾ ਮਿਲਣਾ ਮਨੁੱਖਤਾ 'ਤੇ ਦਾਗ਼ ਹੈ। ਸਮਾਗਮ ਦੌਰਾਨ ਦਰਿੰਦਗੀ ਦੀਆਂ ਥਾਵਾਂ ਲੋਕਾਂ ਸਾਹਮਣੇ ਰੱਖ ਕੇ ਜ਼ਮੀਰਾਂ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਨਸਾਫ਼ ਦੀ ਮੰਗ ਨੂੰ ਹੋਰ ਬੁਲੰਦ ਕੀਤਾ ਜਾਵੇਗਾ।

# ਸੜਕ ਸੁਰੱਖਿਆ ਮਹੀਨਾ ਲਗਾਤਾਰ ਜਾਰੀ: ਡੀ.ਐਸ.ਪੀ ਤਜਿੰਦਰ ਸਿੰਘ

**ਸੁਨਾਮ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰੈਫਿਕ ਪੁਲਿਸ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਸੁਨਾਮ ਵਿਖੇ ਵਹੀਕਲਾਂ ਦੇ ਰਿਫਲੈਕਟਰ ਲਗਾਉਂਦੇ ਹੋਏ ਡੀਐਸਪੀ ਟਰੈਫਿਕ ਜਿਲਾ ਸੰਗਰੂਰ ਸ੍ਰੀ ਤਜਿੰਦਰ ਸਿੰਘ ਨੇ ਕਿਹਾ ਕਿ ਇਹ ਸੜਕ ਸੁਰੱਖਿਆ ਮਹੀਨਾ ਇੱਕ ਜਨਵਰੀ 2026 ਤੋਂ ਲੈ ਕੇ 1 ਫਰਵਰੀ 2026 ਤੱਕ ਮਨਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਥਾਂ-ਥਾਂ ਤੇ ਵੱਡੇ ਪੱਧਰ ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

# ਵਿਧਾਇਕ ਜੌੜਾਮਾਜਰਾ ਨੇ ਆਲਮਪੁਰ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ

**ਸਮਾਣਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿ?ਆਂ ਤੋਂ ਦੂਰ ਰੱਖਣ ਲਈ ਕੀਤੇ ਗਏ ਉਪਰਾਲੇ ਸਫ਼ਲ ਹੋਏ ਹਨ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅੱਜ ਪਿੰਡ ਆਲਮਪੁਰ ਵਿਖੇ ਦੋ ਏਕੜ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਅਤੇ ਸਮਾਣਾ ਸ਼ਹਿਰ ਵਿੱਚ ਬੰਮਣਾ ਪੱਤੀ ਸੜਕ ਤੇ ਮਲਕਾਣਾ ਪੱਤੀ ਵਿਖੇ ਕਰੀਬ 55 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੀਆ ਸੜਕਾ ਦਾ ਨੀਂਹ ਪੱਥਰ ਰੱਖਣ ਮੌਕੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿ?ਆਂ ਤੋਂ ਦੂਰ ਰੱਖਣ ਲਈ ਸ਼ੁਰੂ ਕੀਤੀਆਂ ਖੇਡਾਂ ਵਤਨ ਪੰਜਾਬ ਦੀਆਂ, ਯੁੱਧ ਨਸ਼ਿਆਂ ਵਿਰੁੱਧ ਅਤੇ ਨੌਕਰੀਆਂ ਦੇ ਕੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਸਮੇਤ ਹੋਰ ਉਪਰਾਲਿਆਂ ਦਾ ਜਿਕਰ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਮਨੋਰਥ ਹੈ ਕਿ ਸਾਡੇ ਨੌਜਵਾਨਾਂ ਨਸ਼ਿ?ਆਂ ਤੋਂ ਦੂਰ ਰਹਿਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਅੱਗੇ ਆਉਣ।

ਉਨ੍ਹਾਂ ਦੱਸਿਆ ਕਿ ਇਸ ਤੋਂ ਬਿਨ੍ਹਾਂ ਪੰਜਾਬ ਸਰਕਾਰ ਨੇ ਸੂਬੇ ਦੇ ਵਿਕਾਸ ਲਈ ਬਿਨ੍ਹਾਂ ਵਿਤਕਰੇ ਤੋਂ ਸਾਰੇ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਲਈ ਇਕਸਾਰ ਨੀਤੀ ਬਣਾਈ ਅਤੇ ਸੜਕਾਂ ਸਮੇਤ ਹੋਰ ਕੰਮਾਂ ਲਈ ਦਿਲ ਖੋਲ੍ਹ ਕੇ ਫ਼ੰਡ ਜਾਰੀ ਕੀਤੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਨਵੀਨੀਕਰਨ ਪ੍ਰਾਜੈਕਟਾਂ ਦਾ ਜਾਇਜ਼ਾ

**ਪਟਿਆਲਾ, 2 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਪਟਿਆਲਾ ਦੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਨਵੀਨੀਕਰਨ ਪ੍ਰਾਜੈਕਟਾਂ ਦਾ ਜਾਇਜ਼ਾ ਲੈਣ ਲਈ ਮੰਦਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਮੰਦਰ ਦੀ ਐਡਵਾਇਜਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ, ਡਾ. ਰਾਜ ਕੁਮਾਰ ਗੁਪਤਾ ਤੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਸਮੇਤ ਲੋਕ ਨਿਰਮਾਣ, ਡਰੇਨੇਜ, ਨਗਰ ਨਿਗਮ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਮੰਦਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਰੰਭ ਕਰਵਾਏ ਗਏ ਵਿਕਾਸ ਪ੍ਰਾਜੈਕਟਾਂ ਦੇ ਕੰਮਾਂ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਖ਼ੁਦ ਇਨ੍ਹਾਂ ਕੰਮਾਂ ਦੀ ਨਿਗਰਾਨੀ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਮੰਦਰ ਦਾ ਕੰਮ ਹੋਣ ਕਰਕੇ ਸਾਰੇ ਅਧਿਕਾਰੀ ਇਸ ਕੰਮ ਨੂੰ ਸੇਵਾ ਮੰਨਕੇ ਪੂਰੀ ਤਰ੍ਹਾਂ ਸਮਰਪਿਤ ਭਾਵਨਾ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹਨ ਅਤੇ ਸਾਰੇ ਕੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਿਥੇ ਗਏ ਸਮੇਂ ਮੁਤਾਬਕ ਇੱਕ ਸਾਲ ਦੇ ਅੰਦਰ-ਅੰਦਰ ਪੂਰੇ ਕਰ ਲਏ ਜਾਣਗੇ।

ਵਰਜੀਤ ਵਾਲੀਆ ਨੇ ਇਸ ਮੌਕੇ ਸ੍ਰੀ ਕਾਲੀ ਮਾਤਾ ਮੰਦਰ ਨੂੰ ਨਵਾਂ ਰੂਪ ਦੇਣ ਸਮੇਤ ਮੰਦਰ ਦੇ ਸਰੋਵਰ ਸਾਫ਼ ਨਹਿਰੀ ਪਾਣੀ ਦੀ ਸਪਲਾਈ, ਸੀਵਰੇਜ ਤੇ ਡਰੇਨੇਜ ਸਰੋਵਰ ਦੇ ਆਲੇ-ਦੁਆਲੇ ਬਣਨ ਵਾਲੇ ਨਵੇਂ ਰਸਤੇ ਲਈ ਆਰ.ਸੀ.ਸੀ. ਦੇ ਕੰਮ, ਪ੍ਰਵੇਸ਼ ਦੁਆਰ ਅਤੇ ਸਰੋਵਰ ਦਾ ਨਿਰਮਾਣ, 6 ਬਿਲਡਿੰਗ ਬਲਾਕ ਸਮੇਤ ਚੱਲ ਰਹੇ ਆਮ ਆਦਮੀ ਕਲੀਨਿਕ ਦਾ ਵੀ ਜਾਇਜ਼ਾ ਲਿਆ।

# ਧਰੁਵ ਪਾਂਡਵ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਇਆ

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਧਰੁਵ ਪਾਂਡਵ ਕ੍ਰਿਕਟ ਟ੍ਰਸਟ ਵੱਲੋਂ ਅੱਜ ਯਾਨੀ 2 ਫਰਵਰੀ, 2026 ਨੂੰ ਮਹਾਨ ਮਰਹੂਮ ਕ੍ਰਿਕਟਰ ਸ਼੍ਰੀ ਧਰੁਵ ਪਾਂਡਵ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਟ੍ਰਸਟ ਵੱਲੋਂ ਹਰ ਸਾਲ ਇਸ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ।

ਧਰੁਵ ਪਾਂਡਵ ਕ੍ਰਿਕਟ ਟ੍ਰਸਟ ਦਾ ਗਠਨ ਇੱਕ ਉਭਰਦੇ ਹੋਏ ਨੌਜਵਾਨ ਕ੍ਰਿਕਟਰ ਦੀ ਯਾਦ ਵਿੱਚ ਕੀਤਾ ਗਿਆ ਸੀ, ਜਿਸ ਨੇ ਖੇਡ ਵਿੱਚ ਬਹੁਤ ਨਾਮ ਕਮਾਇਆ ਸੀ ਪਰ ਬਦਕਿਸਮਤੀ ਨਾਲ 2 ਫਰਵਰੀ, 1992 ਨੂੰ ਅੰਬਾਲਾ ਨੇੜੇ ਇੱਕ ਸੜਕ ਹਾਦਸੇ ਵਿੱਚ ਉਸਦੀ ਜਾਨ ਚਲੀ ਗਈ।

ਸ਼੍ਰੀ ਧਰੁਵ ਪਾਂਡਵ ਇੱਕ ਸ਼ਾਨਦਾਰ ਕ੍ਰਿਕਟਰ ਸਨ ਜਿਨ੍ਹਾਂ ਨੇ ਮਹਿਜ਼ ਚੌਦਾਂ ਸਾਲ ਦੀ ਉਮਰ ਵਿੱਚ ਪੰਜਾਬ ਵੱਲੋਂ ਰਣਜੀ ਟਰਾਫੀ ਟੂਰਨਾਮੈਂਟ ਖੇਡਿਆ ਸੀ। ਉਨ੍ਹਾਂ ਦੇ ਨਾਮ ਸਭ ਤੋਂ ਘੱਟ ਉਮਰ ਵਿੱਚ ਸੈਂਕੜਾ ਬਣਾਉਣ ਅਤੇ 1,000 ਫਰਸਟ ਕਲਾਸ ਦੌੜਾਂ ਪੂਰੀਆਂ ਕਰਨ ਦਾ ਰਿਕਾਰਡ ਸੀ। ਉਹ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਅਨਿਲ ਕੁੰਬਲੇ, ਜੇ. ਸ੍ਰੀਨਾਥ, ਵਿਨੋਦ ਕਾਂਬਲੀ, ਅਜੇ ਜਡੇਜਾ ਅਤੇ ਰਾਹੁਲ ਦ੍ਰਾਵਿੜ ਵਰਗੇ ਦਿੱਗਜ ਕ੍ਰਿਕਟਰਾਂ ਦੇ ਸਮਕਾਲੀ ਸਨ। ਇਨ੍ਹਾਂ ਸਾਰੇ ਖਿਡਾਰੀਆਂ ਨੇ ਭਾਰਤੀ ਯੂਥ ਟੀਮ ਵਿੱਚ ਇਕੱਠੇ ਖੇਡਦਿਆਂ ਏਸ਼ੀਆ ਕੱਪ ਜਿੱਤਿਆ ਸੀ। ਧਰੁਵ ਪਾਂਡਵ ਹਮੇਸ਼ਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਖਿਡਾਰੀ ਰਹੇ। ਉਹ ਖੱਬੇ ਹੱਥ ਦੇ ਸਲਾਮੀ ਬੱਲੇਬਾਜ਼ ਅਤੇ ਇੱਕ ਪ੍ਰਭਾਵਸ਼ਾਲੀ ਸੱਜੇ ਹੱਥ ਦੇ ਲੈੱਗ ਸਪਿਨ ਗੇਂਦਬਾਜ਼ ਸਨ। ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਦਿਓਧਰ ਅਤੇ ਦਲੀਪ ਟਰਾਫੀ ਅੰਤਰ-ਜ਼ੋਨਲ ਟੂਰਨਾਮੈਂਟਾਂ ਵਿੱਚ ਵੀ ਹਿੱਸਾ ਲਿਆ ਸੀ। ਉਹ ਜਲਦੀ ਹੀ ਭਾਰਤੀ ਰਾਸ਼ਟਰੀ ਟੀਮ ਲਈ ਖੇਡਣ ਵਾਲੇ ਸਨ, ਪਰ ਇੱਕ ਮੰਦਭਾਗੇ ਸੜਕ ਹਾਦਸੇ ਨੇ ਇਸ ਸਿਤਾਰੇ ਨੂੰ ਸਾਡੇ ਤੋਂ ਖੋਹ ਲਿਆ। ਖ਼ੂਨਦਾਨੀਆਂ ਤੋਂ ਇਲਾਵਾ, ਪਟਿਆਲਾ ਦੇ ਕਈ ਉਘੇ ਨਾਗਰਿਕਾਂ ਨੇ ਕੈਂਪ ਦਾ ਦੌਰਾ ਕੀਤਾ। ਇਸ ਕੈਂਪ ਵਿੱਚ 167 ਖਿਡਾਰੀਆਂ ਅਤੇ ਪਤਵੰਤੇ ਸੱਜਣਾਂ ਨੇ ਖ਼ੂਨਦਾਨ ਕੀਤਾ।

ਟ੍ਰਸਟ ਵੱਲੋਂ ਲੋੜਵੰਦ ਕ੍ਰਿਕਟਰਾਂ ਅਤੇ ਖੇਡ ਨਾਲ ਜੁੜੇ ਹੋਰ ਲੋੜਵੰਦ ਵਿਅਕਤੀਆਂ ਦੀ ਮਦਦ ਵੀ ਕੀਤੀ ਜਾਂਦੀ ਹੈ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸ. ਸੁਖਮਿੰਦਰ ਸਿੰਘ ਚੌਹਾਨ (197- ਐਕਸਾਈਜ਼ ਅਤੇ ਟੈਕਸੇਸ਼ਨ, ਪੰਜਾਬ) ਵੱਲੋਂ ਕੀਤਾ ਗਿਆ। ਕੈਂਪ ਵਿੱਚ ਪੰਜਾਬੀ ਫਿਲਮ ਜਗਤ ਦੀਆਂ ਨਾਮਵਰ ਹਸਤੀਆਂ ਸ. ਹੌਬੀ ਧਾਲੀਵਾਲ ਅਤੇ ਸ਼੍ਰੀਮਤੀ ਸੁਨੀਤਾ ਧੀਰ ਨੇ ਵੀ ਸ਼ਿਰਕਤ ਕੀਤੀ ਅਤੇ ਨੌਜਵਾਨ ਖ਼ੂਨਦਾਨੀਆਂ ਨੂੰ ਇਸ ਨੇਕ ਕਾਰਜ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਕੈਂਪ ਦੇ ਸਫਲ ਆਯੋਜਨ ਵਿੱਚ ਸ਼੍ਰੀ ਨਰਿੰਦਰਪਾਲ ਵਰਮਾ (ਲੱਲੀ), ਪ੍ਰਧਾਨ ਡਿਸਟ੍ਰਿਕਟ ਕੈਮਿਸਟ ਐਸੋਸੀਏਸ਼ਨ ਪਟਿਆਲਾ ਅਤੇ ਪ੍ਰਸਿੱਧ ਸਮਾਜ ਸੇਵੀ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਜ਼ਿਲ੍ਹਾ ਅਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦਾ ਕੀਤਾ ਨਿਰੀਖਣ

**ਅੰਮ੍ਰਿਤਸਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀਮਤੀ ਜਤਿੰਦਰ ਕੌਰ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਅੰਮ੍ਰਿਤਸਰ ਨੇ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀਐਲਐਸਏ), ਅੰਮ੍ਰਿਤਸਰ ਦੇ ਨਾਲ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦਾ ਨਿਰੀਖਣ ਕੀਤਾ। ਇਹ ਜਾਂਚ ਸ਼੍ਰੀ ਰਾਜੀਵ ਕੁਮਾਰ ਅਰੋੜਾ, ਸੁਪਰਿੰਟੈਂਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ ਦੀ ਸਹਾਇਤਾ ਨਾਲ ਕਰਵਾਈ ਗਈ। ਜਾਂਚ ਦਾ ਉਦੇਸ਼ ਜੇਲ੍ਹ ਦੀ ਕਾਰਗੁਜ਼ਾਰੀ, ਉਪਲਬਧ ਸੁਵਿਧਾਵਾਂ ਅਤੇ ਕੈਦੀਆਂ ਦੀ ਭਲਾਈ ਦੀ ਸਮੀਖਿਆ ਕਰਨਾ ਸੀ।

ਦੌਰੇ ਦੌਰਾਨ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਜੇਲ੍ਹ ਦੇ ਵੱਖ-ਵੱਖ ਹਿੱਸਿਆਂ—ਬੈਰਕਾਂ, ਰਸੋਈਆਂ, ਮੈਡੀਕਲ ਸੁਵਿਧਾਵਾਂ, ਸਫ਼ਾਈ ਪ੍ਰਬੰਧ, ਰਿਕਾਰਡ ਰੂਮ ਅਤੇ ਸੁਰੱਖਿਆ ਢਾਂਚੇ—ਦੀ ਵਿਸਥਾਰਪੂਰਕ ਨਿਰੀਖਣ ਕੀਤਾ। ਉਨ੍ਹਾਂ ਨੇ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਭੋਜਨ ਦੀ ਗੁਣਵੱਤਾ, ਪੀਣ ਵਾਲੇ ਪਾਣੀ ਦੀ ਉਪਲਬਧਤਾ, ਰਹਾਇਸ਼ੀ ਥਾਵਾਂ ਦੀ ਸਫ਼ਾਈ ਅਤੇ ਸਿਹਤ ਸੇਵਾਵਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ। ਕੈਦੀਆਂ ਲਈ ਮਨੁੱਖੀ ਰਹਿਣ-ਸਹਿਣ ਦੀਆਂ ਸਥਿਤੀਆਂ ਯਕੀਨੀ ਬਣਾਉਣ ਅਤੇ ਜੇਲ੍ਹ ਪ੍ਰਸ਼ਾਸਨ ਨਾਲ ਸੰਬੰਧਿਤ ਕਾਨੂੰਨੀ ਪ੍ਰਾਵਧਾਨਾਂ ਦੀ ਸਖ਼ਤ ਪਾਲਣਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਮਾਨਯੋਗ ਜੱਜ ਨੇ ਅੰਡਰਟ੍ਰਾਇਲ ਕੈਦੀਆਂ ਅਤੇ ਦੋਸ਼ੀ ਕਰਾਰ ਦਿੱਤੇ ਗਏ ਕੈਦੀਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ, ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਜਿੱਥੇ ਲੋੜ ਪਈ ਉਥੇ ਤੁਰੰਤ ਨਿਪਟਾਰੇ ਲਈ ਜੇਲ੍ਹ ਅਧਿਕਾਰੀਆਂ ਨੂੰ ਲਾਜ਼ਮੀ ਹੁਕਮ ਜਾਰੀ ਕੀਤੇ। ਉਨ੍ਹਾਂ ਨੇ ਅੰਡਰਟ੍ਰਾਇਲ ਕੈਦੀਆਂ ਦੀ ਅਦਾਲਤਾਂ ਵਿੱਚ ਸਮੇਂ-ਸਿਰ ਪੇਸ਼ੀ ਅਤੇ ਅਦਾਲਤੀ ਹੁਕਮਾਂ ਦੀ ਪਾਲਣਾ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੱਤਾ।

ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਡੀਐਲਐਸਏ, ਅੰਮ੍ਰਿਤਸਰ ਵੱਲੋਂ ਕੈਦੀਆਂ ਨਾਲ ਮੁਫ਼ਤ ਕਾਨੂੰਨੀ ਸਹਾਇਤਾ ਯੋਜਨਾਵਾਂ, ਪਲੀ ਬਾਰਗੇਨਿੰਗ, ਅਪਰਾਧਾਂ ਦੀ ਸਮਝੌਤਾ ਰਾਹੀਂ ਨਿਪਟਾਰਾ ਅਤੇ ਵੱਖ-ਵੱਖ ਕਾਨੂੰਨੀ ਸੇਵਾ ਕਾਰਜਕ੍ਰਮਾਂ ਹੇਠ ਮਿਲਣ ਵਾਲੇ ਲਾਭਾਂ ਬਾਰੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ।

ਉਨ੍ਹਾਂ ਨੇ ਕੈਦੀਆਂ ਨੂੰ ਕਾਨੂੰਨੀ ਨੁਮਾਇੰਦਗੀ ਦੇ ਅਧਿਕਾਰ ਅਤੇ ਡੀਐਲਐਸਏ ਰਾਹੀਂ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਮਹਿਲਾਵਾਂ, ਵਿੱਧ ਵਰਗ ਦੇ ਨਾਗਰਿਕਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਸਮੇਤ ਸੰਵੇਦਨਸ਼ੀਲ ਅਤੇ ਹਾਸਿਏ 'ਤੇ ਰਹਿੰਦੇ ਵਰਗਾਂ ਨਾਲ ਸੰਬੰਧਿਤ ਕੈਦੀਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਉਨ੍ਹਾਂ ਨੇ ਜੇਲ੍ਹ ਅੰਦਰ ਚੱਲ ਰਹੀਆਂ ਕਾਨੂੰਨੀ ਸਹਾਇਤਾ ਕਲੀਨਿਕਾਂ, ਜੇਲ੍ਹ ਲੋਕ ਅਦਾਲਤਾਂ ਅਤੇ ਪੈਰਾ-ਲੀਗਲ ਵਲੰਟੀਅਰਾਂ ਦੀ ਭੂਮਿਕਾ ਦੀ ਵੀ ਸਮੀਖਿਆ ਕੀਤੀ। ਕਾਨੂੰਨੀ ਜਾਗਰੂਕਤਾ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਅਤੇ ਯੋਗ ਮਾਮਲਿਆਂ ਦੇ ਤੁਰੰਤ ਨਿਪਟਾਰੇ ਲਈ ਜੇਲ੍ਹ ਪ੍ਰਸ਼ਾਸਨ ਅਤੇ ਡੀਐਲਐਸਏ ਦਰਮਿਆਨ ਪ੍ਰਭਾਵਸ਼ਾਲੀ ਤਾਲਮੇਲ ਯਕੀਨੀ ਬਣਾਉਣ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

ਇਸ ਦੌਰੇ ਨਾਲ ਜ਼ਿਲ੍ਹਾ ਨਿਆਂਪਾਲਿਕਾ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਨਿਆਂ ਤੱਕ ਪਹੁੰਚ, ਕੈਦੀਆਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਕਾਨੂੰਨ ਅਨੁਸਾਰ ਉਨ੍ਹਾਂ ਦੀ ਪੁਨਰਵਸਤੀ ਅਤੇ ਸੁਧਾਰ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਸ਼੍ਰੀ ਰਾਜੀਵ ਕੁਮਾਰ ਅਰੋੜਾ, ਸੁਪਰਿੰਟੈਂਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ ਨੇ ਦਿੱਤੀ ਗਈ ਰਹਿਨੁਮਾਈ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਜਾਰੀ ਕੀਤੇ ਹੁਕਮਾਂ ਦੀ ਪੂਰੀ ਪਾਲਣਾ ਦੇ ਨਾਲ ਕੈਦੀਆਂ ਲਈ ਸੁਵਿਧਾਵਾਂ ਅਤੇ ਭਲਾਈ ਉਪਾਇਆਂ ਵਿੱਚ ਲਗਾਤਾਰ ਸੁਧਾਰ ਕਰਨ ਦਾ ਭਰੋਸਾ ਦਿੱਤਾ।



# ਸਿਹਤ ਪੰਨਾ





# ਕ੍ਰੈਸ਼ ਡਾਇਟਿੰਗ

ਅੱਜਕਲ ਸੁੰਦਰਤਾ ਅਤੇ ਫਿੱਟਨੈਸ ਦੇ ਤੈਅ ਹੋ ਰਹੇ ਗੈਰ-ਵਿਹਾਰਕ ਮਾਪਦੰਡਾਂ ਕਾਰਨ ਵੱਧ ਤੋਂ ਵੱਧ ਔਰਤਾਂ ਕ੍ਰੈਸ਼ ਡਾਇਡਟੰਗ ਨੂੰ ਅਪਣਾਉਣ ਲੱਗੀਆਂ ਹਨ। ਇਸ 'ਚ ਕਈ ਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ਨੂੰ ਬਿਲਕੁਲ ਵੀ ਮੋਟਾਪਾ ਨਹੀਂ ਹੈ। ਉਹ ਮਾਡਲਸ ਅਤੇ ਫਿਲਮੀ ਸਿਤਾਰਿਆਂ ਨੂੰ ਦੇਖ ਕੇ ਉਨ੍ਹਾਂ ਵਰਗੀ ਫਿੱਗਰ ਪ੍ਰਾਪਤ ਕਰਨ ਦੀ ਲਾਲਸਾ 'ਚ ਕ੍ਰੈਸ਼ ਡਾਇਟਿੰਗ ਦੀ ਪਾਲਣਾ ਕਰਨ ਲੱਗਦੀਆਂ ਹਨ।

ਪਤਲੀ ਫਿੱਗਰ ਦੀ ਲਾਲਸਾ 'ਚ ਕਈ ਮੁਟਿਆਰਾਂ ਸਾਰੀਆਂ ਹੱਦਾਂ ਪਾਰ ਕਰ ਕੇ ਡਾਈਟ ਲਿਸ ਦੀ ਵਰਤੋਂ ਅਤੇ ਭਾਰ ਘੱਟ ਕਰਨ ਦੀਆਂ ਗੈਰ-ਸਿਹਤਮੰਦ ਵਿਧੀਆਂ ਜਿਵੇਂ ਉਲਟੀ ਕਰਨ, ਲੈਕਸੇਟਿਵਸ ਦੀ ਵਰਤੋਂ ਅਤੇ ਖਾਣਾ ਨਾ ਖਾਣ ਵਰਗੇ ਉਪਾਅ ਅਪਣਾਉਣ ਲੱਗੀਆਂ ਹਨ। ਇਸ ਤਰ੍ਹਾਂ ਕ੍ਰੈਸ਼ ਡਾਇਟਿੰਗ ਕਰਨਾ ਇਕ 'ਟਾਈਮ ਬੰਬ' ਸਿੱਧ ਹੁੰਦਾ ਹੈ, ਜੋ ਕੁਝ ਦੇਰ ਪਿੱਛੋਂ ਐਨੋਰੈਕਸੀਆ, ਬੁਲੀਮੀਆ, ਲਿਵਰ ਅਤੇ ਕਿਡਨੀ ਦੀ ਖਰਾਬੀ ਵਰਗੇ ਗੰਭੀਰ ਰੋਗਾਂ ਨੂੰ ਜਨਮ ਦੇ ਸਕਦੇ ਹਨ।

ਫਿੱਟਨੈਸ ਮਾਹਿਰਾਂ ਦਾ ਕਹਿਣੈ ਕਿ ਕਈ ਔਰਤਾਂ ਜਦੀ ਸਭ ਤੋਂ ਵੱਡੀ ਗਲਤੀ ਜ਼ੀਰੋ ਫਿੱਗਰ ਜਾਂ ਪਤਲੇਪਣ ਨੂੰ ਤੰਦਰੁਸਤੀ ਦਾ ਸੰਕੇਤ ਮੰਨਣਾ ਹੈ।

ਸਾਈਜ਼ ਜ਼ੀਰੋ ਦੀ ਸੱਚਾਈ

ਪਿਛਲੇ ਕੁਝ ਸਮੇਂ ਤੋਂ ਸਾਈਜ਼ ਜ਼ੀਰੋ ਦੀ ਚਰਚਾ ਹੋਣ ਲੱਗੀ ਹੈ। ਔਰਤਾਂ ਸਾਈਜ਼ ਜ਼ੀਰੋ ਪ੍ਰਤੀ ਇਹ ਸੋਚ ਕੇ ਆਕਰਸ਼ਿਤ ਹੁੰਦੀਆਂ ਹਨ ਕਿ ਇਸ ਨਾਲ ਉਹ ਵਧੇਰੇ ਸੁੰਦਰ, ਆਕਰਸ਼ਕ, ਤੰਦਰੁਸਤ ਅਤੇ ਖੁਸ਼ ਰਹਿ ਸਕਦੀਆਂ ਹਨ। ਇਸ ਦੇ ਉਲਟ ਜਦੋਂ ਸਾਈਜ਼ ਜ਼ੀਰੋ ਦੀ ਇੱਛਾ 'ਚ ਕੁਝ ਵੀ ਖਾਣ ਤੋਂ ਪਹਿਲਾਂ ਕੈਲੋਰੀ ਦੀ ਚਿੰਤਾ ਦਿਮਾਗ 'ਚ ਖਟਕਣ ਲੱਗੇ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸੱਚਾਈ 'ਤੇ ਧਿਆਨ ਦੇਣਾ ਸ਼ੁਰੂ ਕਰ ਦੇਣ। ਇਹ ਸੰਕੇਤ ਹਨ ਕਿ ਉਨ੍ਹਾਂ ਨੂੰ ਤੁਰੰਤ ਡਾਇਟਿੰਗ ਬੰਦ ਕਰਕੇ ਆਪਣੇ ਸਰੀਰ ਨੂੰ ਜ਼ਰੂਰੀ ਰਾਹਤ ਦੇਣੀ ਚਾਹੀਦੀ ਹੈ।

ਲੱਛਣ

ਵਾਲਾਂ ਦਾ ਝੜਨਾ : ਖੁਰਾਕ 'ਚ ਭੋਜਨ ਦੀ ਕਮੀ ਹੋਣ ਜਾਂ ਆਪਣੀ ਖੁਰਾਕ 'ਚ ਬੇਹੱਦ ਤਬਦੀਲੀ ਕਰਨ 'ਤੇ ਇਸ ਦਾ ਅਸਰ ਵਾਲਾਂ ਦੇ ਝੜਨ ਦੇ ਰੂਪ 'ਚ ਸਾਹਮਣੇ ਆ ਸਕਦਾ ਹੈ।

ਬੁਢਾਪੇ ਦੇ ਲੱਛਣ : ਕ੍ਰੈਸ਼ ਡਾਇਟਿੰਗ ਬੁਢਾਪਾ ਆਉਣ ਦੀ ਰਫ਼ਤਾਰ ਵਧਾ ਦਿੰਦਾ ਹੈ, ਜਿਸ ਦੇ ਲੱਛਣਾਂ 'ਚ ਚਮੜੀ ਦਾ ਢਿਲਕਣਾ, ਚਮੜੀ 'ਤੇ ਰੇਖਾਵਾਂ ਅਤੇ ਝੁਰੜੀਆਂ ਦਾ ਉਭਰਨਾ ਆਦਿ ਸ਼ਾਮਲ ਹਨ।

ਡੀਹਾਈਡ੍ਰੇਸ਼ਨ : ਪਾਣੀ ਦੀ ਲੋੜੀਂਦੀ ਮਾਤਰਾ ਦੀ ਕਮੀ ਜਾਂ ਕਾਰਬੋਹਾਈਡ੍ਰੇਟਸ ਜਾਂ ਚਿਕਨਾਈ 'ਤੇ ਬਹੁਤ ਕੰਟਰੋਲ ਰੱਖਣ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਸਕਦਾ ਹੈ। ਇਸ ਨਾਲ ਦਿਲ ਜਾਂ ਗੁਰਦੇ ਜਵਾਬ ਦੇ ਸਕਦੇ ਹਨ। ਅਟੈਕ ਜਾਂ ਦਿਮਾਗ ਨੂੰ ਕਿਸੇ ਕਿਸਮ ਦੇ ਨੁਕਸਾਨ ਨਾਲ ਮੌਤ ਵੀ ਹੋ ਸਕਦੀ ਹੈ।

ਕਬਜ਼ : ਜਦੋਂ ਭੋਜਨ ਦੀ ਮਾਤਰਾ 'ਚ ਕਮੀ ਹੋਵੇਗੀ ਤਾਂ ਯਕੀਨਨ ਸਰੀਰ 'ਚ ਹਾਜਤ ਮਹਿਸੂਸ ਕਰਨ ਯੋਗ ਲੋੜੀਂਦੀ ਮਾਤਰਾ 'ਚ ਬੇਕਾਰ ਪਦਾਰਥ ਨਹੀਂ ਹੋਣਗੇ, ਜਿਸ ਨਾਲ ਗੰਭੀਰ ਕਬਜ਼ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

ਤਣਾਅ : 'ਬੀ' ਕੰਪਲੈਕਸ ਅਤੇ 'ਸੀ' ਵਿਟਾਮਿਨ ਅਤੇ ਖਣਿਜਾਂ ਦੀ ਕਮੀ ਨਾਲ ਵਿਅਕਤੀ ਤਣਾਅ ਦਾ ਸ਼ਿਕਾਰ ਹੋ ਸਕਦਾ ਹੈ।

ਭਾਰ ਵਧਣਾ : ਭਾਵੇਂ ਤੁਸੀਂ ਕ੍ਰੈਸ਼ ਡਾਇਟਿੰਗ ਕਰ ਰਹੇ ਹੋਵੋ ਪਰ ਇਕ ਹੱਣ ਪਾਰ ਕਰਨ ਪਿੱਛੋਂ ਸਰੀਰ ਦਾ ਭਾਰ ਘੱਟ ਹੋਣ ਦੀ ਬਜਾਏ ਕ੍ਰੈਸ਼ ਡਾਇਟਿੰਗ ਕਾਰਨ ਹੀ ਵਧਣਾ ਸ਼ੁਰੂ ਹੋ ਸਕਦਾ ਹੈ।

ਹੋਰ ਲੱਛਣ : ਮਾਹਵਾਰੀ ਦੀ ਅਨਿਯਮਿਤ ਹੋਣਾ, ਆਸਟੀਓਪੋਰੋਸਿਸ, ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਨੂੰ ਨੁਕਸਾਨ, ਕੁਪੋਸ਼ਣ ਆਦਿ।

ਕ੍ਰੈਸ਼ ਡਾਇਟਿੰਗ ਦੀ ਆਦਤ ਤੋਂ ਬਾਅਦ : ਇਕ ਵਾਰ ਕ੍ਰੈਸ਼ ਡਾਇਟਿੰਗ ਦੀ ਆਦਤ ਪੈ ਜਾਣ ਪਿੱਛੋਂ ਇਸ 'ਤੇ ਕਾਬੂ ਕਰਨ ਲਈ ਕਾਫੀ ਮਿਹਨਤ ਕਰਨੀ ਪੈ ਸਕਦੀ ਹੈ। ਅਸਾਨੀ ਨਾਲ ਡਾਇਟਿੰਗ ਬੰਦ ਕਰਕੇ ਸਧਾਰਨ ਖੁਰਾਕ ਲੈਣੀ ਸ਼ੁਰੂ ਕਰਨਾ ਸੰਭਵ ਨਹੀਂ ਹੋ ਸਕਦਾ। ਭਾਰ ਘਟਾਉਣ ਨੂੰ ਜੀਵਨ ਸ਼ੈਲੀ 'ਚ ਤਬਦੀਲੀ ਸਮਝੋ, ਨਾ ਕਿ ਖੁਰਾਕ 'ਚ ਤਬਦੀਲੀ ਕਿਉਂਕਿ ਕੋਈ ਵੀ ਸਾਰੀ ਜ਼ਿੰਦਗੀ ਤਾਂ ਡਾਇਟਿੰਗ ਨਹੀਂ ਕਰ ਸਕਦਾ।

ਸਹੀ ਖੁਰਾਕ ਯੋਜਨਾ ਉਸ ਨੂੰ ਕਹਾਂਗੇ, ਜਦੋਂ 6 ਦਿਨਾਂ ਤੱਕ ਤੁਸੀਂ ਸੰਤੁਲਿਤ ਭੋਜਨ ਖਾਓ ਅਤੇ ਇਕ ਦਿਨ ਤੁਸੀਂ ਜੋ ਚਾਹੇ ਖਾਓ। ਹੌਲੀ-ਹੌਲੀ ਇਸ ਤਰ੍ਹਾਂ ਤਬਦੀਲੀ ਲਿਆਓ, ਜਿਨ੍ਹਾਂ ਨੂੰ ਤੁਸੀਂ ਸੰਭਾਲ ਸਕੋ। ਆਪਣੀ ਸਿਹਤ ਨੂੰ ਸੁਧਾਰਨ ਲਈ ਤੁਹਾਨੂੰ ਪ੍ਰੈਕਟੀਕਲ ਟੀਚਾ ਮਿੱਥਣਾ ਚਾਹੀਦੈ।

ਸਰੀਰ ਨੂੰ ਤੰਦਰੁਸਤ ਰੱਖਣ ਲਈ ਤੈਅ ਮਾਤਰਾ 'ਚ ਕੈਲੋਰੀਜ਼ ਅਤੇ ਪੋਸ਼ਣ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਸਰੀਰ ਨੂੰ ਨੁਕਸਾਨ ਹੋਵੇਗਾ। ਤੰਦਰਸਤ ਰਹਿਣ ਅਤੇ ਭਾਰ 'ਤੇ ਕੰਟਰੋਲ ਲਈ ਤੁਹਾਨੂੰ ਆਪਣੀ ਸਾਰੀ ਜੀਵਨ ਸ਼ੈਲੀ 'ਚ ਤਬਦੀਲੀ ਕਰਨ ਦੀ ਲੋੜ ਹੈ, ਜਿਸ 'ਚ ਸੰਤੁਲਿਤ ਖੁਰਾਕ, ਕਸਰਤ ਅਤੇ ਚੰਗੀਆਂ ਆਦਤਾਂ ਦੀ ਪਾਲਣਾ ਸ਼ਾਮਲ ਹੋਣੀ ਚਾਹੀਦੀ ਹੈ।

ਮੱਛਰਭੂਸ਼ਨ



ਟਿਪਸ

ਸਾਰੇ ਦਿਨ ਦੌਰਾਨ ਥੋੜ੍ਹਾ-ਥੋੜ੍ਹਾ ਕਰਕੇ 5 ਤੋਂ 6 ਵਾਰ ਖਾਓ। ਇਕ ਸਮੇਂ 'ਤੇ ਸਰੀਰ ਨੂੰ ਥੋੜ੍ਹੀ ਊਰਾ ਦੀ ਲੋੜ ਹੁੰਦੀ ਹੈ। ਇਕੋ ਵੇਲੇ ਜ਼ਿਆਦਾ ਖਾਣ ਨਾਲ ਸਰੀਰ ਦੇ ਪਾਚਣ ਤੰਤਰ 'ਤੇ ਦਬਾਅ ਪੈਂਦਾ ਹੈ।

ਪੋਸ਼ਣ ਭਰਪੂਰ ਹਲਕਾ ਭੋਜਨ ਖਾਓ, ਇਸ ਦੇ ਲਈ ਨਿਊਟ੍ਰੀਸ਼ਨਿਸਟ ਦੀ ਸਲਾਹ ਲਓ ਅਤੇ ਨਾਕਾਰਾਤਮਕ ਵਿਚਾਰਾਂ 'ਤੇ ਕਾਬੂ ਕਰੋ। ਸ਼ੀਸ਼ੇ 'ਚ ਦੇਖਦਿਆਂ ਅਤੇ ਸਰੀਰ ਦੀਆਂ ਖੂਬੀਆਂ 'ਤੇ ਗੌਰ ਕਰੋ ਨਾ ਕਿ ਕਮੀਆਂ 'ਤੇ।

# ਚੰਗੀ ਸਿਹਤ ਦੀ ਲੋੜ ਹੈ ਸੋਇਆਬੀਨ



ਸਾਡੇ ਖਾਣ-ਪੀਣ ਨਾਲ ਸਾਡੀ ਸਿਹਤ ਪ੍ਰਭਾਵਿਤ ਹੁੰਦੀ ਹੈ। ਗਲਤ ਖਾਣ-ਪੀਣ ਕਾਰਨ ਪਿਛਲੇ ਕੁਝ ਸਮੇਂ 'ਚ ਦਿਲ ਦੇ ਰੋਗ, ਸ਼ੂਗਰ, ਕੈਂਸਰ ਆਦਿ ਰੋਗਾਂ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਸ ਕਾਰਨ ਅੱਜ ਹਰ ਵਿਅਕਤੀ ਆਪਣੀ ਖੁਰਾਕ ਪ੍ਰਤੀ ਸੁਚੇਤ ਹੈ।

ਅਸੀਂ ਆਪਣੇ ਭੋਜਨ 'ਚ ਕੀ ਸ਼ਾਮਲ ਕਰੀਏ, ਕੀ ਨਾ, ਇਸ ਬਾਰੇ ਲੋਕਾਂ 'ਚ ਜਿਗਿਆਸ ਵੀ ਵਧੀ ਹੈ। ਵੱਖ-ਵੱਖ ਖੋਜਾਂ ਦੇ ਨਤੀਜੇ ਵਜੋਂ ਇਹ ਸਾਹਮਣੇ ਆਇਆ ਹੈ ਕਿ ਸੋਇਆਬੀਨ ਅਤੇ ਹੋਰ ਸੋਇਆ ਖਾਧ ਪਦਾਰਥਾਂ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰਕੇ ਅਸੀਂ ਸਿਹਤ ਸਬੰਧੀ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਸੋਇਆਬੀਨ ਸ਼ਾਕਾਹਾਰੀ ਖਾਧ ਪਦਾਰਥਾਂ 'ਚੋਂ ਸਭ ਤੋਂ ਵਧੇਰੇ ਪ੍ਰੋਟੀਨ ਭਰਪੂਰ ਪਦਾਰਥ ਹੈ। ਪ੍ਰੋਟੀਨ ਸਾਡੇ ਸਰੀਰ ਦੀ ਪਹਿਲੀ ਲੋੜ ਹੈ। ਇਹ ਸਰੀਰ 'ਚ ਵੱਖ-ਵੱਖ ਕਿਰਿਆਵਾਂ ਕਰਦਾ ਹੈ। ਸੋਇਆਬੀਨ ਕਾਰਬੋਹਾਈਡ੍ਰੇਟ, ਫਾਈਬਰ, ਵਿਟਾਮਿਨ, ਆਇਰਨ ਅਤੇ ਖਣਿਜ ਲੂਣਾਂ ਦੀ ਵੀ ਚੰਗਾ ਸਰੋਤ ਹੈ। ਵੱਖ-ਵੱਖ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਸੋਇਆ ਦਿਲ ਸਬੰਧੀ ਰੋਗਾਂ ਦੀ ਸੰਭਾਵਨਾ ਨੂੰ ਦੂਰ ਕਰਦਾ ਹੈ। ਜਿਹੜੇ ਦੇਸ਼ਾਂ 'ਚ ਸੋਇਆ ਦੀ ਬਹੁਤੀ ਵਰਤੋਂ ਕੀਤੀ ਜਾਂਦੀ ਹੈ, ਉਥੇ ਦਿਲ ਸਬੰਧੀ ਰੋਗੀਆਂ ਦੀ ਗਿਣਤੀ ਨਾਂਹ ਦੇ ਬਰਾਬਰ ਦੇਖੀ ਗਈ ਹੈ।

ਇਹੀ ਨਹੀਂ, ਕੋਲੈਸਟ੍ਰਾਲ ਦੇ ਪੱਧਰ 'ਚ 25 ਫੀਸਦੀ ਕਮੀ ਲਿਆਉਂਦੀ ਹੈ। ਸੋਇਆ ਖਾਧ ਪਦਾਰਥ ਕੋਲੈਸਟ੍ਰਾਲ ਰਹਿਤ ਹੁੰਦੇ ਹਨ। ਸੋਇਆ ਪ੍ਰੋਟੀਨ 'ਚ ਉਹ ਸਾਰੇ ਅਮੀਨੋ ਐਸਿਡ ਵੀ ਹੁੰਦੇ ਹਨ, ਜਿਨ੍ਹਾਂ ਦੀ ਸਾਡੇ ਸਰੀਰ ਨੂੰ ਲੋੜ ਹੁੰਦੀ ਹੈ। ਇਹ ਨੈਚੁਰਲ ਐਂਟੀ ਆਕਸੀਡੈਂਟ ਦਾ ਵਧੀਆ ਸ੍ਰੋਤ ਹੈ।

ਸੋਇਆਬੀਨ 'ਚ ਚੰਗੀ ਕਿਸਮ ਦੇ ਪ੍ਰੋਟੀਨ ਦੀ ਮਾਤਰਾ ਪਾਈ ਜਾਂਦੀ ਹੈ। ਮੀਟ ਅਤੇ ਡੇਅਰੀ ਉਤਪਾਦਾਂ 'ਚ ਵੀ ਪ੍ਰੋਟੀਨ ਦੀ ਵਧੀਆ ਮਾਤਰਾ ਪਾਈ ਜਾਂਦੀ ਹੈ ਪਰ ਉਹ ਕੋਲੈਸਟ੍ਰਾਲ ਅਤੇ ਚਿਕਨਾਈ ਨਾਲ ਭਰੇ ਹੁੰਦੇ ਹਨ ਅਤੇ ਕੋਲੈਸਟ੍ਰਾਲ ਤੇ ਚਿਕਨਾਈ ਦੀ ਵਰਤੋਂ ਸਿਹਤ ਲਈ ਲਾਭਦਾਇਕ ਨਹੀਂ। ਸੋਇਆ ਦੀ ਖਾਸੀਅਤ ਇਹੀ ਹੈ ਕਿ ਇਸ 'ਚ ਕੋਲੈਸਟ੍ਰਾਲ ਅਤੇ ਚਿਕਨਾਈ ਸਿਫਰ ਹੁੰਦੀ ਹੈ, ਇਸ ਲਈ ਇਹ ਕੋਈ ਅਸੰਤੁਲਨ ਪੈਦਾ ਨਹੀਂ ਕਰਦਾ।

ਇਸ ਤੋਂ ਇਲਾਵਾ ਸੋਇਆ 'ਚ ਫਾਇਟੋਕੈਮਿਕ ਕੰਪਾਊਂਡ ਆਈਸੋਫਲੇਵੋਨੋਇਡਸ ਦੀ ਵੀ ਖਾਸੀ ਮਾਤਰਾ ਪਾਈ ਜਾਂਦੀ ਹੇ। ਸੋਇਆ ਆਈਸੋਫਲੇਵੋਨਾਇਡਸ ਛਾਤੀ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ ਕਿਉਂਕਿ ਇਹ ਹਾਰਮੋਨ ਐਸਟ੍ਰੋਜਨ ਦੇ ਪੱਧਰ ਨੂੰ ਘੱਟ ਕਰਦਾ ਹੈ।

ਇਸ ਐਸਟ੍ਰੋਜਨ ਹਾਰਮੋਨ ਦਾ ਵਧੇਰੇ ਔਰਤਾਂ 'ਚ ਛਾਤੀਆਂ ਦੇ ਕੈਂਸਰ ਦਾ ਕਾਰਨ ਬਣਦਾ ਹੈ। ਇਕ ਖੋਜ ਮੁਤਾਬਿਕ ਸੋਇਆ ਦੀ ਵਰਤੋਂ ਛਾਤੀਆਂ ਦੇ ਕੈਂਸਰ ਦੀ ਸੰਭਾਵਨਾ ਨੂੰ 50 ਫੀਸਦੀ ਘੱਟ ਕਰਦੀ ਹੈ।


ਔਰਤਾਂ 'ਚ ਮੇਨੋਰਾਜ਼ ਵੇਲੇ ਬਹੁਤ ਸਾਰੇ ਅਸਧਾਰਨ ਲੱਛਣ ਜਿਵੇਂ ਪਸੀਨਾ ਵਧੇਰੇ ਆਉਣਾ ਆਦਿ 'ਚ ਵੀ ਸੋਇਆ ਦੀ ਵਰਤੋਂ ਨਾਲ ਲਾਭ ਮਿਲਦਾ ਹੈ। ਚੀਨ ਅਤੇ ਜਾਪਾਨ 'ਚ ਜਿੱਥੇ ਸੋਇਆ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਉਥੋਂ ਦੀਆਂ ਔਰਤਾਂ ਨੂੰ ਮੇਨੋਪਾਜ਼ ਦੌਰਾਨ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਹੱਡੀਆਂ ਦੀ ਤੰਦਰੁਸਤੀ ਲਈ ਵੀ ਸੋਇਆ ਦੀ ਵਰਤੋਂ ਲਾਭਦਾਇਕ ਹੈ। ਸੋਇਆ ਪ੍ਰੋਟੀਨ ਖੂਨ 'ਚ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ' ਰੱਖਦਾ ਹੈ, ਇਸ ਲਈ ਸ਼ੂਗਰ ਤੋਂ ਵੀ ਸੁਰੱਖਿਆ ਦਿੰਦਾ ਹੈ।

ਸੋਇਆਬੀਨ ਦੇ ਵੱਖ-ਵੱਖ ਉਤਪਾਦ ਬਾਜ਼ਾਰ 'ਚ ਮੌਜੂਦ ਹਨ। ਬੇਕਰੀ ਪਦਾਰਥਾਂ 'ਚ ਸੋਇਆਬੀਨ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਹੈ। ਸੋਇਆਬੀਨ ਦੁੱਧ, ਸੋਇਆਬੀਨ ਦਾ ਤੇਲ, ਨਿਊਟ੍ਰੀ ਨਗੇਟ, ਸੋਇਆ ਨਟਸ ਆਦਿ ਕਈ ਉਤਪਾਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਪੌਸ਼ਟਿਕਤਾ ਮਿਲਦੀ ਹੈ। ਮਾਹਿਰਾਂ ਮੁਤਾਬਿਕ ਰੋਜ਼ਾਨਾ 25 ਗ੍ਰਾਮ ਸੋਇਆ ਪ੍ਰੋਟੀਨ ਦੀ ਮਾਤਰਾ ਦੀ ਵਰਤੋਂ ਸਿਹਤ ਲਈ ਚੰਗੀ ਹੁੰਦੀ ਹੈ।

– ਐਸ. ਮਲਹੋਤਰਾ

# ਸਮਰ ਹੈਲਥ ਕੇਅਰ ਟਿਪਸ



ਪਸੀਨੇ ਦੀ ਬਦਬੂ ਤੋਂ ਬਚਾਅ

☛ ਗਰਮੀਆਂ 'ਚ ਘੱਟੋ-ਘੱਟ ਦਿਨ 'ਚ ਦੋ ਵਾਰ ਇਸ਼ਨਾਨ ਕਰੋ।

☛ ਪਸੀਨੇ ਦੇ ਕੀਟਾਣੂ ਦੂਰ ਕਰਨ ਲਈ ਮੈਡੀਕੇਟਿਡ ਸਾਬਣ ਦੀ ਵਰਤੋਂ ਕਰੋ।

☛ ਨਹਾਉਣ ਪਿੱਛੋਂ ਤੋਲੀਏ ਨਾਲ ਸਰੀਰ ਨੂੰ ਚੰਗੀ ਤਰ੍ਹਾਂ ਸੁਕਾ ਕੇ ਵਧੀਆ ਜਿਹਾ ਟੈਲਕਮ ਪਾਊਡਰ ਪਾਓ ਜਾਂ ਡਿਓ ਲਗਾਓ।

☛ ਆਪਣੇ ਖਾਣ-ਪੀਣ ਤੇ ਸਾਫ-ਸਫਾਈ ਦਾ ਪੂਰਾ ਧਿਆਨ ਰੱਖੋ।

☛ ਵਾਲਾਂ 'ਚ ਪਸੀਨੇ ਨਾਲ ਗੰਦਗੀ ਅਤੇ ਜੂੰਆਂ ਦਾ ਵਾਸ ਹੁੰਦਾ ਹੈ, ਇਸ ਲਈ ਹਫ਼ਤੇ 'ਚ 3-4 ਵਾਰ ਵਾਲਾਂ 'ਚ ਸ਼ੈਂਪੂ ਜ਼ਰੂਰ ਲਗਾਓ। ਦਿਮਾਗ ਠੰਡਾ ਰੱਖਣ ਲਈ ਵਾਲਾਂ 'ਚ ਮਹਿੰਦੀ ਦਾ ਲੇਪ ਲਗਾਓ।

☛ ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ 'ਚ ਗੁਲਾਬ ਜਲ, ਨਿੰਬੂ ਦਾ ਰਸ ਜਾਂ ਗੁਲਾਬ ਦੀਆਂ ਤਾਜ਼ਾ ਪੱਤੀਆਂ ਪਾਓ। ਨਹਾਉਣ ਪਿੱਛੋਂ ਤੁਸੀਂ ਖੁਦ ਨੂੰ ਸਾਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰੋਗੇ।

ਧੁੱਪ ਨਾਲ ਅੱਖਾਂ 'ਚ ਜਲਣ

☛ ਰੂੰ ਦੇ ਤੂੰਬੇ ਨੂੰ ਠੰਡੇ ਦੁੱਧ 'ਚ ਭਿਓਂ ਕੇ ਅੱਖਾਂ 'ਤੇ ਰੱਖੋ।

☛ ਦੁੱਧ ਦੀ ਠੰਡੀ ਮਲਾਈ ਦਾ ਅੱਖਾਂ 'ਤੇ ਲੇਪ ਕਰਨ ਨਾਲ ਠੰਡਕ ਮਿਲਦੀ ਹੈ।

☛ ਗੁਲਾਬ ਜਲ 'ਚ ਭਿੱਜੇ ਰੂੰ ਦੇ ਤੂੰਬੇ ਅੱਖਾਂ 'ਤੇ ਰੱਖੋ।

☛ ਠੰਡਕ ਵਾਲੀ ਥਾਂ 'ਤੇ ਥੋੜ੍ਹੀ ਦੇਰ ਅੱਖਾਂ ਬੰਦ ਕਰਕੇ ਲੇਟ ਜਾਓ ਅਤੇ ਬਰਫ ਦੇ ਪਾਣੀ ਦੀ ਪੱਟੀ ਮੱਥੇ ਦੇ ਨਾਲ-ਨਾਲ ਅੱਖਾਂ 'ਤੇ ਰੱਖੋ।

ਲੂ ਲੱਗਣ 'ਤੇ

☛ ਇਮਲੀ ਨੂੰ ਉਬਾਲ ਕੇ ਪੁਣ ਲਓ, ਉਸ 'ਚ ਲੋੜ ਮੁਤਾਬਿਕ ਖੰਡ, ਕਾਲੀ ਮਿਰਚ ਦਾ ਪਾਊਡਰ, ਭੁੰਨਿਆ ਜੀਰਾ ਪੀਸ ਕੇ ਪਾ ਕੇ ਚੱਮਚ ਨਾਲ ਚੰਗੀ ਤਰ੍ਹਾਂ ਘੋਲ ਲਓ, ਚਾਹੋ ਤਾਂ ਬਰਫ ਪਾ ਕੇ ਠੰਡਾ ਕਰ ਲਓ ਅਤੇ ਪੀਓ।

☛ ਕੱਚੇ ਅੰਬ ਦਾ ਪੰਨਾ ਪੀਓ, ਇਸ ਦੇ ਲਈ ਕੱਚੇ ਅੰਬ ਉਬਾਲ ਲਓ। ਛਿਲਕਾ ਲਾਹ ਕੇ ਗੁੱਦੇ 'ਚ ਠੰਡਾ ਪਾਣੀ, ਖੰਡ, ਪੁਦੀਨੇ ਦੇ ਪੱਤੇ, ਕਾਲਾ ਨਮਕ, ਪੀਸੀ ਕਾਲੀ ਮਿਰਚ ਪਾ ਕੇ ਮਿਕਸੀ 'ਚ ਬਲੈਂਡ ਕਰ ਲਓ ਅਤੇ ਪੀਓ। ਇਹ ਸੁਆ 'ਚ ਤਾਂ ਮਜ਼ੇਦਾਰ ਹੁੰਦਾ ਹੀ ਹੈ ਪਰ ਇਸ ਦੀ ਰੋਜ਼ਾਨਾ ਵਰਤੋਂ ਸਰੀਰ 'ਚੋਂ ਗਰਮੀ ਨੂੰ ਦੂਰ ਕਰਕੇ ਠੰਡਾ ਰੱਖਦੀ ਹੈ।

☛ ਪਿਆਜ਼ ਨੂੰ ਭੁੰਨ ਕੇ ਉਸ 'ਚ ਜੀਰੇ ਦਾ ਪਾਊਡਰ ਅਤੇ ਮਿਸ਼ਰੀ ਮਿਲਾ ਕੇ ਖਾਣ ਨਾਲ ਲੂ ਦੂਰ ਹੁੰਦੀ ਹੈ।

ਜਦੋਂ ਨੀਂਦ ਨਾ ਆਵੇ

☛ ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ 'ਚ ਬਰਫ ਪਾ ਕੇ ਠੰਡਾ ਦੁੱਧ ਪੀਓ।

☛ ਪੈਰਾਂ ਦੀਆਂ ਤਲੀਆਂ 'ਤੇ ਕੱਦੂ ਦਾ ਲੇਪ ਜਾਂ ਮਹਿੰਦੀ ਦਾ ਲੇਪ ਲਗਾਓ।

☛ ਸਰ੍ਹੋਂ ਦੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਸ਼ ਉਦੋਂ ਤੱਕ ਕਰੋ, ਜਦੋਂ ਤੱਕ ਤਲੀਆਂ 'ਚੋਂ ਸੇਕ ਨਾਲ ਨਿਕਲਣ ਲੱਗੇ।

☛ ਮਨ 'ਚੋਂ ਸਾਰੀਆਂ ਪ੍ਰੇਸ਼ਾਨੀਆਂ ਕੱਢ ਦਿਓ। ਸਿਰ 'ਚ ਕਿਸੇ ਵੀ ਆਯੁਰਵੈਦਿਕ ਤੇਲ ਨਾਲ ਮਾਲਿਸ਼ ਕਰੋ। ਬਾਜ਼ਾਰ 'ਚ ਕਈ ਤਰ੍ਹਾਂ ਦੇ ਤੇਲ ਮੌਜੂਦ ਹਨ, ਜੋ ਤੁਹਾਨੂੰ ਠੰਡਾ-ਠੰਡਾ ਕੂਲ-ਕੂਲ ਰੱਖਦੇ ਹਨ।

☛ ਕਮਰੇ ਦੀਆਂ ਸਾਰੀਆਂ ਲਾਈਟਾਂ ਆਫ਼ ਕਰ ਦਿਓ ਅਤੇ ਹੌਲੀ ਆਵਾਜ਼ 'ਚ ਆਪਣਾ ਮਨਪਸੰਦ ਮਿਊਜ਼ਿਕ ਸੁਣੋ। ਬਿਸਤਰੇ 'ਤੇ ਹਲਕੇ ਰੰਗ ਦੀ ਸਾਫ ਅਤੇ ਸੂਤੀ ਚਾਦਰ ਵਿਛਾ ਦਿਓ। ਚਾਹੋ ਤਾਂ ਆਪਣੀ ਪਸੰਦ ਦੀ ਮੈਗਜ਼ੀਨ ਪੜ੍ਹੋ। ਨੀਂਦ ਕਦੋਂ ਆਵੇਗੀ, ਪਤਾ ਹੀ ਨਹੀਂ ਲੱਗੇਗਾ।

ਡੀਹਾਈਡ੍ਰੇਸ਼ਨ ਹੋਣ 'ਤੇ

☛ ਸਾਰੇ ਦਿਨ 'ਚ ਖੂਬ ਸਾਰਾ ਪਾਣੀ ਪੀਓ ਤਾਂ ਕਿ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਣ।

☛ ਜਿੰਨਾ ਹੋ ਸਕੇ ਫਲਾਂ ਦਾ ਜੂਸ, ਨਿੰਬੂ ਦੀ ਸ਼ਿਕੰਜਵੀ, ਲੱਸੀ ਆਦਿ ਪੀਓ।

☛ ਸਲਾਦ ਨੂੰ ਭੋਜਣ ਦਾ ਅਹਿਮ ਹਿੱਸਾ ਬਣਾਓ ਅਤੇ ਖਾਣੇ 'ਚ ਘੱਟ ਨਮਕ ਵਰਤੋ।

☛ ਰੇਸ਼ੇਦਾਰ ਅਤੇ ਰਸ ਭਰੇ ਫਲ ਜਿਵੇਂ ਹਦਵਾਣਾ, ਖਰਬੂਜਾ, ਨਾਸ਼ਪਾਤੀ, ਅੰਗੂਰ ਆਦਿ ਖਾਓ।

☛ ਆਂਵਲਾ, ਚੰਦਨ, ਖਸਖਸ ਅਤੇ ਸਙੰਤੂ ਦਾ ਸ਼ਰਬਤ ਪੀਣ ਨਾਲ ਗਰਮੀਆਂ 'ਚ ਹੋਣ ਵਾਲੀ ਘਬਰਾਹਟ ਤੋਂ ਰਾਹਤ ਮਿਲਦੀ ਹੈ।

☛ ਬਹੁਤੀ ਦੇਰ ਤੱਕ ਧੁੱਪ 'ਚ ਨਾ ਰਹੋ, ਘਰੋਂ ਬਾਹਰ ਨਿਕਲਣ ਵੇਲੇ ਪਾਣੀ ਪੀ ਕੇ ਨਿਕਲੋ ਅਤੇ ਛੱਤਰੀ ਦੀ ਵਰਤੋਂ ਕਰੋ।

ਸਰਿਤਾ

# ਵਿਟਾਮਿਨ- ਸੀ ਭਰਪੂਰ ਸੰਤਰਾ

ਰਸ ਭਰਪੂਰ ਸੰਤਰੇ 'ਚ ਉਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਾਡੀ ਦੀ ਗ੍ਰੋਥ, ਡਿਵੈਲਪਮੈਂਟ ਅਤੇ ਸਿਹਤ ਲਈ ਜ਼ਰੂਰੀ ਹਨ। ਸੰਤਰੇ ਦੀਆਂ ਮੁੱਖ ਤੌਰ 'ਤੇ ਤਿੰਨ ਕਿਮਸਤਾਂ ਹੁੰਦੀਆਂ ਹਨ -ਖੱਟਾ, ਮਿੱਠਾ ਅਤੇ ਢਿੱਲੇ ਛਿਲਕੇ ਵਾਲਾ। ਖੱਟੇ ਸੰਤਰੇ ਦੀ ਵਰਤੋਂ ਜ਼ਿਆਦਾਤਰ ਕੈਂਡੀ ਜਾਂ ਕੁਕਿੰਗ 'ਚ ਕੀਤੀ ਜਾਂਦੀ ਹੈ, ਜਦਕਿ ਕੱਚਾ ਖਾਣ ਲਈ ਸਭ ਤੋਂ ਵਧੇਰੇ ਮਿੱਠੇ ਸੰਤਰੇ ਦੀ ਵਰਤੋਂ ਹੁੰਦੀ ਹੈ। ਢਿੱਲੇ ਛਿਲਕੇ ਵਾਲਾ ਸੰਤਰਾ ਆਸਾਨੀ ਨਾਲ ਛਿਲਿਆ ਜਾਂਦਾ ਹੈ। ਜਦੋਂ ਵੀ ਸੰਤਰਾ ਖਰੀਦੋ ਤਾਂ ਉਸ ਦੇ ਵੇਟ ਅਤੇ ਸਾਈਜ਼ ਦੀ ਤੁਲਨਾ ਕਰੋ। ਆਕਾਰ 'ਚ ਛੋਟਾ ਅਤੇ ਭਾਰ 'ਚ ਵਧੇਰੇ ਭਾਰਾ ਸੰਤਰਾ ਮਿੱਠਾ ਹੁੰਦਾ ਹੈ। ਜਦੋਂ ਵੀ ਆਰੇਂਜ ਭਾਵ ਸੰਤਰੇ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਉਸ 'ਚ ਪਾਏ ਜਾਣ ਵਾਲੇ ਵਿਟਾਮਿਨ-ਸੀ ਦਾ ਧਿਆਨ ਆਉਂਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸੰਤਰੇ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਸ ਫਲ 'ਚ ਕਈ ਹੋਰ ਵੀ ਲਾਹਵੰਦ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਕਈ ਦੂਜੇ ਮਿਨਰਲਸ ਜਿਵੇਂ ਫੋਲਿਕ ਐਸਿਡ ਅਤੇ ਪੋਟਾਸ਼ੀਅਮ ਦਾ ਬਿਹਤਰੀਨ ਸਰੋਤ ਹੁੰਦਾ ਹੈ।

ਵਿਟਾਮਿਨ-ਸੀ : ਸੰਤਰਾ ਵਿਟਾਮਿਨ-ਸੀ ਦਾ ਅਹਿਮ ਸਰੋਤ ਹੈ। ਜੇਕਰ ਸੰਤਰੇ ਦਾ ਰਸ ਕੱਢਣ ਜਾਂ ਛਿੱਲਣ ਪਿੱਛੋਂ ਉਸ ਨੂੰ ਅੱਠ ਘੰਟਿਆਂ ਤੱਕ ਰੱਖ ਦਿੱਤਾ ਜਾਵੇ ਤਾਂ ਉਸ ਦਾ ਲੱਗਭਗ 20 ਫੀਸਦੀ ਵਿਟਾਮਿਨ ਨਸ਼ਟ ਹੋ ਜਾਂਦਾ ਹੈ।

ਦੂਜੇ ਵਿਟਾਮਿਨ ਅਤੇ ਮਿਨਰਲਸ : ਸੰਤਰੇ 'ਚ ਵਿਟਾਮਿਨ-ਬੀ ਅਤੇ ਏ ਵੀ ਪਾਇਆ ਜਾਂਦਾ ਹੈ। ਇਹ ਮਿਨਰਲਸ ਜਿਵੇਂ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਫਾਸਫੋਰਸ ਦਾ ਬਿਹਤਰੀਨ ਸਰੋਤ ਹੈ।

ਰੁੱਖ 'ਤੇ ਨਹੀਂ ਪੱਕਦਾ : ਸੰਤਰਾ ਹੀ ਕੁਝ ਅਜਿਹੇ ਫਲਾਂ 'ਚੋਂ ਹੈ, ਜੋ ਰੁੱਖ 'ਤੇ ਲੱਗਾ ਰਹਿਣ ਦੇਣ ਨਾਲ ਪੱਕਦਾ ਨਹੀਂ।

ਮੁੱਖ ਫਸਲ : ਸੰਤਰਾ ਅਮੇਰਿਕਾ ਦੀਆਂ ਮੁੱਖ ਫਸਲਾਂ 'ਚ ਸ਼ਾਮਲ ਹੈ, ਜਦਕਿ ਪੂਰੀ ਦੁਨੀਆਂ ਦੇ ਮੁਕਾਬਲੇ ਬ੍ਰਾਜ਼ੀਲ 'ਚ ਸੰਤਰੇ ਦੀ ਸਭ ਤੋਂ ਵਧੇਰੇ ਪੈਦਾਵਾਰ ਹੁੰਦੀ ਹੈ।

ਇਤਿਹਾਸ : ਸਬੂਤ ਦੱਸਦੇ ਹਨ ਕਿ ਸੰਤਰੇ ਦੀ ਪੈਦਾਵਾਰ 2500 ਬੀ. ਸੀ. ਤੋਂ ਵੀ ਪਹਿਲਾਂ ਚੀਨ 'ਚ ਸ਼ੁਰੂ ਹੋਈ ਸੀ।

– ਸੁਮਨ ਰਾਣੀ

# ਯੋਗਾਪੈਥੀ ਰਾਹੀਂ ਪ੍ਰਾਪਤ ਕਰੋ ਸੁਡੌਲ ਸਰੀਰ



ਮਾਰਜਰੀ ਭਾਲ ਬਿੱਲੀ, ਜਿਸ ਤਰ੍ਹਾਂ ਬਿੱਲੀ ਆਕੜ ਭੰਨ ਕੇ ਆਪਣੀ ਸਾਰੀ ਥਕਾਵਟ ਲਾਹੁੰਦਿਆਂ ਤਰੋ-ਤਾਜ਼ਾ ਮਹਿਸੂਸ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਤੁਸੀਂ ਵੀ ਮਾਰਜਰੀ-ਆਸਣ ਦੇ ਅਭਿਆਸ ਨਾਲ ਨਾ ਸਿਰਫ ਤਰੋ-ਤਾਜ਼ਾ ਮਹਿਸੂਸ ਕਰੋਗੇ, ਸਗੋਂ ਸਰੀਰ ਦੀ ਥਕਾਵਟ ਅਤੇ ਦਰਦਾਂ ਤੋਂ ਵੀ ਮੁਕਤੀ ਪ੍ਰਾਪਤ ਕਰੋਗੇ ਅਤੇ ਖੁਦ ਨੂੰ ਹਰ ਵੇਲੇ ਤੰਦਰੁਸਤ ਮਹਿਸੂਸ ਕਰੋਗੇ।

ਵਿਧੀ : ਜ਼ਮੀਨ 'ਤੇ ਯੋਗਾ ਮੈਟ ਵਿਛਾ ਕੇ ਗੋਡਿਆਂ ਪਰਨੇ ਖੜ੍ਹੇ ਹੋ ਕੇ ਸਰੀਰ ਦਾ ਉਪਰਲਾ ਹਿਸਾ ਅੱਗੇ ਵੱਲ ਝੁਕਾਓ ਅਤੇ ਹੱਥਾਂ ਦੀਆਂ ਮੁੱਠੀਆਂਬਣਾ ਕੇ ਉਂਗਲੀਆਂ ਦੀਆਂ ਗੰਢਾਂ ਨੂੰ ਜ਼ਮੀਨ ਨਾਲ ਸਪਰਸ਼ ਕਰੋ।

ਇਹ ਆਸਣ ਦੋ ਹਿੱਸਿਆ 'ਚ ਵੰਡਿਆ ਹੋਇਆ ਹੈ।

ਪਹਿਲਾ ਹਿੱਸਾ : ਗਰਦਨ ਨੂੰ ਹੇਠਾਂ ਵੱਲ ਝੁਕਾਉਂਦਿਆਂ Chin ਨੂੰ ਗਲੇ ਦੇ Pit ਨਾਲ ਜੋੜੋ ਅਤੇ ਪੱਟਾਂ ਨੂੰ ਅੰਦਰ ਵੱਲ ਧੱਕੋ, ਅਜਿਹਾ ਕਰਨ ਨਾਲ ਤੁਹਾਡੀ ਪਿੱਠ 'ਚ ਇਕ ਮਹਿਰਾਬ ਦੀ ਸ਼ੇਪ ਬਣੇਗੀ।

ਦੂਜਾ ਹਿਸਾ : ਲੰਬਾ ਸਾਹ ਭਰੋ। ਆਕੜ ਭੰਨਦਿਆਂ ਗਰਦਨ ਉਪਰ ਵੱਲ ਅਤੇ ਪੱਟ ਬਾਹਰ ਵੱਲ ਧੱਕਦਿਆਂ ਜਿੰਨੀ ਦੇਰ ਸਾਹ ਰੋਕ ਸਕੋ, ਇਸ ਸਥਿਤੀ 'ਚ ਰਹੋ। ਅਜਿਹਾ ਕਰਨ ਵੇਲੇ ਤੁਹਾਡਾ ਰੀੜ੍ਹ ਅੰਦਰ ਵੱਨ ਮੁੜ ਜਾਵੇਗੀ ਅਤੇ ਇਕ ਕਰਵ ਬਣੇਗਾ।

ਫਿਰ ਸਾਹ ਛੱਡਦਿਆਂ ਵਾਪਸ ਪਹਿਲਾਂ ਵਾਲੀ ਅਵਸਥਾ 'ਚ ਆ ਜਾਓ, ਅਜਿਹਾ ਪੰਜ ਤੋਂ ਸੱਤ ਵਾਰ ਦੁਹਰਾਓ।

ਲਾਭ : (1) ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਇਹ ਆਸਣ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ।

(2) ਬਾਂਹ ਦੇ ਉਪਰਲੇ ਹਿੱਸੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।

(3) ਪੇਟ ਦੀਆਂ ਮਾਸਪੇਸ਼ੀਆਂ 'ਚ ਖਿਚਾਅ ਆਉਣ ਨਾਲ ਪੇਟ ਨੂੰ ਸਹੀ ਆਕਾਰ ਮਿਲਦਾ ਹੈ।

(4) ਸਰੀਰ ਨੂੰ ਚੁਸਤ-ਦਰੁਸਤ ਕਰਕੇ ਤੁਰੰਤ ਊਰਜਾ ਭਰ ਦਿੰਦਾ ਹੈ।

(5) ਕੋਮਲ ਸਰੀਰ ਦੇ ਚਾਹਵਾਨਾਂ ਲਈ ਇਹ ਆਸਣ ਇਕ ਵਰਦਾਨ ਹੈ।

ਸਾਵਧਾਨੀਆਂ : ਇਸ ਆਸਣ ਨੂੰ ਕਰਨ ਵੇਲੇ ਲੱਤਾਂ ਨੂੰ ਹਿੱਲਣ ਨਹੀਂ ਦੇਣਾ ਚਾਹੀਦਾ, ਸਿਰਫ ਗਰਦਨ ਦੀ ਮਦਦ ਨਾਲ ਹੀ ਪਹਿਲੇ ਅਤੇ ਦੂਜੇ ਹਿੱਸੇ ਦਾ ਅਭਿਆਸ ਕਰੋ।

ਖਾਸ ਕਰ : ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਜੋ ਹਰ ਤਰ੍ਹਾਂ ਦਾ ਆਸਣ ਨਹੀਂ ਕਰ ਸਕਦੇ, ਇਸ ਆਸਣ ਅਭਿਆਸ ਨਾਲ ਦਰਦਾਂ ਤੋਂ ਮੁਕਤੀ ਦੇ ਨਾਲ-ਨਾਲ ਉਹ ਆਪਣੇ ਸਰੀਰ 'ਚ ਲਚਕੀਲਾ, ਸੁਡੌਲਤਾ ਅਤੇ ਸਹੀ ਆਕਾਰ ਵੀ ਪ੍ਰਾਪਤ ਕਰੋਗੇ।

ਨੋਟ : ਕਿਸੇ ਵੀ ਤਰ੍ਹਾਂ ਦੀ ਕਸਰਤ ਜਾਂ ਯੋਗ ਅਭਿਆਸ ਕਰਨ ਤੋਂ ਪਹਿਲਾਂ ਆਪਦੇ ਡਾਕਟਰ ਤੋਂ ਸਲਾਹ ਜ਼ਰੂਰ ਲਓ।

– ਯੋਗ ਥੈਰੇਪਿਸਟ ਅਨੁਪ੍ਰਿਯਾ

# ਡੇਅਰੀ ਦੇ ਧੰਦੇ ਨੂੰ ਸਹਾਰਾ ਦੇਣ ਦੀ ਲੋੜ



ਗੁਰਨਾਮ ਸਿੰਘ ਚੌਹਾਨ

ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਨੇ ਡੇਅਰੀ ਧੰਦੇ ਨੂੰ ਬੇਹੱਦ ਪ੍ਰਚਾਰਿਆ ਸੀ। ਪਰ ਸਮੇਂ-ਸਮੇਂ ਠੀਕ ਅਗਵਾਈ ਨਾ ਦੇਣ ਅਤੇ ਦੁੱਧ ਦੇ ਭਾਅ ਵਿੱਚ ਆਈ ਗਿਰਾਵਟ ਨੇ ਡੇਅਰੀ ਫ਼ਾਰਮ ਮਾਲਕਾਂ ਨੂੰ ਵੱਡੇ ਆਰਥਿਕ ਘਾਟੇ ਵੱਲ ਧੱਕ ਦਿੱਤਾ ਹੈ। ਖੁਸ਼ਹਾਲ ਜੀਵਨ ਜਿਉਣ ਦੀ ਆਸ ਵਿੱਚ ਖੋਲ੍ਹੇ ਗਏ ਡੇਅਰੀ ਫਾਰਮ ਫੇਲ੍ਹ ਹੋ ਰਹੇ ਹਨ। ਗਾਵਾਂ ਲਈ ਬਣਾਏ ਸ਼ੈੱਡ ਖਾਲੀ ਪਏ ਹੋਣ ਕਰਕੇ ਕਬਾੜ ਬਣਦੇ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਰਾਜ ਵਿੱਚ ਜ਼ਮੀਨਦੋਜ਼ ਪਾਣੀ ਦੀ ਬੱਚਤ ਨੂੰ ਮੁੱਖ ਰੱਖਦਿਆਂ ਫ਼ਸਲੀ ਵਿਭਿੰਨਤਾ ਸੂਬੇ ਵਿੱਚ ਸਹਾਇਕ ਧੰਦਿਆਂ ਸਬੰਧੀ ਕਿਸਾਨਾਂ ਨੂੰ ਰੁਚਿਤ ਕਰਨ ਵੱਲ ਰੁਚੀ ਦਿਖਾਈ ਸੀ। ਤਤਕਾਲੀ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਸ਼ੂਆਂ ਦੀ ਨਸਲ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਡੇਅਰੀ ਦੇ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਸੀ ਜਿਸ ਤਹਿਤ ਬੈਂਕਾਂ ਵੱਲੋਂ ਡੇਅਰੀ ਫਾਰਮ ਖੋਲ੍ਹਣ ਲਈ ਕਿਸਾਨਾਂ ਨੂੰ ਆਸਾਨ ਕਰਜ਼ੇ ਦਿੱਤੇ ਗਏ। ਕਿਸਾਨਾਂ ਨੇ ਡੇਅਰੀ ਫਾਰਮ ਖੋਲ੍ਹ ਕੇ ਦੁੱਧ ਉਤਪਾਦਨ ਵਧਾਇਆ। ਪਰ ਪੰਜਾਬ ਵਿੱਚ ਵੱਧੇ ਦੁੱਧ ਦੇ ਉਤਪਾਦਨ ਅਤੇ ਕੁਝ ਲੋਕਾਂ ਵੱਲੋਂ ਸੰਥੈਟਿਕ ਦੁੱਧ ਵੱਡੀ ਮਾਤਰਾ ਵਿਚ ਮਾਰਕੀਟ ਵਿਚ ਲਿਆਉਣ ਕਾਰਨ ਦੁੱਧ ਦੀਆਂ ਕੀਮਤਾਂ ਵਿੱਚ ਮੰਦਾ ਆ ਗਿਆ ਜਿਸ ਕਾਰਨ ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਆਰਥਿਕ ਘਾਟਾ ਹੋਰ ਵੱਧ ਗਿਆ। ਪੰਜਾਬ ਸਰਕਾਰ ਨੇ ਡੇਅਰੀ ਦਾ ਧੰਦਾ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾਂ ਬਕਾਇਦਾ ਸਿਖਲਾਈ ਦੇ ਕੇ ਹੀ ਕਰਜ਼ੇ ਦੀ ਸੁਵਿਧਾ ਦਿੱਤੀ ਸੀ ਪਰ ਉੱਚ ਪਾਏ ਦੀ ਟਰੇਨਿੰਗ ਨਾ ਮਿਲਣ ਕਰਕੇ ਮਹਿੰਗੀਆਂ ਗਾਵਾਂ ਦੀ ਸਾਂਭ ਸੰਭਾਲ ਤੇ ਗਰਮ ਵਾਤਾਵਰਣ ਦੇ ਅਨੁਕੂਲ ਪ੍ਰਬੰਧਾਂ ਦੀ ਘਾਟ ਡੇਅਰੀ ਫਾਰਮਾਂ ਨੂੰ ਫੇਲ੍ਹ ਕਰਨ ਦਾ ਕਾਰਨ ਸਾਬਤ ਹੋਈ ਹੈ ਡੇਅਰੀ ਫਾਰਮ ਮਾਲਕਾਂ ਨੂੰ ਉਚ ਪਾਏ ਦੀ ਸਿਖਲਾਈ ਨਾ ਮਿਲਣਾ, ਸਿੰਥੈਟਿਕ ਦੁੱਧ ਦੀ ਬਾਜ਼ਾਰ ਵਿਚ ਵਿਕਰੀ ਨਾ ਰੁਕਣਾ, ਮਜ਼ਦੂਰਾਂ ਦੀ ਘਾਟ, ਮਹਿੰਗੀ ਮਜ਼ਦੂਰੀ ਤੇ ਤੂੜੀ ਅਤੇ ਦੁੱਧ ਦਾ ਰੇਟ ਘੱਟ ਤੇ ਫੀਡ ਦੇ ਭਾਅ ਬਹੁਤ ਜ਼ਿਆਦਾ ਹੋਣਾ, ਫਾਰਮਾਂ ਦੇ ਫੇਲ੍ਹ ਹੋਣ ਦਾ ਵੀ ਕਾਰਨ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਕਰਜ਼ਾ ਲੈ ਕੇ ਡੇਅਰੀ ਫਾਰਮ ਖੋਲ੍ਹਣ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਵੇਲੇ ਸਬਸਿਡੀਆਂ ਦਿਵਾਉਣ ਦੇ ਵਾਅਦੇ ਕੀਤੇ ਗਏ ਪਰ ਬਾਅਦ ਵਿੱਚ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਜਾਣਕਾਰੀ ਘੱਟ ਹੋਣ ਕਰਕੇ ਕਿਸਾਨ ਥੱਕ ਹਾਰ ਕੇ ਬੈਠ ਗਏ ਹਨ। ਭਾਵੇਂ ਸੰਥੈਟਿਕ ਦੁੱਧ ਸਿੱਧੇ ਰੂਪ ਵਿੱਚ ਮਾਰਕਿਟ ਵਿੱਚ ਨਹੀਂ ਮਿਲਦਾ ਪਰ ਦੁੱਧ ਦੇ ਪਦਾਰਥ ਬਣਾਉਣ ਲਈ ਅਸਾਨੀ ਨਾਲ ਮਿਲ ਜਾਣਾ ਬਜ਼ਾਰ ਵਿੱਚ ਦੁੱਧ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ।

ਬਜ਼ਾਰ ਵਿੱਚੋਂ ਦੁੱਧ ਵੀਹ ਤੋਂ ਤੀਹ ਰੁਪੈ ਲੀਟਰ ਮਿਲਦਾ ਹੈ ਜਦੋਂਕਿ ਗਾਵਾਂ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਚੰਗੀ ਪੋਸ਼ਟਿਕ ਖੁਰਾਕ ਦੇ ਰੇਟ ਦੁੱਧ ਦੇ ਮੁਕਾਬਲੇ ਕਈ ਗੁਣਾ ਵੱਧ ਹਨ। ਇਸ ਦੇ ਨਾਲ ਹੀ ਬਜ਼ਾਰੂ ਫੀਡ ਵਿੱਚ ਹੋਣ ਵਾਲੀਆਂ ਹੇਰਾਫੇਰੀਆਂ ਤੇ ਪੋਸ਼ਟਿਕਤਾ ਦੀ ਘਾਟ ਫਾਰਮਾਂ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਪਸ਼ੂਆਂ ਦੀ ਵਿਕਰੀ ਸਬੰਧੀ ਕੇਂਦਰ ਸਰਕਾਰ ਵੱਲੋਂ ਬਣਾਏ ਨਵੇਂ ਕਾਨੂੰਨ ਵੀ ਡੇਅਰੀ ਫਾਰਮਾਂ ਲਈ ਵੱਡੀ ਸਿਰਦਰਦੀ ਬਣਨਗੇ। ਪੰਜਾਬ ਸਰਕਾਰ ਨੂੰ ਇਸ ਅਹਿਮ ਸਹਾਇਕ ਧੰਦੇ ਨੂੰ ਮੁੜ ਪੈਰਾਂ 'ਤੇ ਲਿਆਉਣ ਲਈ ਡੇਅਰੀ ਫਾਰਮ ਮਾਲਕਾਂ ਦੀਆਂ ਮੁਸ਼ਕਲਾਂ ਵੱਲ ਤੁਰਤ ਧਿਆਨ ਦੇਣਾ ਚਾਹੀਦਾ ਹੈ।

ਸੰਪਰਕ: 097815-74100

# ਕਿਉਂ ਚੜ੍ਹਾਈ ਜਾਂਦੀ ਹੈ ਫਲਾਂ 'ਤੇ ਮੋਮ ਦੀ ਪਰਤ ?

ਪ੍ਰੋ. ਐਚ. ਐਸ. ਡਿੰਪਲ

ਜਿਸ ਤਰ੍ਹਾਂ ਸਰੀਰ ਦੇ ਕੁਝ ਭਾਗਾਂ ਤੋਂ ਅਣਚਾਹੇ ਵਾਲ ਉਤਾਰਣ ਲਈ ਮੋਮ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਵੈਕਸਿੰਗ ਵੀ ਆਖਿਆ ਜਾਂਦਾ ਹੈ, ਉਵੇਂ ਹੀ ਫਲਾਂ ਦੀ ਦਿੱਖ ਸੁਧਾਰਨ, ਉਨ੍ਹਾਂ ਨੂੰ ਦੇਰ ਤਕ ਖ਼ਰਾਬ ਹੋਏ ਬਿਨਾਂ ਸੰਭਾਲਣ ਅਤੇ ਉਲੀ ਜਾਂ ਕੀਟ ਦੇ ਹਮਲੇ ਤੋਂ ਬਚਾਉਣ ਲਈ, ਫਲਾਂ ਦੀ ਵੀ ਵੈਕਸਿੰਗ ਕੀਤੀ ਜਾਂਦੀ ਹੈ। ਫਲਾਂ ਦੀ ਵੈਕਸਿੰਗ ਕਰਨ ਲਈ ਇਨ੍ਹਾਂ ਤੇ ਮੋਮ ਦੀ ਇਕ ਪਰਤ ਚੜ੍ਹਾਈ ਜਾਂਦੀ ਹੈ। ਅਸਲ ਵਿਚ ਫਲਾਂ (ਕੁਝ ਸਬਜ਼ੀਆਂ ਸਮੇਤ) ਤੇ ਪਹਿਲਾਂ ਹੀ ਕੁਦਰਤੀ ਤੌਰ ਹੀ ਸੁਭਾਵਿਕ ਮੋਮ ਦੀ ਇਕ ਪਰਤ ਚੜ੍ਹੀ ਹੁੰਦੀ ਹੈ। ਫਲਾਂ ਵਿਚ ਸੇਬ ਤੇ ਸਬਜ਼ੀਆਂ ਵਿਚ ਬੈਂਗਣ 'ਤੇ ਇਹ ਪਰਤ ਅਕਸਰ ਦੇਖੀ ਜਾ ਸਕਦੀ ਹੈ। ਇਹ ਪਰਤ ਬਹੁਤ ਹੀ ਪਤਲੀ ਅਤੇ ਮਾਮੂਲੀ ਹੁੰਦੀ ਹੈ ਤੇ ਬਨਾਵਟੀ ਵੈਕਸਿੰਗ ਕਰਨ ਲਈ ਪਹਿਲਾਂ ਇਸ ਕੁਦਰਤੀ ਮੋਮ ਨੂੰ ਗਰਮ ਪਾਣੀ ਦੁਆਰਾ ਉਤਾਰਿਆ ਜਾਂਦਾ ਹੈ ਤੇ ਫਿਰ ਕੁਦਰਤੀ ਮੋਮ ਜਾਂ ਪੈਟਰੋਲੀਅਮ-ਆਧਾਰਤ ਪਦਾਰਥ ਰਾਹੀਂ ਮੁੜ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਫਲਾਂ ਜਾਂ ਸਬਜ਼ੀਆਂ ਦੀ ਵੈਕਸਿੰਗ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਇਨ੍ਹਾਂ ਦੀ ਦਿੱਖ ਸੁਧਾਰਨਾ ਤੇ ਇਨ੍ਹਾਂ ਵਿਚਲੇ ਪਾਣੀ ਨੂੰ ਸੁੱਕਣ ਤੋਂ ਰੋਕਣਾ, ਜਿਸ ਨਾਲ ਇਨ੍ਹਾਂ ਦਾ ਭਾਰ ਵੀ ਕਾਇਮ ਰਹਿੰਦਾ ਹੈ ਅਤੇ ਇਹ ਰਸਦਾਰ ਵੀ ਰਹਿੰਦੇ ਹਨ। ਸਮੇਂ ਨਾਲ ਖ਼ਰਾਬ ਵੀ ਨਹੀਂ ਹੁੰਦੇ। ਸੰਤਰਾ-ਨਿੰਬੂ ਜਾਤੀ ਦੇ ਫਲਾਂ 'ਤੇ ਅਕਸਰ ਮੋਮ ਚੜ੍ਹਾਈ ਜਾਂਦੀ ਹੈ ਪਰ ਇਸ ਜਾਤੀ ਦੇ ਨਿੰਬੂ ਤੋਂ ਇਲਾਵਾ ਬਾਕੀ ਫਲਾਂ ਦਾ ਛਿਲਕਾ ਅਕਸਰ ਉਤਾਰ ਕੇ ਹੀ ਬਾਕੀ ਪਦਾਰਥ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਬਾਰੇ ਜ਼ਿਆਦਾ ਤਵੱਜੋ ਨਹੀਂ ਦਿੱਤੀ ਜਾਂਦੀ।

ਇਸ ਤੋਂ ਇਲਾਵਾ ਸੇਬਾਂ 'ਤੇ ਵੀ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਇਸ ਨਾਲ ਫਲ ਸੁੰਗੜਦੇ ਨਹੀਂ ਤੇ ਨਾ ਹੀ ਖ਼ਰਾਬ ਹੁੰਦੇ ਹਨ ਤੇ ਗਲਦੇ ਵੀ ਨਹੀਂ। ਫਲਾਂ ਦੀ ਦਿੱਖ ਵੀ ਸੁਧਰ ਜਾਂਦੀ ਹੈ। ਇਨ੍ਹਾਂ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਮੋਮ ਵਿਚ ਰੰਗ ਵੀ ਪਾਏ ਜਾਂਦੇ ਹਨ ਅਤੇ ਉਲੀਨਾਸ਼ਕ ਪਾ ਕੇ ਇਨ੍ਹਾਂ ਦੀ ਉਮਰ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਖਮੀਰੀਕਰਨ ਲਈ ਮੋਮ ਦੀ ਵਰਤੋਂ ਦਾ ਰਿਵਾਜ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਕੀਤਾ ਜਾ ਰਿਹਾ ਹੈ। ਵਪਾਰੀਕਰਨ ਲਈ ਉਤਪਾਦਕਾਂ ਵਜੋਂ ਇਸ ਦੀ ਵਰਤੋਂ 1927 ਵਿਚ ਆਰੰਭ ਕੀਤੀ ਗਈ।

ਕਸਾਵਾ, ਖੀਰਾ ਅਤੇ ਟਮਾਟਰਾਂ ਨੂੰ ਵੀ ਅਕਸਰ ਵੈਕਸ ਕਰਨ ਦਾ ਰਿਵਾਜ ਹੈ। ਮੋਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਸਟੋਰੇਜ਼ ਵੈਕਸ (ਫਲ ਦੀ ਲੰਮੀ ਉਮਰ ਲਈ), ਪੈਕ-ਆਊਟ ਵੈਕਸ (ਇਕਦਮ ਵੇਚਣ ਲਈ) ਅਤੇ ਹਾਈਸ਼ਾਈਨ ਵੈਕਸ (ਆਕਰਸ਼ਣ ਵਧਾਉਣ ਲਈ)। ਗੰਨਾ, ਕਰਨੌਬਾ, ਸ਼ੈਲੇਕ ਜਾਂ ਰੇਜ਼ਿਨ ਤੋਂ ਤਿਆਰ ਮੋਮ ਨੂੰ ਜੈਵਿਕ ਮੋਮ ਤੇ ਰਸਾਇਣਕ ਸਿਧਾਂਤ ਰਾਹੀਂ ਤਿਆਰ ਮੋਮ ਨੂੰ ਪੈਟਰੋਲੀਅਮ ਆਧਾਰਤ ਆਖਿਆ ਜਾਂਦਾ ਹੈ। ਇਸ ਲਈ ਕਈ ਵਾਰ ਤਾਂ ਮੋਮ ਦੇ ਘੋਲ ਵਿਚ ਫਲਾਂ ਨੂੰ ਡੁਬੋਇਆ ਜਾਂਦਾ ਹੈ ਤੇ ਕਈ ਵਾਰ ਮੋਮ ਨੂੰ ਕੂਚੇ ਰਾਹੀਂ ਜਾਂ ਕੱਪੜੇ ਤੇ ਲਗਾ ਕੇ ਫਲ 'ਤੇ ਲਗਾਇਆ ਜਾਂਦਾ ਹੈ। ਤਾਲ-ਪਰਲੌਂਗ, ਸੈਂਪਰ ਫਰੈਸ਼, ਫਰੂਟੋਕਸ, ਕਲੀਨ, ਨਿਪਰੋ ਫਰੈਸ਼ ਅਤੇ ਡੈਕੋ ਲਸਟਰ ਆਦਿ ਬਨਾਵਟੀ ਮੋਮ ਦੇ ਪ੍ਰਸਿਧ ਬ੍ਰਾਂਡ ਹਨ।



# ਲਾਹੇਵੰਦਾ ਸਹਾਇਕ ਧੰਦਾ: ਖੁੰਬਾਂ ਦੀ ਕਾਸ਼ਤ

• ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ

ਖੁੰਬ ਜੋ ਕਿ ਉੱਲੀ ਤੋਂ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਖਾਣ ਵਾਲੀ ਉੱਲੀ ਵੀ ਕਹਿ ਸਕਦੇ ਹਾਂ। ਕੁੱਝ ਖੁੰਬਾ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦੀਆਂ ਕਿਸਮਾਂ ਤਿਆਰ ਕੀਤੀਆਂ ਹਨ ਕਾਸ਼ਤਕਾਰ ਸਾਰਾ ਸਾਲ ਹੀ ਇਨ੍ਹਾਂ ਨੂੰ ਉਗਾ ਸਕਦੇ ਹਨ। ਇਨ੍ਹਾਂ ਵਿੱਚੋਂ ਬਟਨ, ਢੀਂਗਰੀ ਅਤੇ ਸਿਟਾਕੀ ਸਰਦੀਆਂ ਵਿੱਚ ਉਗਾਈਆਂ ਜਾ ਸਕਦੀਆਂ ਹਨ ਅਤੇ ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬਾਂ ਉਗਾਈਆਂ ਜਾ ਸਕਦੀਆਂ ਹਨ। ਖੁੰਬਾਂ ਦੀਆਂ ਕਿਸਮਾਂ ਤੇ ਉਨ੍ਹਾਂ ਨੂੰ ਉਗਾਉਣ ਦੇ ਢੰਗ ਇਸ ਤਰ੍ਹਾਂ ਹਨ:

ਬਟਨ ਖੁੰਬ: ਬਟਨ ਖੁੰਬ ਨੂੰ ਉਗਾਉਣ ਲਈ ਸਭ ਤੋਂ ਪਹਿਲਾਂ ਕੰਪੋਸਟ ਤਿਆਰ ਕਰਨੀ ਪੈਂਦੀ ਹੈ। ਇਸ ਦੀ ਕੰਪੋਸਟ 28 ਤੋਂ 30 ਦਿਨਾਂ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਮੌਸਮ ਦੇ ਮਿਜਾਜ ਨੂੰ ਦੇਖਦੇ ਹੋਏ ਇਸ ਨੂੰ ਬੀਜਣ ਦੀ ਤਿਆਰੀ ਕਰਨੀ ਚਾਹੀਦੀ ਹੈ। ਕੰਪੋਸਟ ਬਣਨ ਤੋਂ ਬਾਅਦ ਜਦੋਂ ਬੀਜਣੀ ਹੋਵੇ ਤਾਂ ਉਸ ਸਮੇਂ ਮੌਸਮ ਗਰਮ ਨਹੀਂ ਹੋਣਾ ਚਾਹੀਦਾ। ਇਸ ਵਾਸਤੇ 18 ਤੋਂ 25 ਡਿਗਰੀ ਤਾਪਮਾਨ ਵਧੀਆ ਮੰਨਿਆ ਜਾਂਦਾ ਹੈ। ਕੰਪੋਸਟ ਤਿਆਰ ਕਰਨ ਲਈ ਸਭ ਤੋਂ ਪਹਿਲਾਂ 3 ਕੁਇੰਟਲ ਤੂੜੀ (ਜਾਂ 4 ਹਿੱਸੇ ਤੂੜੀ 1 ਹਿੱਸਾ ਪਰਾਲ਼ੀ) ਨੂੰ ਪੱਕੇ ਫਰਸ਼ 'ਤੇ ਗਿੱਲਾ ਕਰੋ। ਉੱਪਰ ਸ਼ੈੱਡ ਹੋਣਾ ਜ਼ਰੂਰੀ ਹੈ। ਇਸ ਤੂੜੀ ਨੂੰ 24 ਤੋਂ 48 ਘੰਟੇ ਤੱਕ ਪੂਰਾ ਗਿੱਲਾ ਰੱਖੋ। ਇਸ ਵਿੱਚ ਨਮੀ ਦੀ ਮਾਤਰਾ 70 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਨਮੀਂ ਦੀ ਮਾਤਰਾ ਚੈੱਕ ਕਰਨ ਲਈ ਜਦੋਂ ਗਿੱਲੀ ਤੂੜੀ ਨੂੰ ਮੁੱਠੀ ਵਿੱਚ ਲੈ ਕੇ ਘੁੱਟੋਗੇ ਤਾਂ ਪਾਣੀ ਦੀਆਂ ਬੂੰਦਾਂ ਉਗਲੀਆਂ ਦੇ ਜੋੜਾਂ ਵਿੱਚੋਂ ਟਪਕਣਗੀਆਂ। ਇਸ ਤਿਆਰ ਤੂੜੀ ਵਿੱਚ 1 ਕਿਲੋ ਡੀਏਪੀ, 6.5 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 15 ਕਿਲੋ ਚੋਕਰ (ਛਾਣ ਬੂਰਾ) ਰਲਾ ਕੇ ਚੰਗੀ ਤਰ੍ਹਾਂ ਰਲਾਵੋ। ਇਸ ਸਮੱਗਰੀ ਨੂੰ 4 ਦਿਨ ਤੱਕ ਢੇਰ ਲਗਾ ਕੇ ਰੱਖੋ। ਚੌਥੇ ਦਿਨ 5 ਕਿਲੋ ਗੁੜ ਦਾ ਸੀਰਾ ਚੰਗੀ ਤਰ੍ਹਾਂ ਰਲਾ ਕੇ ਢੇਰ ਲਗਾ ਦੇਵੋ। ਅੱਠਵੇਂ ਦਿਨ ਖਾਲੀ ਰਲਾ ਲਵੋ ਤੇ ਢੇਰ ਲਗਾਉ। 12ਵੇਂ ਦਿਨ 30 ਕਿਲੋ ਜਿਪਸਮ ਪਾਉ, ਮਿਕਸ ਕਰੋ ਤੇ ਢੇਰ ਲਗਾ ਦੇਵੋ। 16ਵੇਂ ਦਿਨ ਕੁੱਝ ਨਹੀਂ ਪਾਉਣਾ ਤੂੜੀ ਨੂੰ ਫਰੋਲ਼ ਕੇ ਦੂਜੀ ਜਗ੍ਹਾ ਢੇਰੀ ਲਗਾਉ। 20ਵੇਂ ਦਿਨ 150 ਮਿਲੀਲੀਟਰ ਫਿਊਰਡਮ ਮਿਲਾਉ। 24ਵੇਂ ਦਿਨ ਤੂੜੀ ਨੂੰ ਚੰਗੀ ਤਰ੍ਹਾਂ ਫਰੋਲ ਕੇ ਦੁਬਾਰਾ ਢੇਰ ਲਗਾਉ ਇਸ ਵਿੱਚ ਹੋਰ ਕੁੱਝ ਨਹੀਂ ਪਾਉਣਾ। 28ਵੇਂ ਦਿਨ 60 ਮਿਲੀਗ੍ਰਾਮ ਗਾਮਾ ਰਲਾ ਲਵੋ ਅਤੇ ਤੁਹਾਡਾ ਸਟੈਗ ਜਾਂ ਤੂੜੀ ਖੁੰਬ ਬੀਜਣ ਵਾਸਤੇ ਤਿਆਰ ਹੈ। ਕੰਪੋਸਟ ਭੂਰੇ ਰੰਗ ਦਾ ਹੋ ਜਾਵੇਗਾ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪੋਸਟ ਵਿੱਚੋਂ ਅਮੋਨੀਆ ਦਾ ਮੁਸ਼ਕ ਨਾ ਆਉਂਦਾ ਹੋਵੇ। ਇਸ ਢੇਰ ਦੀ ਦਾ ਪੀਐਚ ਮੁੱਲ 7 ਤੋਂ 8 ਹੋਵੇ ਅਤੇ ਨਮੀ 65 ਤੋਂ 75 ਫ਼ੀਸਦੀ ਤੱਕ ਹੋਵੇ।

ਬਿਜਾਈ: ਮੌਸਮ ਨੂੰ ਦੇਖਦੇ ਹੋਏ ਬਿਜਾਈ ਕਰੋ। 20 ਕਿਲੋ ਦੀ ਢੇਰੀ ਵਿੱਚ 250-300 ਗ੍ਰਾਮ ਬੀਜ ਲਵੋ। 10 ਗ੍ਰਾਮ ਬੀਜ ਨੂੰ ਰੱਖ ਕੇ ਬਾਕੀ ਦੇ ਬੀਜ ਨੂੰ 20 ਕਿਲੋ ਕੰਪੋਸਟ ਵਿੱਚ ਰਲਾ ਦੇਵੋ। 5-5 ਕਿਲੋ ਦੇ ਚਾਰ ਲਿਫਾਫੇ ਤੁੰਨ-ਤੁੰਨ ਕੇ ਭਰ ਲਵੋ। ਲਿਫਾਫਿਆਂ ਦੇ ਉੱਪਰ ਬਚਾਏ ਹੋਏ ਬੀਜ ਦੇ ਕੁੱਝ ਦਾਣੇ ਖਿਲਾਰ ਕੇ ਬੰਦ ਕਰ ਦੇਵੋ। ਇਨ੍ਹਾਂ ਲਿਫਾਫਿਆਂ ਨੂੰ ਅਲੱਗ ਕਮਰੇ ਵਿੱਚ ਰੱਖ ਲਵੋ। 15 ਕੁ ਦਿਨਾਂ ਵਿੱਚ ਚਿੱਟਾ ਰੇਸ਼ਾ ਦਿਖਾਈ ਦੇਵੇਗਾ। ਹੁਣ ਇਨ੍ਹਾਂ ਲਿਫਾਫਿਆਂ ਦੇ ਉਪਰ ਕੇਸਿੰਗ ਤਿਆਰ ਕਰਕੇ ਪਾਉਣੀ ਹੈ। ਕੇਸਿੰਗ ਤਿਆਰ ਕਰਨ ਲਈ 4 ਹਿੱਸੇ ਰੂੜੀ 1 ਹਿੱਸਾ ਖੇਤ ਦੀ ਰੇਤਲੀ ਮਿੱਟੀ ਵਿੱਚ 4 ਫ਼ੀਸਦੀ ਫਾਰਮੈਲਡੀਹਾਈਟ ਪਾ ਕੇ ਰਲਾ ਲੈਣਾ ਹੈ। ਇਸ ਨੂੰ ਕੰਪੋਸਟ ਵਾਲ਼ੇ ਲਿਫਾਫਿਆਂ ਦੇ ਉੱਪਰੋ ਖੋਹਲ ਕੇ ਤਕਰੀਬਨ ਡੇਢ ਇੰਚ ਤੱਕ ਪਾ ਦੇਣਾ ਹੈ। ਹਰ ਰੋਜ਼ ਹੱਥ ਵਾਲੇ ਸਪਰੇਅ ਪੰਪ ਨਾਲ਼ ਪਾਣੀ ਛਿੜਕਾਅ ਕਰਨਾ ਹੈ। 12 ਤੋਂ 15 ਦਿਨਾਂ ਤੱਕ ਖੁੰਬਾ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਬਿਨਾ ਧੋਤੇ ਪੈਕ ਕਰਕੇ ਵੇਚੋ ਜਾਂ ਇਨ੍ਹਾਂ ਦਾ ਅਚਾਰ ਆਦਿ ਬਣਾ ਕੇ ਵੇਚੋ।

ਢੀਂਗਰੀ: ਇਹ ਖੁੰਬ ਵੀ ਸਰਦੀਆਂ ਵਿੱਚ ਹੀ ਉਗਾਈ ਜਾਂਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਟਨ ਖੁੰਬ ਵਾਲ਼ੇ ਹੀ ਹੁੰਦੇ ਹਨ ਪਰ ਦਿੱਖ ਪੱਖੋ ਇਹ ਬਹੁਤੀ ਸੋਹਣੀ ਨਹੀਂ ਲੱਗਦੀ। ਇਹ ਕਿਸਮ ਉਗਾਉਣੀ ਬਹੁਤ ਆਸਾਨ ਹੈ। ਇਸ ਨੂੰ ਉਗਾਉਣ ਲਈ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਹੁੰਦੀ। ਤੂੜੀ ਨੂੰ ਚੰਗੀ ਤਰ੍ਹਾਂ ਗਿੱਲੀ ਕਰੋ। ਜਦੋਂ ਤੂੜੀ ਵਿੱਚ ਨਮੀ ਦੀ ਮਾਤਰਾ 65 ਤੋਂ 75 ਫ਼ੀਸਦੀ ਹੋ ਜਾਵੇ ਤਾਂ ਬੀਜਾਈ ਕਰ ਸਕਦੇ ਹੋ। ਇਸ ਲਈ ਤੂੜੀ ਦੋ ਦਿਨ ਵਿੱਚ ਹੀ ਤਿਆਰ ਹੋ ਜਾਂਦੀ ਹੈ। ਬਿਜਾਈ ਲਈ 5-5 ਕਿਲੋ ਦੀਆਂ ਢੇਰੀਆਂ ਲਗਾਉ। 5 ਕਿਲੋ ਦੀ ਢੇਰੀ ਵਿੱਚ 250 ਗ੍ਰਾਮ ਬੀਜ ਰਲਾਉ। ਯਾਦ ਰੱਖੋ 10 ਗ੍ਰਾਮ ਬੀਜ ਵੱਖ ਰੱਖ ਲਵੋ। ਢਾਈ ਕਿਲੋ ਦੇ ਲਿਫਾਫੇ ਵਿੱਚ ਬੀਜ ਰਲੀ ਤੂੜੀ ਨੂੰ ਚੰਗੀ ਤਰ੍ਹਾਂ ਤੁੰਨ-ਤੁੰਨ ਕੇ ਭਰੋ। ਬਚੇ ਹੋਏ ਥੋੜ੍ਹੇ ਜਿਹੇ ਬੀਜ ਉਪਰਲੇ ਪਾਸੇ ਖ਼ਿਲਾਰ ਕੇ ਲਿਫਾਫੇ ਨੂੰ ਰੱਸੀ ਨਾਲ਼ ਕਸ ਕੇ ਬੰਨ੍ਹ ਦੇਵੋ ਅਤੇ ਥੱਲੇ ਦੋਵੇਂ ਪਾਸਿਆਂ ਤੋਂ ਥੋੜ੍ਹਾ ਕੱਟ ਲਗਾ ਦੇਵੋ। ਇਸ ਪੈਕਟ ਨੂੰ ਕਮਰੇ ਵਿੱਚ ਸ਼ੈਲਫਾਂ 'ਤੇ ਰੱਖ ਦੇਵੋ। 20 ਤੋਂ 22 ਦਿਨਾਂ ਤੱਕ ਲਿਫਾਫੇ ਵਿੱਚ ਚਿੱਟੇ ਰੰਗ ਦਾ ਰੇਸ਼ਾ ਫੈਲ ਜਾਵੇਗਾ। ਜਦੋਂ ਰੇਸ਼ਾ ਫੈਲ ਜਾਵੇ ਤਾਂ ਲਿਫਾਫੇ ਨੂੰ ਪਾੜ ਕੇ ਅਲੱਗ ਕਰੋ ਅਤੇ ਤੂੜੀ ਦਾ ਸਟੈਗ ਲੱਗਿਆ ਰਹਿ ਜਾਵੇਗਾ। ਇਸ ਨੂੰ ਹਰ ਰੋਜ਼ ਹਲਕੀ ਫੂਹਾਰ ਨਾਲ਼ ਪਾਣੀ ਦਾ ਛਿੱਟਾ ਦੇਵੋ। ਥੋੜ੍ਹੇ ਦਿਨਾਂ ਬਾਅਦ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਸਾਵਧਾਨੀ ਨਾਲ਼ ਤੋੜ ਕੇ ਬਿਨਾਂ ਧੋਤੇ ਪੈਕ ਕਰਕੇ ਵੇਚ ਸਕਦੇ ਹੋ।

ਸਿਟਾਕੀ ਖੁੰਬ: ਇਹ ਮੈਡੀਕਲ ਖੁੰਬ ਹੈ। ਇਹ ਕਾਫੀ ਮਹਿੰਗੀ ਵੀ ਹੁੰਦੀ ਹੈ ਅਤੇ ਆਮ ਘਰਾਂ ਵਿੱਚ ਸੌਖੇ ਤਰੀਕੇ ਨਹੀਂ ਉਗਾਈ ਜਾ ਸਕਦੀ। ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬ ਆਸਾਨੀ ਨਾਲ਼ ਉਗਾਈਆਂ ਜਾ ਸਕਦੀਆਂ ਹਨ-

ਮਿਲਕੀ ਖੁੰਬ: ਮਿਲਕੀ ਖੁੰਬ ਲਈ ਤਾਪਮਾਨ 28 ਤੋਂ 35 ਡਿਗਰੀ ਸੈਲਸੀਅਸ ਚਾਹੀਦਾ ਹੈ। ਇਸ ਨੂੰ ਉਗਾਉਣ ਲਈ ਤੂੜੀ ਅਤੇ ਪਰਾਲ਼ੀ 50:50 ਜਾਂ ਇਕੱਲ਼ੀ ਤੂੜੀ ਨੂੰ ਇੱਕ ਬੋਰੇ ਵਿੱਚ ਪਾ ਕੇ ਵੱਡੇ ਡਰੰਮ ਵਿੱਚ ਡੇਢ ਤੋਂ ਦੋ ਘੰਟੇ ਤੱਕ ਉਬਾਲ਼ ਲਵੋ। ਇਹ ਜਰਮ ਰਹਿਤ ਹੋ ਜਾਵੇਗੀ ਤੇ ਇਸ ਨੂੰ ਠੰਢੀ ਕਰੋ। ਯਾਦ ਰਹੇ ਨਮੀਂ ਦੀ ਮਾਤਰਾ 65 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਇਸ ਦੀਆਂ 5-5 ਕਿਲੋ ਦੀਆਂ ਢੇਰੀਆਂ ਲਗਾ ਲਵੋ। 5 ਕਿਲੋ ਢੇਰੀ ਵਿੱਚ 200 ਗ੍ਰਾਮ ਬੀਜ ਰਲਾਉ। ਢਾਈ ਕਿਲੋ ਦੇ ਬੈਗ ਭਰੋ ਅਤੇ ਉਪਰੋਂ ਸੇਬੇ ਨਾਲ਼ ਬੰਨ੍ਹ ਕੇ ਪਾਸਿਆਂ 'ਤੇ ਕੱਟ ਮਾਰ ਦੇਵੋ ਅਤੇ ਕਮਰੇ ਦੀਆਂ ਸੈਲਫਾਂ 'ਤੇ ਰੱਖੋ। ਕਮਰੇ ਅੰਦਰ ਨਮੀਂ ਨੂੰ ਬਰਕਰਾਰ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਹਰ ਰੋਜ਼ ਪਾਣੀ ਲਗਾਓ, ਧਿਆਨ ਰਹੇ ਕਿ ਬੈਗਾਂ ਨੂੰ ਪਾਣੀ ਨਹੀਂ ਦੇਣਾ। 20 ਤੋਂ 25 ਦਿਨਾਂ ਤੱਕ ਚਿੱਟਾ ਰੇਸ਼ਾ ਨਜ਼ਰ ਆਵੇਗਾ। ਲਿਫਾਫੇ ਨੂੰ ਕੱਟ ਕੇ ਬਾਹਰ ਕਰ ਦੇਵੋ ਤੇ ਪਿੱਛੇ ਤੂੜੀ ਦਾ ਸਟੈਗ ਬਣ ਜਾਵੇਗਾ। ਇਸ ਨੂੰ ਹਰ ਰੋਜ਼ ਪਾਣੀ ਦਾ ਛਿੱਟਾ ਦੇਵੋ। ਕਮਰੇ ਵਿੱਚ ਨਮੀਂ ਬਰਕਰਾਰ ਰੱਖਣੀ ਹੈ। 10 ਤੋਂ 15 ਦਿਨਾਂ ਤੱਕ ਖੁੰਬਾਂ ਫੁੱਟਣੀਆਂ ਸ਼ੁਰੂ ਹੋ ਜਾਣਗੀਆਂ। ਖੁੰਬਾਂ ਨੂੰ ਧਿਆਨ ਨਾਲ਼ ਤੋੜ ਕੇ ਬਿਨਾ ਧੋਤੇ ਪੈਕ ਕਰਕੇ ਮੰਡੀ ਵਿੱਚ ਵੇਚਿਆ ਜਾ ਸਕਦਾ ਹੈ।

ਪਰਾਲ਼ੀ ਖੁੰਬ: ਸੁੱਕੀ ਤੇ ਸਾਫ਼ ਪਰਾਲ਼ੀ ਦੇ ਪੂਲ਼ੇ ਬਣਾ ਲਵੋ। ਇੱਕ ਪੂਲ਼ੇ ਦਾ ਵਜ਼ਨ ਤਕਰੀਬਨ ਇੱਕ ਕਿਲੋ ਤੋਂ ਡੇਢ ਕਿਲੋ ਹੋਣਾ ਚਾਹੀਦਾ ਹੈ। ਇਨ੍ਹਾਂ ਪੂਲ਼ਿਆਂ ਨੂੰ ਦੋਵਾਂ ਸਿਰਿਆਂ ਤੋਂ ਸੇਬੇ ਨਾਲ਼ ਬੰਨ੍ਹ ਲਵੋ। ਸੇਬੇ ਨਾਲ਼ ਬੰਨ੍ਹੇ ਪੂਲ਼ੇ 16 ਤੋਂ 20 ਘੰਟੇ ਪਾਣੀ ਵਿੱਚ ਭਿਉਂ ਦੇਵੋ। ਪਾਣੀ ਵਿੱਚੋਂ ਕੱਢ ਕੇ ਇਨ੍ਹਾਂ ਨੂੰ ਕਿਸੇ ਢਲਵੀ ਥਾਂ 'ਤੇ ਰੱਖੋ ਅਤੇ ਬਿਜਾਈ ਕਰਨ ਵਾਲ਼ੇ ਕਮਰੇ ਵਿੱਚ ਲੈ ਜਾਵੋ। ਇਨ੍ਹਾਂ ਪੂਲ਼ਿਆਂ ਦੀਆਂ ਤਹਿਆਂ ਲਗਾਉ। ਇੱਕ ਤਹਿ ਵਿੱਚ 5-5 ਪੂਲ਼ੇ ਹੋਣੇ ਚਾਹੀਦੇ ਹਨ। ਪੰਜ ਪੂਲ਼ੇ ਰੱਖ ਕੇ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਉੱਪਰ 5 ਪੂਲੇ ਰੱਖੋ ਅਤੇ ਫਿਰ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਤੀਜੀ ਤਹਿ ਰੱਖੋ ਅਤੇ 75 ਗ੍ਰਾਮ ਬੀਜ ਖਿਲਾਰ ਦੇਵੋ। ਚੌਥੀ ਤਹਿ ਲਗਾ ਕੇ ਇਸ ਨੂੰ ਥੋੜ੍ਹਾ ਦਬਾਅ ਪਾਉ।

ਪਾਣੀ ਦੇਣਾ: ਪਹਿਲੇ ਦੋ ਦਿਨ ਪਾਣੀ ਦੀ ਲੋੜ ਨਹੀਂ। ਉਸ ਤੋਂ ਬਾਅਦ ਰੋਜ਼ ਪਾਣੀ ਦਾ ਹਲਕਾ ਛਿੜਕਾਅ ਕਰੋ। ਨਮੀਂ ਬਣਾਈ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਵੀ ਪਾਣੀ ਦਾ ਛਿੜਕਾਅ ਜ਼ਰੂਰੀ ਹੈ। 7 ਤੋਂ 9 ਦਿਨਾਂ ਤੱਕ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਲਗਾਤਾਰ ਪੂਲ਼ੇ ਰੱਖਣ ਤੇ ਕੁਝ ਸਮਾਂ ਠਹਿਰ ਕੇ ਬਿਜਾਈ ਕਰਨ ਨਾਲ ਅਗਸਤ ਸਤੰਬਰ ਤੱਕ ਖੁੰਬਾਂ ਦੀ ਖੇਤੀ ਕੀਤੀ ਜਾ ਸਕਦੀ ਹੈ। ਜਦੋਂ ਗਰਮੀ ਘਟਣ ਲੱਗੇ ਤਾਂ ਬਟਨ ਖੁੰਬ ਦਾ ਸਟੈਗ ਬਣਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਅਸੀਂ ਪੂਰਾ ਸਾਲ ਖੁੰਬ ਲੈ ਸਕਦੇ ਹਾਂ ਅਤੇ ਆਪਣੀ ਆਮਦਨ ਵਿੱਚ ਚੋਖਾ ਵਾਧਾ ਕਰ ਸਕਦੇ ਹਾਂ। ਆਮਦਨ ਨਾ ਸਹੀ ਘੱਟੋ-ਘੱਟ ਘਰ ਲਈ ਸਬਜ਼ੀ ਲਈ ਜਾ ਸਕਦੀ ਹੈ। ਅਜਿਹੇ ਯਤਨਾਂ ਨਾਲ ਜਿੱਥੇ ਵਿਹਲੇ ਸਮੇਂ ਦਾ ਸਹੀ ਉਪਯੋਗ ਹੁੰਦਾ ਹੈ, ਉੱਥੇ ਹੀ ਅਸੀਂ ਆਪਣੇ ਖ਼ਰਚਿਆਂ ਦੀ ਪੂਰਤੀ ਵੀ ਕਰ ਸਕਦੇ ਹਾਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਕਿਸਾਨਾਂ ਦੀ ਸਹਾਇਤਾ ਲਈ ਹਰ ਵਕਤ ਤਿਆਰ ਹਨ, ਬਸ ਕਿਸਾਨਾਂ ਨੂੰ ਦ੍ਰਿੜ ਇਰਾਦੇ ਨਾਲ ਇਸ ਪਾਸੇ ਕਦਮ ਵਧਾਉਣ ਦੀ ਲੋੜ ਹੈ। ਕਿਸਾਨ ਮਾਹਿਰਾਂ ਦੇ ਸਹਿਯੋਗ ਦੇ ਨਾਲ ਨਾਲ ਯੂਨੀਵਰਸਿਟੀ ਦੀਆਂ ਮਸ਼ੀਨਾਂ ਨੂੰ ਆਪਣੇ ਫ਼ਾਇਦੇ ਲਈ ਵੀ ਵਰਤ ਸਕਦੇ ਹਨ। ਯੂਨੀਵਰਸਿਟੀ ਕਿਸਾਨਾਂ ਨੂੰ ਸਲਾਹ ਦੇ ਨਾਲ ਨਾਲ ਖੁੰਬਾਂ ਦੇ ਬੀਜ ਵੀ ਮੁਹੱਈਆ ਕਰਵਾਉਂਦੀ ਹੈ।

# ਬਿਮਾਰੀਆਂ ਨੂੰ ਸੱਦਾ ਦਿੰਦੇ ਨੇ ਕਈ ਸਜਾਵਟੀ ਬੂਟੇ

**ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।**



ਅਮਰਜੀਤ ਸਾਹੀਵਾਲ

ਸਮੇਂ ਦੇ ਨਾਲ ਲੋਕ ਘਰਾਂ ਦੀ ਸਜਾਵਟ, ਵਾਤਾਵਰਨ ਤੇ ਆਲੇ-ਦੁਆਲੇ ਦੀ ਸਫ਼ਾਈ ਵੱਲ ਕਾਫ਼ੀ ਸੁਚੇਤ ਹੋ ਰਹੇ ਹਨ, ਪਰ ਇਹ ਯਤਨ ਉਸ ਪੱਤਰ ਤਕ ਨਹੀਂ ਪੁੱਜੇ ਜਿਸ ਦੀ ਜ਼ਰੂਰਤ ਹੈ। ਅਸੀਂ ਘਰਾਂ ਨੂੰ ਸਜਾਉਣ ਸਮੇਂ ਕੁਝ ਅਜਿਹੀਆਂ ਗ਼ਲਤੀਆਂ ਕਰਦੇ ਹਾਂ ਜਿਸ ਦਾ ਖ਼ਮਿਆਜ਼ਾ ਸਾਨੂੰ ਬਾਅਦ ਵਿੱਚ ਭੁਗਤਣਾ ਪੈਂਦਾ ਹੈ। ਆਮ ਤੌਰ 'ਤੇ ਘਰਾਂ ਦੀ ਬੈਠਕ, ਵਰਾਂਡਾ, ਬਾਲਕਨੀ, ਬਾਥਰੂਮ ਤੇ ਰਸੋਈ ਦੀ ਸੈਲਫ ਸਣੇ ਹੋਟਲਾਂ ਦੇ ਟੇਬਲਾਂ ਦੀ ਸ਼ਾਨ ਵਧਾਉਣ ਲਈ ਮਨੀ ਪਲਾਂਟ ਦਾ ਪੌਦਾ ਆਮ ਹੀ ਵਰਤਿਆ ਜਾਂਦਾ ਹੈ। ਇਹ ਆਸਾਨੀ ਨਾਲ ਕਿਤੇ ਵੀ ਕਿਸੇ ਕੰਟੇਨਰ, ਕੰਚ ਦੀ ਬੋਤਲ ਜਾਂ ਪਲਾਸਟਿਕ ਦੇ ਬਰਤਨ ਵਿੱਚ ਥੋੜ੍ਹੇ ਜਿਹੇ ਪਾਣੀ ਵਿੱਚ ਬਿਨਾਂ ਬਹੁਤੀ ਦੇਖ-ਰੇਖ ਦੇ ਆਸਾਨੀ ਨਾਲ ਉੱਗ ਪੈਂਦਾ ਹੈ। ਇਹ ਪੌਦਾ ਘਰ ਵਿੱਚ ਪੈਸੇ ਤਾਂ ਨਹੀਂ ਲਿਆਉਂਦਾ ਪਰ ਇਸ ਪੌਦੇ ਦੀ ਬੋਤਲ ਜਾਂ ਕੰਟੇਨਰਾਂ ਵਿਚਲਾ ਥੋੜ੍ਹਾ ਜਿਹਾ ਪਾਣੀ ਡੇਂਗੂ ਬੁਖਾਰ ਜ਼ਰੂਰ ਲਿਆਉਂਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਪੌਦੇ ਦੇ ਜਾਰ ਜਾਂ ਕੰਟੇਨਰ ਵਿੱਚ ਥੋੜ੍ਹਾ ਜਿਹਾ ਪਾਣੀ ਡੇਂਗੂ ਦੇ ਏਡੀਜ਼ ਮਾਦਾ ਮੱਛਰ ਲਈ ਅੰਡੇ ਦੇਣ ਦੀ ਮਨਪਸੰਦ ਥਾਂ ਹੈ। 50 ਫ਼ੀਸਦੀ ਡੇਂਗੂ ਦਾ ਲਾਰਵਾ ਇਸ ਸਾਫ਼ ਖੜ੍ਹੇ ਪਾਣੀ ਵਿੱਚ ਪਾਇਆ ਜਾਂਦਾ ਹੈ। ਏਡੀਜ਼ ਮਾਦਾ ਮੱਛਰ ਪੌਦੇ ਦੇ ਬਰਤਨ ਦੀਆਂ ਦੀਵਾਰਾਂ 'ਤੇ ਅੰਡੇ ਦਿੰਦੀ ਹੈ। ਇਹ ਲਾਰਵਾ ਛੇਤੀ ਹੀ ਪਿਓਪਾ ਬਣ ਜਾਂਦਾ ਹੈ ਤੇ 2 ਦਿਨਾਂ ਵਿੱਚ ਹੀ ਪੂਰਾ ਮੱਛਰ ਬਣ ਕੇ ਸ਼ਿਕਾਰ ਦੀ ਤਲਾਸ਼ ਵਿੱਚ ਉੱਡ ਜਾਂਦਾ ਹੈ। ਮਨੁੱਖ ਦਾ ਖ਼ੂਨ ਹੀ ਇਸ ਦੀ ਮਨਪਸੰਦ ਖ਼ੁਰਾਕ ਹੈ। ਇਹ ਹੁਸ਼ਿਆਰੀ ਨਾਲ ਉਡ ਕੇ ਸਰੀਰ ਦੇ ਨੰਗੇ ਹਿੱਸਿਆਂ ਜਿਵੇਂ ਲੱਤਾਂ, ਪੈਰਾਂ, ਗਿੱਟਿਆਂ, ਹੱਥਾਂ ਅਤੇ ਨੱਕ ਆਦਿ 'ਤੇ ਕੱਟਦਾ ਹੈ।

ਮੀਂਹਾਂ ਦੇ ਖ਼ਤਮ ਹੁੰਦਿਆਂ ਤੇ ਠੰਢ ਦੇ ਸ਼ੁਰੂ ਹੋਣ ਦੇ ਨਾਲ ਹੀ ਇਨ੍ਹਾਂ ਮੱਛਰਾਂ ਦਾ ਕਹਿਰ ਵੀ ਵਧ ਜਾਂਦਾ ਹੈ। ਇਸ ਦਾ ਕੋਈ ਪੁਖਤਾ ਇਲਾਜ ਨਾ ਹੋਣ ਕਰਕੇ ਖ਼ਤਰਾ ਵਧਦਾ ਹੀ ਜਾਂਦਾ ਹੈ। ਇਸ ਮੱਛਰ ਨੂੰ ਘਰਾਂ ਦੇ ਹਨੇਰੇ ਤੇ ਨਮੀ ਵਾਲੇ ਥਾਂ ਜਿਵੇਂ ਬਾਥਰੂਮ, ਡ੍ਰੈਸਿੰਗ ਰੂਮ, ਬੰਦ ਕਮਰਿਆਂ ਵਿੱਚ ਰਹਿਣਾ ਪਸੰਦ ਕਰਦਾ ਹੈ ਤੇ ਦਿਨ ਚੜ੍ਹਨ ਸਮੇਂ ਅਤੇ ਸੂਰਜ ਡੁੱਬਣ ਤੋਂ ਪਹਿਲਾਂ ਬਹੁਤ ਜ਼ਿਆਦਾ ਚੁਸਤ ਹੋ ਜਾਂਦਾ ਹੈ। ਏਡੀਜ ਮੱਛਰ ਦੇ ਜਨਮ ਚੱਕਰ ਲਈ ਇੱਕ ਚਮਚ ਪਾਣੀ ਵੀ ਕਾਫ਼ੀ ਹੈ। ਇੱਕ ਵਾਰ ਅੰਡੇ ਦੇਣ ਤੋਂ ਬਾਅਦ ਇਸ ਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

ਡੇਂਗੂ ਦੇ ਮੱਛਰ ਨੂੰ ਕੰਟੇਨਰ ਬਰੀਡਰ ਵੀ ਕਿਹਾ ਗਿਆ ਹੈ। ਦਿੱਲੀ, ਕੇਰਲਾ ਅਤੇ ਕਈ ਹੋਰ ਪ੍ਰਭਾਵਿਤ ਸੂਬਿਆਂ ਦੇ ਸਿਹਤ ਮਹਿਕਮਿਆਂ ਦੇ ਐਂਟੀ ਲਾਰਵਾ ਟੈਸਟ ਦੀ ਟੀਮ ਵੱਲੋਂ ਕਰਵਾਏ ਗਏ ਟੈਸਟ ਸਰਵੇ ਵਿੱਚ ਵਧੇਰੇ ਕਰਕੇ ਘਰਾਂ ਵਿੱਚ ਰੱਖੇ ਸਜਾਵਟੀ ਇੰਡੋਰ ਪਲਾਂਟ ਵਿੱਚ ਏਡੀਜ ਮੱਛਰ ਦੇ ਲਾਰਵੇ ਦੀ ਮੌਜੂਦਗੀ ਪਾਈ ਗਈ। ਅਸਲ ਵਿੱਚ ਪੜ੍ਹੇ-ਲਿਖੇ ਬਾਗ਼ਬਾਨੀ ਦੇ ਸ਼ੌਕਿਨ ਸ਼ਾਇਦ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ ਕਿ ਇਨ੍ਹਾਂ ਕੰਟੇਨਰਾਂ, ਬੋਤਲ ਦੇ ਢੱਕਣ, ਪਲਾਸਟਿਕ ਦੇ ਜਾਰ, ਡਰੱਮ, ਬਾਲਕਨੀਆਂ ਵਿੱਚ ਟੰਗੇ ਟਿਊਬਾਂ ਤੇ ਟਾਇਰਾਂ ਵਿੱਚ ਲੱਗੇ ਪੌਦੇ, ਨਾਰੀਅਲ ਦੇ ਖੋਲ, ਬੋਨਜ਼ਾਈ ਵਿੱਚ ਖੜ੍ਹਾ ਥੋੜ੍ਹਾ ਜਿਹਾ ਪਾਣੀ ਤੇ ਨਮੀ ਇਸ ਮਾਦਾ ਨੂੰ ਆਕਰਸ਼ਿਤ ਕਰਨ ਲਈ ਕਾਫ਼ੀ ਹੈ। ਇਹ ਮੱਛਰ ਸਾਡੇ ਘਰਾਂ ਦੇ ਏਸੀ ਅਤੇ ਫਰਿੱਜ ਦੀ ਟ੍ਰੇਅ, ਰਸੋਈ ਦੀ ਬਰਤਨਾਂ ਦੀ ਟ੍ਰੇਅ ਵਿੱਚ ਖੜ੍ਹੇ ਪਾਣੀ, ਬੰਦ ਕੂਲਰਾਂ, ਫੁੱਲਦਾਨਾਂ ਵਿੱਚ ਰੱਖੇ ਫੁੱਲਾਂ, ਫਲੋਟਿੰਗ ਕੈਂਡਲਜ਼ ਦੇ ਅਰਨ, ਗ਼ਮਲਿਆਂ ਹੇਠ ਰੱਖੀਆਂ ਟ੍ਰੇਆਂ, ਪੰਛੀਆਂ ਲਈ ਰੱਖੇ ਪਾਣੀ ਦੇ ਬਰਤਨਾਂ 'ਚ ਜਾਂ ਹੋਰ ਕਿਤੇ ਵੀ ਖੜ੍ਹੇ ਸਾਫ਼ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੋ ਸਕਦਾ ਹੈ।

ਇਸ ਲਈ ਬਿਹਤਰ ਹੋਵੇਗਾ ਨਾ ਮੱਛਰ ਹੋਵੇ, ਨਾ ਡੇਂਗੂ ਇਸ ਲਈ ਖ਼ੁਦ ਹੀ ਕੁੱਝ ਧਿਆਨ ਦੇਈਏ। ਇਸ ਵਾਸਤੇ ਸਭ ਤੋਂ ਪਹਿਲਾਂ ਅੰਦਰ ਰੱਖੇ ਪੌਦਿਆਂ ਦੀ ਛੰਗਾਈ ਕਰਨੀ ਚਾਹੀਦੀ ਹੈ ਕਿਉਂਕਿ ਕੋਈ ਵੀ ਮੱਛਰ ਹੋਵੇ, ਉਹ ਪੌਦਿਆਂ ਦੇ ਪੱਤਿਆਂ 'ਤੇ ਹੀ ਪਲਦਾ ਹੈ। ਪੌਦੇ ਹਲਕੇ ਰੱਖੋ ਤੇ ਇਨ੍ਹਾਂ ਵਾਸਤੇ ਰੌਸ਼ਨੀ ਦੀ ਆਮਦ ਜ਼ਰੂਰੀ ਹੈ। ਬਾਥਰੂਮ, ਰਸੋਈ ਦੀਆਂ ਸੈਲਫਾਂ ਅਤੇ ਘਰ ਦੇ ਅੰਦਰ ਪਏ ਮਨੀਪਲਾਂਟ ਦੇ ਪੌਦਿਆਂ ਨੂੰ ਬਾਹਰ ਰੱਖੋ। ਉਨ੍ਹਾਂ ਦੇ ਬਰਤਨਾਂ ਵਿੱਚੋਂ ਪਾਣੀ ਕੱਢ ਦਿਓ। ਗ਼ਮਲਿਆਂ ਦੀ ਸਮੇਂ ਸਿਰ ਗੁਡਾਈ ਕਰਦੇ ਰਹੋ ਤਾਂ ਜੋ ਨਮੀ ਜ਼ਿਆਦਾ ਨਾ ਰਹੇ।

ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।

10303ਫਦ ? ਤ 1ਮੱਛਰਾਂ ਦੇ ਕੱਟਣ ਤੋਂ ਆਪਣੇ-ਆਪ ਨੂੰ ਬਚਾਉਣਾ ਸਭ ਤੋਂ ਪਹਿਲ ਤੇ ਜ਼ਰੂਰੀ ਇੱਕੋ-ਇੱਕ ਉਪਾਅ ਘਰ ਦੇ ਅੰਦਰ ਤੇ ਬਾਹਰ ਗੰਦਗੀ ਅਤੇ ਪਾਣੀ ਖੜ੍ਹਾ ਨਾ ਹੋਣ ਦਿਓ। ਗੰਦਗੀ ਵਾਲਾ ਮਾਹੌਲ ਤੁਹਾਡਾ ਵੈਰੀ ਤੇ ਮੱਛਰ ਦਾ ਮਿੱਤ ਹੈ। ਇਸ ਤੋਂ ਇਲਾਵਾ ਸਵੇਰੇ-ਸ਼ਾਮ ਘਰੋਂ ਬਾਹਰ ਜਾਣ ਲੱਗਿਆਂ ਪੂਰੀ ਬਾਂਹ ਦੇ ਕੱਪੜੇ ਪਾਓ। ਬੱਚਿਆਂ 'ਤੇ ਫੈਬਰਿਕ ਔਨਰੋਲ ਰੈਪਲੇਂਟ ਲਾਓ। ਮੱਛਰ ਤੋਂ ਬਚਾਅ ਦੀਆਂ ਕਰੀਮਾਂ ਵੀ ਵਰਤੀਆਂ ਜਾ ਸਕਦੀਆਂ ਹਨ। ਜਾਲੀ ਦਾ ਦਰਵਾਜ਼ਾ ਹਮੇਸ਼ਾਂ ਬੰਦ ਹੀ ਰੱਖੋ। ਘਰ ਦੇ ਅੰਦਰ-ਬਾਹਰ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਰੱਖੋ ਜਿੱਥੋਂ ਤੱਕ ਹੋ ਸਕੇ ਫੁੱਲਾਂ ਨਾਲ ਸਜਾਵਟ ਨਾ ਕਰੋ। ਮਨੀ ਪਲਾਂਟ ਦੇ ਪਾਣੀ ਵਾਲੇ ਬਰਤਨ ਖਾਲੀ ਕਰ ਦਿਓ। ਬਜ਼ੁਰਗਾਂ ਤੇ ਬੱਚਿਆਂ ਨੂੰ ਜੁਰਾਬਾਂ ਜ਼ਰੂਰ ਪੁਆਓ। ਤੁਸਲੀ ਦੇ ਪੱਤਿਆਂ ਦਾ ਰਸ ਸਰੀਰ 'ਤੇ ਮੱਲਣ ਨਾਲ ਮੱਛਰਾਂ ਤੋਂ ਕੁੱਝ ਹੱਦ ਤਕ ਬਚਾਅ ਹੋ ਸਕਦਾ ਹੈ। ਘਰ ਵਿੱਚ ਰੱਖਿਆ ਤੁਲਸੀ ਦੀ ਪੌਦਾ ਮੱਛਰਾਂ ਨੂੰ ਦੂਰ ਰੱਖਦਾ ਹੈ ਪਰ ਇਸ ਦੇ ਗ਼ਮਲੇ ਜਾਂ ਬਰਤਨ ਵਿੱਚ ਵੀ ਜ਼ਿਆਦਾ ਪਾਣੀ ਜਾਂ ਸਿਲ੍ਹ ਨਾ ਹੋਣ ਦਿਓ। ਪੁਦੀਨੇ ਦੇ ਪੱਤਿਆਂ ਦਾ ਰਸ ਛਿੜਕਣ ਨਾਲ ਵੀ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਸ਼ਾਮ ਵੇਲੇ ਕਮਰੇ ਵਿੱਚ ਕਪੂਰ ਦਾ ਧੂੰਆਂ ਕਰਨ ਨਾਲ ਵੀ ਮੱਛਰ ਚਲੇ ਜਾਂਦੇ ਹਨ। ਬਹੁਤੇ ਗੂੜ੍ਹੇ ਰੰਗ ਦੇ ਕਪੜਿਆਂ ਤੇ ਖ਼ੁਸ਼ਬੋ ਤੋਂ ਗ਼ੁਰੇਜ਼ ਕਰੋ।



# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਨੌਜੁਆਨਾਂ ਨਾਲ ਕੀਤਾ ਸੰਵਾਦ, ਨੀਤੀ ਅਤੇ ਮੌਕਿਆਂ 'ਤੇ ਹੋਈ ਸਾਰਥਕ ਚਰਚਾ

**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ੁਕਰਵਾਰ ਨੂੰ ਉਨ੍ਹਾਂ ਦੇ ਆਵਾਸ ਸੰਤ ਕਬੀਰ ਕੁਟੀਰ 'ਤੇ ਆਏ ਪੰਜਾਬ ਦੇ ਨੌਜੁਆਨਾਂ ਨਾਲ ਸੰਵਾਦ ਕਰਦੇ ਹੋਏ ਸ਼ਾਸਨ, ਨੀਤੀ ਅਤੇ ਰੁਜ਼ਗਾਰ ਨਾਲ ਜੁੜੇ ਮੌਕਿਆਂ 'ਤੇ ਸਾਰਥਕ ਚਰਚਾ ਕੀਤੀ। ਉਨ੍ਹਾਂ ਨੇ ਸੁਸਾਸ਼ਨ ਅਤੇ ਮੈਰਿਟ ਅਧਾਰਿਤ ਮਾਡਲ ਨੂੰ ਵਿਕਾਸ ਦਾ ਆਧਾਰ ਦੱਸਦੇ ਹੋਏ ਪਾਰਦਰਸ਼ੀ ਰੁਜ਼ਗਾਰ ਨੀਤੀ 'ਤੇ ਜ਼ੋਰ ਦਿੱਤਾ, ਤਾਂ ਜੋ ਯੋਗ ਨੌਜੁਆਨਾਂ ਨੂੰ ਨਿਰਪੱਖ ਮੌਕਾ ਮਿਲ ਸਕੇ।

ਮੁੱਖ ਮੰਤਰੀ ਨੇ ਸਕਿਲ ਵਿਕਾਸ ਨੂੰ ਭਵਿੱਖ ਦੀ ਜਰੂਰਤ ਦੱਸਦੇ ਹੋਏ ਕਿਹਾ ਕਿ ਸਿਖਲਾਈ, ਨਵਾਚਾਰ ਅਤੇ ਉਦਮਤਾ ਨੂੰ ਪ੍ਰੋਤਸਾਹਨ ਦੇ ਕੇ ਨੌਜੁਆਨ ਸ਼ਕਤੀ ਨੂੰ ਆਤਮਨਿਰਭਰ ਬਣਾਇਆ ਜਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ



ਕਿ ਲੋਕਤੰਤਰ ਵਿੱਚ ਜਨਤਾ ਦਾ ਭਰੋਸਾ ਜਿੱਤਣਾ ਆਸਾਨ ਨਹੀਂ ਹੁੰਦਾ ਅਤੇ ਉਸ ਨੂੰ ਬਨਾਉਣ ਰੱਖਣਾ ਉਸ ਤੋਂ ਵੀ ਵੱਧ ਚਨੌਤੀਪੂਰਣ ਕੰਮ ਹੈ। ਕੇਂਦਰ ਅਤੇ ਹਰਿਆਣਾ ਵਿੱਚ ਡਬਲ ਇੰਜਨ ਸਰਕਾਰ ਦਾ ਤੀਜਾ ਕਾਰਜਕਾਲ ਇਸ ਗੱਲ ਦਾ ਨਤੀਜਾ ਹੈ ਕਿ ਵਿਸ਼ੇਸ਼ ਰੂਪ ਨਾਲ ਨੌਜੁਆਨਾ ਨੇ ਸਰਕਾਰ ਦੀ ਨੀਤੀਆਂ 'ਤੇ ਭਰੋਸਾ ਜਤਾਇਆ ਹੈ। ਸਰਕਾਰ ਨੇ ਆਪਣੇ ਕਾਰਜਕਾਲ ਦੇ ਸ਼ੁਰੂ ਤੋਂ ਹੀ ਇਹ ਯਕੀਨੀ ਕੀਤਾ ਹੈ ਕਿ ਨੌਜੁਆਨਾ ਦੀ ਪ੍ਰਤਿਭਾ ਨੂੰ ਸਨਮਾਨ ਮਿਲੇ ਅਤੇ ਉਨ੍ਹਾਂ ਨੂੰ ਸਮਾਨ ਮੌਕਾ ਪ੍ਰਾਪਤ ਹੋਵੇ। ਉਨ੍ਹਾ ਨੇ ਕਿਹਾ ਕਿ ਹਰਿਆਣਾ ਅਤੇ ਪੰਜਾਬ ਸਿਰਫ ਗੁਆਂਢੀ ਸੂਬਾ ਨਹੀਂ ਹਨ, ਸਗੋ ਇੱਕ ਹੀ ਸਭਿਆਚਾਰ, ਪਰੰਪਰਾ ਅਤੇ ਵਿਰਾਸਤ ਦੀ ਦੋ ਮਜਬੂਤ ਧਾਰਾਂਵਾਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਬਿਨ੍ਹਾ ਖਰਚੀ-ਬਿਨ੍ਹਾ ਪਰਚੀ ਦੀ ਨੀਤੀ ਨੂੰ ਸਖਤੀ ਨਾਲ ਲਾਗੂ ਕਰਦੇ ਹੋਏ ਯੋਗਤਾ ਆਧਾਰ 'ਤੇ ਨੌਜੁਆਨਾ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਬੀਤੇ ਸਾਲਾਂ ਵਿੱਚ ਵੱਡੇ ਪੈਮਾਨੇ 'ਤੇ ਕੀਤੀ ਗਈ ਭਰਤੀਆਂ ਨਾਲ ਨੌਜੁਆਨਾਂ ਦਾ ਆਤਮਵਿਸ਼ਵਾਸ ਵਧਿਆ ਹੈ ਅਤੇ ਭਰੋਸੇ ਦੀ ਰਾਜਨੀਤੀ ਨੂੰ ਮਜਬੂਤੀ ਮਿਲੀ ਹੈ। ਮੁੱਖ ਮੰਤਰੀ ਨੇ ਪੰਜਾਬ ਦੇ ਨੌਜੁਆਨਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਉਹ ਕਦੀ ਵੀ ਉਨ੍ਹਾਂ ਨਾਲ ਮਿਲ ਸਕਦੇ ਹਨ ਅਤੇ ਹਰਿਆਣਾ ਸਰਕਾਰ ਨੌਜੁਆਨਾ ਦੇ ਹਿੱਤਾਂ ਲਈ ਹਰ ਸੰਭਵ ਕਦਮ ਚੁੱਕਣ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ।

# ਬਰਿੰਦਰ ਕੁਮਾਰ ਗੋਇਲ ਵੱਲੋਂ ਲੀਗਲ ਮਾਈਨਿੰਗ ਸਾਈਟਾਂ ਸਬੰਧੀ ਸਾਰੀਆਂ ਪ੍ਰਵਾਨਗੀਆਂ ਤੁਰੰਤ ਜਾਰੀ ਕਰਨ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼

**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਣਿਜ ਪਦਾਰਥਾਂ ਦੀ ਨਿਰਵਿਘਨ ਉਪਲਬਧਤਾ ਯਕੀਨੀ ਬਣਾਉਣ, ਸੂਬੇ ਦਾ ਮਾਲੀਆ ਵਧਾਉਣ ਅਤੇ ਖਣਨ ਖੇਤਰ ਵਿੱਚ ਰੈਗੂਲੇਟਰੀ ਅਨੁਸ਼ਾਸਨ ਕਾਇਮ ਰੱਖਣ ਦੇ ਉਦੇਸ਼ ਨਾਲ ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਸੂਬੇ ਭਰ ਵਿੱਚ ਲੀਗਲ (ਕਾਨੂੰਨੀ) ਮਾਈਨਿੰਗ ਸਾਈਟਾਂ ਨੂੰ ਤੇਜ਼ੀ ਨਾਲ ਕਾਰਜਸ਼ੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਉਣ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ।

ਇੱਥੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ (ਮੈਗਸੀਪਾ) ਵਿਖੇ ਖਣਨ ਅਤੇ ਭੂ-ਵਿਗਿਆਨ ਵਿਭਾਗ ਦੀ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਲਾਜ਼ਮੀ ਮਨਜ਼ੂਰੀਆਂ ਜਾਰੀ ਕਰਨ



ਦਾ ਪ੍ਰਕਿਰਿਆ ਅਤੇ ਲਾਗੂਕਰਨ ਢਾਂਚੇ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਸਾਰੇ ਜ਼ਿਲ੍ਹਾ ਮਾਈਨਿੰਗ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਰਾਜ ਪੱਧਰੀ ਵਾਤਾਵਰਣ ਪ੍ਰਭਾਵ ਮੁਲਾਂਕਣ ਅਥਾਰਟੀ ਰਾਹੀਂ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਦੀ ਪ੍ਰਵਾਨਗੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਤਾਂ ਜੋ ਵੱਧ ਤੋਂ ਵੱਧ ਕਾਨੂੰਨੀ ਮਾਈਨਿੰਗ ਸਾਈਟਾਂ ਨੂੰ ਤੁਰੰਤ ਕਾਰਜਸ਼ੀਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਨਾਲ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਨੱਥ ਪਾਉਣ ਦੇ ਨਾਲ-ਨਾਲ ਬਾਜ਼ਾਰ ਦੀ ਮੰਗ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ।ਕੈਬਨਿਟ ਮੰਤਰੀ ਨੇ ਕਿਹਾ ਕਿ ਮਾਈਨਰ ਖਣਿਜਾਂ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਸਮੇਂ ਸਿਰ ਪ੍ਰਵਾਨਗੀਆਂ ਜਾਰੀ ਕਰਨਾ ਬਹੁਤ ਜ਼ਰੂਰੀ ਹੈ।

ਖਣਨ ਅਤੇ ਭੂ-ਵਿਗਿਆਨ ਮੰਤਰੀ ਨੇ ਠੇਕੇ ਵਾਲੀਆਂ ਨਵੀਆਂ ਸਾਈਟਾਂ ਅਤੇ ਵੱਡੀਆਂ ਮਾਈਨਿੰਗ ਸਾਈਟਾਂ ਦੇ ਸਬੰਧ ਵਿੱਚ ਸਾਰੀਆਂ ਲੰਬਿਤ ਵਾਤਾਵਰਣ ਪ੍ਰਵਾਨਗੀਆਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਲੀਗਲ ਮਾਈਨਿੰਗ ਸਾਈਟਾਂ ਦਾ ਵਿਸਥਾਰ ਬਾਜ਼ਾਰ ਦੀ ਮੰਗ ਨੂੰ ਪੂਰਾ ਕਰਨ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਕਾਰਨ ਹੋਣ ਵਾਲੇ ਮਾਲੀਏ ਦੇ ਨੁਕਸਾਨ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।ਆਈ.ਆਈ.ਟੀ. ਰੋਪੜ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਸਰਵੇਖਣ ਦਾ ਹਵਾਲਾ ਦਿੰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਨਿਰਦੇਸ਼ ਦਿੱਤੇ ਕਿ ਕਾਨੂੰਨੀ ਤੌਰ 'ਤੇ ਮਾਈਨਿੰਗ ਸਮੱਗਰੀ ਦੀ ਉਪਲੱਬਧਤਾ ਨੂੰ ਵਧਾਉਣ ਲਈ ਸ਼ਨਾਖ਼ਤ ਕੀਤੀਆਂ ਗਈਆਂ ਸਾਰੀਆਂ ਨਵੀਆਂ ਸਾਈਟਾਂ ਨੂੰ ਜ਼ਿਲ੍ਹਾ ਸਰਵੇਖਣ ਰਿਪੋਰਟ ਪੜਾਅ-999 ਵਿੱਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਸੁਪਰਡੈਂਟ ਇੰਜੀਨੀਅਰਾਂ ਅਤੇ ਜ਼ਿਲ੍ਹਾ ਮਾਈਨਿੰਗ ਅਧਿਕਾਰੀਆਂ ਨੂੰ ਗ਼ੈਰ-ਕਾਨੂੰਨੀ ਮਾਈਨਿੰਗ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਨੂੰ ਕਾਇਮ ਰੱਖਣ ਅਤੇ ਇਸ ਦੇ ਜ਼ਮੀਨੀ ਪੱਧਰ 'ਤੇ ਸਖ਼ਤੀ ਨਾਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਾਰਦਰਸ਼ਤਾ ਨੂੰ ਵਧਾਉਣ, ਰੇਤ ਅਤੇ ਖਣਿਜਾਂ ਦੀ ਮਾਈਨਿੰਗ ਨੂੰ ਨਿਯਮਤ ਕਰਨ ਅਤੇ ਰੀਵਰ ਈਕੋਲੋਜੀ ਦੀ ਸੁਰੱਖਿਆ ਲਈ ਮਾਈਨਿੰਗ ਥਾਵਾਂ ਦੀ ਨਿਲਾਮੀ-ਆਧਾਰਤ ਅਲਾਟਮੈਂਟ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਰਿਆ ਵਿਗਿਆਨ, ਧਰਤੀ ਹੇਠਲੇ ਪਾਣੀ ਦੀ ਸੁਰੱਖਿਆ ਅਤੇ ਹੜ੍ਹ ਪ੍ਰਬੰਧਨ ਨਾਲ ਸਬੰਧਤ ਵਾਤਾਵਰਣ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਿਆਂ ਇਸ ਦੇ ਤੇਜ਼ੀ ਨਾਲ ਮੁਲਾਂਕਣ ਲਈ ਰਾਜ ਮਾਹਰ ਮੁਲਾਂਕਣ ਕਮੇਟੀ ਅਤੇ ਐਸ.ਈ.ਆਈ.ਏ.ਏ. ਨਾਲ ਨੇੜਿਓਂ ਤਾਲਮੇਲ ਰੱਖਿਆ ਜਾ ਰਿਹਾ ਹੈ।

ਮੀਟਿੰਗ ਦੌਰਾਨ ਵਧੀਕ ਮੁੱਖ ਸਕੱਤਰ ਸ੍ਰੀਮਤੀ ਜਸਪ੍ਰੀਤ ਤਲਵਾੜ, ਡਾਇਰੈਕਟਰ ਮਾਈਨਿੰਗ ਸ੍ਰੀ ਅਭਿਜੀਤ ਕਪਲਿਸ਼, ਚੀਫ਼ ਇੰਜੀਨੀਅਰ (ਮਾਈਨਿੰਗ) ਸ. ਹਰਦੀਪ ਸਿੰਘ ਮੈਂਦੀਰੱਤਾ, ਸਮੂਹ ਸੁਪਰਡੈਂਟ ਇੰਜੀਨੀਅਰ ਅਤੇ ਵੱਖ-ਵੱਖ ਜ਼ਿਲ੍ਹਿਆਂ ਦੇ ਮਾਈਨਿੰਗ ਅਧਿਕਾਰੀ ਮੌਜੂਦ ਸਨ।

# ਰਤੀਆ ਦੇ ਸੁਰੱਖਿਆ ਹਾਲਾਤ ਦਾ ਜਾਇਜ਼ਾ ਲਿਆ



**ਰਤੀਆ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ? ?ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬਣਾਈ ਰੱਖਣ ਦੇ ਉਦੇਸ਼ ਨਾਲ, ਪੁਲੀਸ ਸੁਪਰਡੈਂਟ ਸਿਧਾਂਤ ਜੈਨ ਨੇ ਅੱਜ ਰਤੀਆ ਸ਼ਹਿਰ ਦਾ ਦੌਰਾ ਕੀਤਾ ਅਤੇ ਇਲਾਕੇ ਦੀ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ।

ਉਹ ਸੰਜੈ ਗਾਂਧੀ ਚੌਕ ਤੋਂ ਮੁੱਖ ਬਾਜ਼ਾਰ ਵਾਲੀ ਸੜਕ ਰਾਹੀਂ ਪੈਦਲ ਚੱਲੇ। ਇਸ ਦੌਰਾਨ ਐਸ ਪੀ ਜੈਨ ਨੇ ਸਿੱਧੇ ਤੌਰ 'ਤੇ ਨਾਗਰਿਕਾਂ, ਦੁਕਾਨਦਾਰਾਂ ਅਤੇ ਰਾਹਗੀਰਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਚਿੰਤਾਵਾਂ ਅਤੇ ਉਨ੍ਹਾਂ ਦੀ ਸੁਰੱਖਿਆ ਸਬੰਧੀ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ। ਡੀ ਐਸ ਪੀ ਨਰ ਸਿੰਘ, ਰਤੀਆ ਸਿਟੀ ਪੁਲੀਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ-ਇੰਚਾਰਜ ਪੁਸ਼ਪਾ ਸਿਹਾਗ, ਰਤੀਆ ਸਦਰ ਪੁਲੀਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ-ਇੰਚਾਰਜ ਪ੍ਰਹਿਲਾਦ, ਸਹਾਇਕ ਸਬ-ਇੰਸਪੈਕਟਰ ਸੰਦੀਪ ਕੁਮਾਰ ਅਤੇ ਸ਼ਹਿਰ ਦੇ ਹੋਰ ਪ੍ਰਮੁੱਖ ਨਾਗਰਿਕ ਵੀ ਮੌਜੂਦ ਸਨ। ਇਸ ਦੌਰਾਨ ਪੁਲੀਸ ਸੁਪਰਡੈਂਟ ਨੇ ਦੁਕਾਨਦਾਰਾਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ 'ਤੇ ਲੋੜੀਂਦੇ ਸੁਧਾਰਾਤਮਕ ਕਦਮ ਚੁੱਕਣ ਦਾ ਭਰੋਸਾ ਦਿੱਤਾ। ਇਸ ਉਪਰੰਤ ਉਨ੍ਹਾਂ ਸਦਰ ਪੁਲਿਸ ਸਟੇਸ਼ਨ ਰਤੀਆ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ ਉਨ੍ਹਾਂ ਨੇ ਪੁਲੀਸ ਸਟੇਸ਼ਨ ਦੇ ਅਹਾਤੇ ਦਾ ਵਿਆਪਕ ਦੌਰਾ ਕੀਤਾ, ਸਟੋਰ ਰੂਮ, ਅਸਲਾਘਰ, ਰਿਕਾਰਡ ਰੂਮ ਅਤੇ ਸੀ ਸੀ ਟੀ ਐਨ ਐਸ ਐਂਟਰੀ ਸਿਸਟਮ ਦਾ ਨਿਰੀਖਣ ਕੀਤਾ। ਉਨ੍ਹਾਂ ਡਿਊਟੀ ਰਜਿਸਟਰ ਦੀ ਸਮੀਖਿਆ ਕੀਤੀ। ਪੁਲੀਸ ਸਟਾਫ ਦੀ ਮੌਜੂਦਗੀ ਦੀ ਜਾਂਚ ਕੀਤੀ ਅਤੇ ਪੁਲੀਸ ਸਟੇਸ਼ਨ ਦੇ ਅਹਾਤੇ ਦੀ ਸਫ਼ਾਈ ਸਬੰਧੀ ਨਿਰਦੇਸ਼ ਜਾਰੀ ਕੀਤੇ।

ਇਸ ਮੌਕੇ ਐਸ ਪੀ ਜੈਨ ਨੇ ਸਟੇਸ਼ਨ ਇੰਚਾਰਜਾਂ ਨੂੰ ਖੇਤਰ 'ਚ ਚੌਕਸੀ ਬਣਾਈ ਰੱਖਣ ਅਤੇ ਸ਼ੱਕੀ ਗਤੀਵਿਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਵੀ ਕੋਈ ਨਾਗਰਿਕ ਸ਼ਿਕਾਇਤ ਲੈ ਕੇ ਆਉਂਦਾ ਹੈ ਤਾਂ ਉਨ੍ਹਾਂ ਨੂੰ ਨਿਮਰਤਾ ਨਾਲ ਸੁਣਿਆ ਜਾਣਾ ਚਾਹੀਦਾ ਹੈ, ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ, ਅਤੇ ਇੱਕ ਰਸੀਦ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਾਨੂੰਨ ਵਿਵਸਥਾ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਡਿਜੀਟਲ ਯੁੱਗ ਵਿੱਚ ਕਿਤਾਬਾਂ ਭਰੋਸੇਯੋਗ ਤੇ ਪ੍ਰਮਾਣਿਕ: ਕੁਮਾਰ

**ਸ਼ਾਹਬਾਦ ਮਾਰਕੰਡਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਦੀ ਅਗਵਾਈ ਹੇਠ ਕੇ ਯੂ ਕਮਿਊਨਟੀ ਸੈਂਟਰ ਵਿੱਚ ਲਾਈ ਗਈ ਤਿੰਨ ਰੋਜ਼ਾ ਪੁਸਤਕ ਪ੍ਰਦਰਸ਼ਨੀ ਸਫ਼ਲਤਾ ਪੂਰਵਕ ਸਮਾਪਤ ਹੋਈ। ਇਸ ਮੌਕੇ ਬਤੌਰ ਮੁੱਖ ਮਹਿਮਾਨ ਵੱਜੋਂ ਕੇ ਯੂ ਦੇ ਅਕਾਦਮਿਕ ਮਾਮਲਿਆਂ ਦੇ ਡੀਨ ਪ੍ਰੋ. ਰਾਕੇਸ਼ ਕੁਮਾਰ ਨੇ ਕਿਹਾ ਕਿ ਡਿਜੀਟਲ ਯੁੱਗ ਵਿੱਚ ਵੀ ਕਿਤਾਬਾਂ ਭਰੋਸੇਯੋਗ ਤੇ ਪ੍ਰਮਾਣਿਕ ਹਨ। ਉਨ੍ਹਾਂ ਕਿਹਾ ਕਿ ਡਿਜੀਟਲ ਯੁੱਗ ਵਿੱਚ ਜਾਣਕਾਰੀ ਤੇਜ਼ੀ ਨਾਲ ਉਪਲਬਦ ਹੋ ਰਹੀ ਹੈ ਪਰ ਇਸ ਦੀ ਭਰੋਸੇਯੋਗਤਾ ਤੇ ਅਕਸਰ ਸਵਾਲ ਉਠਾਏ ਜਾਂਦੇ ਹਨ। ਅਜਿਹੇ ਸਮੇਂ ਵਿੱਚ ਕਿਤਾਬਾਂ ਹਾਲੇ ਵੀ ਗਿਆਨ ਦਾ ਸਭ ਤੋਂ ਭਰੋਸੇ ਮੰਦ ਤੇ ਪ੍ਰਮਾਣਿਕ ਸਰੋਤ ਹਨ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪ੍ਰਦਰਸ਼ਨੀ ਗਿਆਨ, ਸੱਭਿਆਚਾਰ ਤੇ ਵਿਚਾਰਾਂ ਦਾ ਸੰਗਮ ਹੈ ਜੋ ਸਮਾਜ ਨੂੰ ਸਿੱਖਿਆ, ਸਾਹਿਤ ਤੇ ਸੱਭਿਆਚਾਰ ਨਾਲ ਜੋੜਦੀ ਹੈ। ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਲਾਇਬ੍ਰੇਰੀ ਤੇ ਸੂਚਨਾ ਵਿਗਿਆਨ ਵਿਭਾਗ ਦੇ ਮੁੱਖੀ ਪ੍ਰੋ. ਸੰਜੀਵ ਸ਼ਰਮਾ ਨੇ ਕਿਹਾ ਕਿ ਲਾਇਬ੍ਰੇਰੀ ਪ੍ਰਦਰਸ਼ਨੀ ਵਿੱਚ ਭਾਰਤ ਤੇ ਵਿਦੇਸ਼ਾਂ ਦੇ 55 ਪ੍ਰਕਾਸ਼ਕਾਂ ਦੀਆਂ ਕਿਤਾਬਾਂ ਪ੍ਰਦਸ਼ਿਤ ਕੀਤੀਆਂ ਗਈਆਂ ਹਨ, ਜੋ ਖੋਜਕਰਤਾਵਾਂ, ਅਧਿਆਪਕਾਂ ਤੇ ਕਿਤਾਬ ਪ੍ਰੇਮੀਆਂ ਲਈ ਗਿਆਨ ਵਧਾਉਣ ਦਾ ਇਕ ਵਧੀਆ ਮੌਕਾ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਯੂਨੀਵਰਸਿਟੀ ਵਿੱਚ ਅਜਿਹੀਆਂ ਕਿਤਾਬ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਲਾਇਬ੍ਰੇਰੀਅਨ ਤੇ ਪ੍ਰਦਰਸ਼ਨੀ ਦੇ ਕੋਆਰਡੀਨੇਟਰ ਡਾ. ਸੰਜੈ ਕੌਸ਼ਿਕ ਨੇ ਕਿਹਾ ਹੈ ਕਿ ਪ੍ਰਦਰਸ਼ਨੀ ਵਿੱਚ ਅਕਾਦਮਿਕ, ਖੋਜ, ਸਾਹਿਤਕ, ਤਕਨੀਕੀ, ਮੁਕਾਬਲੇ ਦੀਆਂ ਪ੍ਰੀਖਿਆਵਾਂ ਤੇ ਆਮ ਗਿਆਨ ਨਾਲ ਸਬੰਧਤ ਕਿਤਾਬਾਂ ਦਾ ਵਿਸ਼ਾਲ ਸੰਗ੍ਰਹਿ ਪੇਸ਼ ਕੀਤਾ ਗਿਆ ਹੈ।

# ਰੁੱਖਾਂ ਦੀ ਕਟਾਈ: ਕੈਬਨਿਟ ਮੰਤਰੀ ਅਨਿਲ ਵਿੱਜ ਵੱਲੋਂ ਐਕਸੀਅਨ ਤੇ ਆਰਐਫਓ ਮੁਅੱਤਲ



**ਸਿਰਸਾ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਅੱਜ ਸਿਰਸਾ ਵਿਚ ਸ਼ਿਕਾਇਤ ਮੀਟਿੰਗ ਦੌਰਾਨ ਡੱਬਵਾਲੀ ਖੇਤਰ ਦੇ ਕਾਲੂਆਣਾ ਪਿੰਡ ਵਿੱਚ ਰੁੱਖਾਂ ਦੀ ਕਟਾਈ ਦੇ ਮਾਮਲੇ ਵਿੱਚ ਜਨ ਸਿਹਤ ਵਿਭਾਗ ਦੇ ਐਕਸੀਅਨ ਵਿਜੈ ਕੁਮਾਰ ਅਤੇ ਜੰਗਲਾਤ ਵਿਭਾਗ ਦੇ ਆਰਐਫਓ ਸੁੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ। ਉਨ੍ਹਾਂ ਨੇ ਸ਼ਿਕਾਇਤਕਰਤਾ ਅਜੈ ਵਿਰੁੱਧ ਝੂਠਾ ਹਲਫ਼ਨਾਮਾ ਦੇਣ ਅਤੇ ਕਾਲੂਆਣਾ ਵਾਟਰ ਵਰਕਸ ਵਿੱਚ ਰੁੱਖਾਂ ਦੀ ਕਟਾਈ ਸਬੰਧੀ ਪੂਰੀ ਸੱਚਾਈ ਨਾ ਦੱਸਣ ਕਾਰਨ ਕਾਨੂੰਨੀ ਕਾਰਵਾਈ ਦੇ ਹੁਕਮ ਦਿੱਤੇ।

ਵਿੱਜ ਨੇ ਕਿਹਾ ਕਿ ਪੁਲੀਸ ਜਾਂਚ ਦੌਰਾਨ ਪਤਾ ਲਗਾਏਗੀ ਕਿ ਦਰੱਖਤ ਕਿਸ ਨੇ ਅਤੇ ਕਿਸ ਦੇ ਇਸ਼ਾਰੇ 'ਤੇ ਕੱਟੇ ਹਨ। ਜਨ ਸਿਹਤ ਵਿਭਾਗ ਦੇ ਜੇਈ ਦੀਪਕ ਅਤੇ ਪਿੰਡ ਦੇ ਸਰਪੰਚ 'ਤੇ ਵੀ ਇਸ ਮਾਮਲੇ ਵਿੱਚ ਦੋਸ਼ ਲੱਗੇ ਹਨ। ਸ਼ਿਕਾਇਤਕਰਤਾ ਨੇ ਦੋਵਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਇਹ ਮੁੱਦਾ ਪਿਛਲੀ ਸ਼ਿਕਾਇਤ ਮੀਟਿੰਗ ਵਿੱਚ ਵੀ ਉਠਾਇਆ ਗਿਆ ਸੀ ਅਤੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਏਡੀਸੀ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਈ ਸੀ ਅਤੇ ਜਾਂਚ ਦੇ ਹੁਕਮ ਦਿੱਤੇ ਸਨ। ਏਡੀਸੀ ਨੇ ਆਪਣੀ ਜਾਂਚ ਵਿੱਚ ਮੰਨਿਆ ਕਿ ਵਾਟਰ ਵਰਕਸ 'ਤੇ ਜ਼ਿਆਦਾ ਦਰੱਖਤਾਂ ਦੀ ਕਟਾਈ ਹੋਈ ਹੈ। ਇਨ੍ਹਾਂ ਵਿੱਚੋਂ 12 ਤੋਂ 13 ਦਰੱਖਤ ਛੇ ਤੋਂ ਸੱਤ ਇੰਚ ਮੋਟੇ ਸਨ ਜਦੋਂਕਿ ਬਾਕੀ ਦਰੱਖਤ ਛੋਟੇ ਸਨ। ਮੰਤਰੀ ਵਿੱਜ ਨੇ ਇਸ ਮਾਮਲੇ ਵਿੱਚ ਜਨ ਸਿਹਤ ਵਿਭਾਗ ਅਤੇ ਜੰਗਲਾਤ ਵਿਭਾਗ ਨੂੰ ਦੋਸ਼ੀ ਪਾਇਆ। ਦਰਅਸਲ ਇਹ ਜ਼ਮੀਨ ਜਨ ਸਿਹਤ ਵਿਭਾਗ ਦੀ ਹੈ ਅਤੇ ਇੱਥੇ ਜੰਗਲਾਤ ਵਿਭਾਗ ਨੂੰ 51 ਦਰੱਖਤ ਕੱਟਣ ਦਾ ਕੰਮ ਸੌਂਪਿਆ ਗਿਆ ਸੀ।

ਇਨ੍ਹਾਂ 51 ਤੋਂ ਇਲਾਵਾ 31 ਹੋਰ ਦਰੱਖਤ ਕੱਟਣ ਦੇ ਦੋਸ਼ ਸਾਹਮਣੇ ਆਏ ਅਤੇ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਇਸ ਦੀ ਸਹੀ ਜਾਂਚ ਨਹੀਂ ਕੀਤੀ ਗਈ। ਪਿਛਲੀ ਮੀਟਿੰਗ ਵਿੱਚ ਜਨ ਸਿਹਤ ਵਿਭਾਗ ਨੇ ਦਰੱਖਤਾਂ ਨੂੰ ਕੱਟਣ ਤੋਂ ਸਾਫ਼ ਇਨਕਾਰ ਕੀਤਾ ਸੀ। ਇਹ ਗੱਲ ਏਡੀਸੀ ਵੱਲੋਂ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਈ ਸੀ ਪਰ ਫਿਰ ਵੀ ਵਿਭਾਗੀ ਅਧਿਕਾਰੀਆਂ ਨੇ ਆਪਣੀ ਗਲਤੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਮੰਤਰੀ ਨੇ ਅੱਜ ਦੀ ਮੀਟਿੰਗ ਦੌਰਾਨ ਦੋਵਾਂ ਨੂੰ ਮੁਅੱਤਲ ਕਰ ਦਿੱਤਾ।

# ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਲੋਕ ਸਭਾ 'ਚ ਚੰਡੀਗੜ੍ਹ ਹਵਾਈ ਅੱਡੇ ਦੀ ਸੁਰੱਖਿਆ ਦਾ ਮੁੱਦਾ ਰੱਖਿਆ



**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਦੇ ਬਾਰਾਮਤੀ ਹਵਾਈ ਅੱਡੇ 'ਤੇ ਹਾਲ ਹੀ ਵਿੱਚ ਹੋਏ ਹਵਾਈ ਹਾਦਸੇ, ਜਿਸ ਵਿੱਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਅਤੇ ਚਾਲਕ ਦਲ ਦੇ ਸਾਰੇ ਮੈਂਬਰਾਂ ਦੀ ਮੌਤ ਹੋ ਗਈ ਸੀ, ਦੇ ਪਿਛੋਕੜ ਵਿਚ ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਸ਼ੁੱਕਰਵਾਰ ਨੂੰ ਲੋਕ ਸਭਾ ਵਿੱਚ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ 'ਤੇ ਲੈਂਡਿੰਗ, ਟੇਕ-ਆਫ ਅਮਲ ਅਤੇ ਨੈਵੀਗੇਸ਼ਨਲ ਏਡਜ਼ ਦੀ ਸੁਰੱਖਿਆ ਨੂੰ ਲੈ ਕੇ ਫ਼ਿਕਰ ਜਤਾਇਆ। ਮੁਹਾਲੀ ਸਥਿਤ ਹਵਾਈ ਅੱਡਾ ਆਪਣੇ ਨਵੇਂ ਟਰਮੀਨਲ ਤੋਂ ਟ੍ਰਾਈਸਿਟੀ ਖੇਤਰ ਦੀ ਸੇਵਾ ਕਰਦਾ ਹੈ।

ਤਿਵਾੜੀ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਸਵਾਲ ਕੀਤਾ ਕਿ ਕੀ ਸਰਕਾਰ ਨੂੰ ਜਾਣਕਾਰੀ ਹੈ ਕਿ ਕੁੱਲ ਆਲਮ ਵਿਚ ਗੈਰ-ਦਿਸ਼ਾਵੀ ਬੀਕਨ (NDBs) ਨੂੰ ਵਧੇਰੇ ਰੱਖ ਰਖਾਅ ਲਾਗਤਾਂ ਤੇ ਪੁਰਾਣਾ ਢੰਗ ਤਰੀਕਾ ਹੋਣ ਕਰਕੇ ਪੜਾਅਵਾਰ ਬੰਦ ਕੀਤਾ ਜਾ ਰਿਹਾ ਹੈ। ਅਮਰੀਕਾ, ਆਸਟਰੇਲੀਆ, ਕੈਨੇਡਾ ਤੇ ਯੂਰਪ ਦੇ ਹਵਾਬਾਜ਼ੀ ਰੈਗੂਲੇਟਰ ਉਪਗ੍ਰਹਿ-ਅਧਾਰਿਤ ਨੈਵੀਗੇਸ਼ਨ ਪ੍ਰਣਾਲੀਆਂ ਵੱਲ ਵਧ ਰਹੇ ਹਨ। ਉਨ੍ਹਾਂ ਨੇ ਮੰਤਰਾਲੇ ਤੋਂ ਵੇਰਵੇ ਮੰਗੇ ਕਿ ਕੀ ਪ੍ਰਦਰਸ਼ਨ-ਅਧਾਰਤ ਨੈਵੀਗੇਸ਼ਨ ਪ੍ਰਣਾਲੀਆਂ ਜਿਵੇਂ ਕਿ RNAV Áå¶ RNP ਕੌਮਾਂਤਰੀ ਪੱਧਰ 'ਤੇ, ਖਾਸ ਕਰਕੇ ਸੀਮਤ ਹਵਾਈ ਅੱਡਿਆਂ ਲਈ ਸੁਰੱਖਿਅਤ ਅਤੇ ਵਧੇਰੇ ਕੁਸ਼ਲ ਵਜੋਂ ਮਾਨਤਾ ਪ੍ਰਾਪਤ ਹਨ।

ਖਾਸ ਤੌਰ 'ਤੇ ਚੰਡੀਗੜ੍ਹ ਹਵਾਈ ਅੱਡੇ ਦਾ ਹਵਾਲਾ ਦਿੰਦੇ ਹੋਏ ਤਿਵਾੜੀ ਨੇ ਰਾਤ ਨੂੰ ਉਤਰਨ ਅਤੇ instument approach ਸਹੂਲਤਾਂ ਦੀ ਮੌਜੂਦਾ ਸਥਿਤੀ, ਭੂਮੀ, ਹਵਾਈ ਖੇਤਰ ਜਾਂ ਉਪਕਰਣਾਂ ਦੇ ਕਾਰਨ ਕਿਸੇ ਵੀ ਸੰਚਾਲਨ ਸੀਮਾਵਾਂ, ਅਤੇ ਡਾਇਵਰਸ਼ਨ ਨੂੰ ਘਟਾਉਣ ਅਤੇ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਆਧੁਨਿਕ RNAV/RNP-ਅਧਾਰਤ ਪ੍ਰਕਿਰਿਆਵਾਂ ਨੂੰ ਤਰਜੀਹ ਦੇਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਸਵਾਲ ਉਠਾਏ।

# ਗਾਜ਼ਾ ਨੂੰ ਸੈਰਗਾਹ ਬਣਾਉਣ 'ਤੇ ਫ਼ਲਸਤੀਨ ਨੂੰ ਇਤਰਾਜ਼ ਨਹੀਂ



**ਨਵੀਂ ਦਿੱਲੀ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਲਸਤੀਨ ਦੀ ਵਿਦੇਸ਼ ਰਾਜ ਮੰਤਰੀ ਵਾਰਸੇਨ ਆਗਾਬੇਕਿਅਨ ਸ਼ਾਹੀਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਗਾਜ਼ਾ ਨੂੰ ਸੈਰਗਾਹ ਵਜੋਂ ਵਿਕਸਿਤ ਕਰਨ ਦੇ ਵਿਚਾਰ 'ਤੇ ਕੋਈ ਇਤਰਾਜ਼ ਨਹੀਂ ਹੈ, ਬਸ਼ਰਤੇ ਇਹ ਸਿਰਫ਼ ਫਲਸਤੀਨੀਆਂ ਦੀ ਭਲਾਈ ਲਈ ਹੋਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਇਹ ਯੋਜਨਾ ਫ਼ਲਸਤੀਨੀਆਂ ਦੀ ਕੀਮਤ 'ਤੇ ਦੂਜਿਆਂ ਦੇ ਮਨੋਰੰਜਨ ਲਈ ਹੈ, ਤਾਂ ਇਹ ਮਨਜ਼ੂਰ ਨਹੀਂ ਹੋਵੇਗੀ।

ਭਾਰਤ ਦੌਰੇ 'ਤੇ ਆਈ ਸ਼ਾਹੀਨ ਨੇ ਕਿਹਾ ਕਿ ਜੇ ਭਾਰਤ ਟਰੰਪ ਦੇ ਪ੍ਰਸਤਾਵਿਤ ਸ਼ਾਂਤੀ ਬੋਰਡ ਵਿੱਚ ਸ਼ਾਮਲ ਹੁੰਦਾ ਹੈ ਤਾਂ ਇਹ ਮਦਦਗਾਰ ਸਾਬਤ ਹੋ ਸਕਦਾ ਹੈ। ਗਾਜ਼ਾ ਦਾ ਪੁਨਰ ਨਿਰਮਾਣ ਫਲਸਤੀਨੀਆਂ ਦੇ ਸਿਆਸੀ ਅਧਿਕਾਰਾਂ ਅਤੇ ਆਜ਼ਾਦੀ ਨਾਲ ਜੁੜਿਆ ਹੋਣਾ ਚਾਹੀਦਾ ਹੈ। ਉਨ੍ਹਾਂ ਮੰਨਿਆ ਕਿ ਗਾਜ਼ਾ ਵਿੱਚ ਹਾਲੇ ਵੀ ਸਥਿਤੀ ਨਾਜ਼ੁਕ ਹੈ ਅਤੇ ਸਥਾਈ ਜੰਗਬੰਦੀ ਤੋਂ ਬਿਨਾਂ ਪੁਨਰ ਨਿਰਮਾਣ ਸੰਭਵ ਨਹੀਂ ਹੈ। ਉਨ੍ਹਾਂ ਹਮਾਸ ਨੂੰ ਵੀ ਸ਼ਾਂਤੀ ਸਮਝੌਤੇ ਤਹਿਤ ਹਥਿਆਰ ਸੁੱਟਣ ਦੀ ਸਲਾਹ ਦਿੱਤੀ।

ਯੇਰੂਸ਼ਲਮ: ਇਜ਼ਰਾਈਲ ਨੇ ਗਾਜ਼ਾ ਅਤੇ ਮਿਸਰ ਵਿਚਾਲੇ ਰਾਫਾ ਲਾਂਘਾ ਐਤਵਾਰ ਤੋਂ ਮੁੜ ਖੋਲ੍ਹਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਗਾਜ਼ਾ ਜੰਗਬੰਦੀ ਯੋਜਨਾ ਅੱਗੇ ਵਧਾਉਣ ਲਈ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਫਿਲਹਾਲ ਇਹ ਲਾਂਘਾ ਸਿਰਫ਼ ਸੀਮਤ ਲੋਕਾਂ ਦੀ ਆਵਾਜਾਈ ਲਈ ਹੀ ਖੁੱਲ੍ਹੇਗਾ। ਇਜ਼ਰਾਇਲੀ ਅਧਿਕਾਰੀ ਮੁਤਾਬਕ ਸ਼ੁਰੂਆਤ ਵਿੱਚ ਰੋਜ਼ਾਨਾ 50 ਮਰੀਜ਼ਾਂ ਨੂੰ ਬਾਹਰ ਜਾਣ ਅਤੇ 50 ਫਲਸਤੀਨੀਆਂ ਨੂੰ ਵਾਪਸ ਆਉਣ ਦੀ ਇਜਾਜ਼ਤ ਹੋਵੇਗੀ। ਇਸ ਪ੍ਰਕਿਰਿਆ ਦੀ ਨਿਗਰਾਨੀ ਯੂਰੋਪੀਅਨ ਯੂਨੀਅਨ ਦੇ ਬਾਰਡਰ ਪੈਟਰੋਲ ਏਜੰਟ ਕਰਨਗੇ। ਜ਼ਿਕਰਯੋਗ ਹੈ ਕਿ ਇਜ਼ਰਾਈਲ ਨੇ ਮਈ 2024 ਵਿੱਚ ਹਮਾਸ ਦੀ ਹਥਿਆਰਾਂ ਦੀ ਤਸਕਰੀ ਰੋਕਣ ਲਈ ਇਸ ਲਾਂਘੇ 'ਤੇ ਕਬਜ਼ਾ ਕਰ ਲਿਆ ਸੀ। ਗਾਜ਼ਾ ਸਿਹਤ ਮੰਤਰਾਲੇ ਮੁਤਾਬਕ ਉੱਥੇ 20 ਹਜ਼ਾਰ ਤੋਂ ਵੱਧ ਮਰੀਜ਼ਾਂ ਨੂੰ ਤੁਰੰਤ ਇਲਾਜ ਦੀ ਲੋੜ ਹੈ।

# ਗੈਂਗਸਟਰ ਗੋਲਡੀ ਬਰਾੜ ਦੇ ਮਾਪਿਆਂ ਦਾ ਰਿਮਾਂਡ ਖ਼ਤਮ; ਜੇਲ੍ਹ ਭੇਜੇ

**ਸ੍ਰੀ ਮੁਕਤਸਰ ਸਾਹਿਬ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਮੁਕਤਸਰ ਸਾਹਿਬ ਦੀ ਇੱਕ ਸਥਾਨਕ ਅਦਾਲਤ ਨੇ ਅੱਜ ਭਗੌੜੇ ਅਤਿਵਾਦੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਨਿਆਂਇਕ ਹਿਰਾਸਤ (ਜੇਲ੍ਹ) ਵਿੱਚ ਭੇਜ ਦਿੱਤਾ ਹੈ। ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਦਾ ਤਿੰਨ ਦਿਨਾਂ ਦਾ ਪੁਲੀਸ ਰਿਮਾਂਡ ਅੱਜ ਖ਼ਤਮ ਹੋ ਗਿਆ ਸੀ। ਇਨ੍ਹਾਂ ਦੋਵਾਂ ਨੂੰ ਪੰਜਾਬ ਪੁਲੀਸ ਨੇ ਬੀਤੇ ਸੋਮਵਾਰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ।

ਇਹ ਕਾਰਵਾਈ ਸਾਲ 2024 ਵਿੱਚ ਇੱਕ ਸਰਕਾਰੀ ਸਕੂਲ ਅਧਿਆਪਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਉਸ ਕੋਲੋ ਵਿਦੇਸ਼ੀ ਨੰਬਰ ਰਾਹੀਂ ਵਟਸਐਪ ਕਾਲ ਕਰਕੇ 50 ਲੱਖ




ਰੁਪਏ ਦੀ ਫਿਰੌਤੀ ਮੰਗੀ ਗਈ ਸੀ।

ਜ਼ਿਕਰਯੋਗ ਹੈ ਕਿ ਗੋਲਡੀ ਬਰਾੜ ਦਾ ਪਿਤਾ ਸ਼ਮਸ਼ੇਰ ਸਿੰਘ ਪੰਜਾਬ ਪੁਲੀਸ ਵਿੱਚ ਸਾਬਕਾ ਏ.ਐਸ.ਆਈ. (ASI) ਰਹਿ ਚੁੱਕਾ ਹੈ, ਜਿਸ ਨੂੰ 2021 ਵਿੱਚ ਇੱਕ ਕਤਲ ਕੇਸ ਵਿੱਚ ਨਾਮ ਆਉਣ ਤੋਂ ਬਾਅਦ ਜਬਰੀ ਸੇਵਾਮੁਕਤ ਕਰ ਦਿੱਤਾ ਗਿਆ ਸੀ।

ਪੁਲੀਸ ਹੁਣ ਇਸ ਪਰਿਵਾਰ ਦੇ ਆਮਦਨ ਦੇ ਸਰੋਤਾਂ ਅਤੇ ਗੈਂਗਸਟਰ ਨੈੱਟਵਰਕ ਨਾਲ ਸਬੰਧਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਗੋਲਡੀ ਬਰਾੜ, ਜੋ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮੁੱਖ ਸਾਜ਼ਿਸ਼ਕਰਤਾ ਹੈ, ਦੇ ਵਿਰੁੱਧ ਪੁਲੀਸ ਨੇ 'ਗੈਂਗਸਟਰਾਂ ਵਿਰੁੱਧ ਮੁਹਿੰਮ' (ਆਪਰੇਸ਼ਨ ਪ੍ਰਹਾਰ) ਤਹਿਤ ਸ਼ਿਕੰਜਾ ਹੋਰ ਕੱਸ ਦਿੱਤਾ ਹੈ।

# ਪੰਜਾਬ ਸਰਕਾਰ ਨੂੰ ਕੇਂਦਰੀ ਬੀਜ ਬਿੱਲ 'ਤੇ ਇਤਰਾਜ਼

**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਤਜਵੀਜ਼ ਕੀਤੇ ਬੀਜ ਬਿੱਲ-2025 ਦੇ ਖਰੜੇ 'ਤੇ ਇਤਰਾਜ਼ ਜਤਾਉਂਦਿਆਂ ਇਸ ਨੂੰ ਸੂਬਾਈ ਅਧਿਕਾਰਾਂ 'ਚ ਦਖਲ ਦੱਸਿਆ ਹੈ। ਸੂਬਾ ਸਰਕਾਰ ਨੇ ਬਿੱਲ ਨੂੰ ਛੋਟੀ ਕਿਸਾਨੀ ਦੇ ਹਿੱਤਾਂ 'ਤੇ ਹੱਲਾ ਤੇ ਕਾਰਪੋਰੇਟ ਪੱਖੀ ਕਰਾਰ ਦਿੱਤਾ ਹੈ।

ਪੰਜਾਬ ਸਰਕਾਰ ਨੇ ਕੇਂਦਰੀ ਬਿੱਲ ਦੇ ਖਰੜੇ 'ਤੇ ਭੇਜੇ ਜਵਾਬ 'ਚ ਕੇਂਦਰ ਨੂੰ ਚੌਕਸ ਕੀਤਾ ਹੈ ਕਿ ਜੇ ਇਹ ਬਿੱਲ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਨਾਲ ਕਿਸਾਨੀ 'ਚ ਬੇਚੈਨੀ ਪੈਦਾ ਹੋਵੇਗੀ ਕਿਉਂਕਿ ਇਹ ਬਿੱਲ ਵੱਡੀਆਂ ਕੰਪਨੀਆਂ ਦਾ ਪੱਖ ਪੂਰਦਾ ਹੈ। ਕੇਂਦਰੀ ਬਿੱਲ ਸੂਬਾਈ ਅਧਿਕਾਰਾਂ ਨੂੰ ਵੀ ਦਬਾਉਣ ਵਾਲਾ ਹੈ। ਬਿੱਲ ਵਿੱਚ ਪੇਸ਼ ਕੀਤਾ ਗਿਆ ਜ਼ੋਨ-ਆਧਾਰਿਤ ਸਿਸਟਮ, ਮੌਜੂਦਾ ਪ੍ਰਣਾਲੀ ਦੇ ਉਲਟ, ਕੇਂਦਰੀ ਬੀਜ ਕਮੇਟੀ ਵਿੱਚ ਰਾਜ ਦੀ ਪ੍ਰਤੀਨਿਧਤਾ ਦੀ ਗਾਰੰਟੀ ਨਹੀਂ ਦਿੰਦਾ ਹੈ।ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਮਹਿਕਮੇ ਨੇ ਬਿੱਲ ਦੀ ਪੂਰੀ ਤਰ੍ਹਾਂ ਘੋਖ ਕੀਤੀ ਹੈ ਅਤੇ ਹਰ ਪੱਖ ਨੂੰ ਕਾਨੂੰਨੀ ਨਜ਼ਰੀਏ ਤੋਂ ਵੀ ਦੇਖਿਆ ਹੈ।

ਇਹ ਬਿੱਲ ਗ਼ਰੀਬ ਕਿਸਾਨ ਨੂੰ ਬੀਜ ਨਿਰਮਾਣ ਕੰਪਨੀਆਂ ਦੇ ਰਹਿਮ 'ਤੇ ਛੱਡਣ ਵਾਲਾ ਹੈ। ਜੇ ਫ਼ਸਲ ਖਰਾਬ ਹੋ ਜਾਂਦੀ ਹੈ ਤਾਂ ਮੁਆਵਜ਼ਾ ਦੇਣ ਦਾ ਕੋਈ ਢੰਗ ਨਹੀਂ ਹੈ। ਇਹ ਬਿੱਲ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਵਾਲਾ ਹੈ। ਬਿੱਲ 'ਚ ਕੇਂਦਰੀ ਪੱਧਰ 'ਤੇ ਸਿਰਫ਼ ਰਜਿਸਟਰੇਸ਼ਨ ਉਪ-ਕਮੇਟੀ ਹੈ। ਧਾਰਾ 10 ਵਿੱਚ ਤਜਵੀਜ਼ ਕੀਤੀ ਰਾਜ ਬੀਜ ਕਮੇਟੀ ਕੋਲ ਸਿਰਫ਼ ਸਲਾਹਕਾਰੀ ਸ਼ਕਤੀ ਹੈ। ਬਿੱਲ ਕਿਸਾਨਾਂ ਲਈ ਮਜ਼ਬੂਤ ਮੁਆਵਜ਼ਾ ਢਾਂਚੇ ਬਾਰੇ ਖ਼ਾਮੋਸ਼ ਹੈ।

ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਬਿੱਲ ਵਿਦੇਸ਼ਾਂ 'ਚ ਟੈਸਟ ਕੀਤੀਆਂ ਬੀਜ ਕਿਸਮਾਂ ਨੂੰ ਸਥਾਨਕ ਜਾਂਚ ਤੋਂ ਬਿਨਾਂ ਹੀ ਵਿਕਰੀ ਦੀ ਆਗਿਆ ਦਿੰਦਾ ਹੈ। ਬਿੱਲ ਤਹਿਤ ਵਿਅਕਤੀਗਤ ਕਿਸਾਨਾਂ ਨੂੰ ਫਾਰਮ ਵਿੱਚ ਸੁਰੱਖਿਅਤ ਕੀਤੇ ਬੀਜਾਂ ਨੂੰ ਬਚਾਉਣ, ਵਰਤਣ ਅਤੇ ਵੇਚਣ ਦਾ ਵੀ ਅਧਿਕਾਰ ਹੋਵੇਗਾ, ਬਸ਼ਰਤੇ ਉਹ ਇਸ ਨੂੰ ਰੀਬਰਾਂਡ ਕਰਕੇ ਨਾ ਵੇਚਦੇ ਹੋਣਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਨਵਾਂ ਬਿੱਲ ਲਾਗੂ ਹੋਣ ਮਗਰੋਂ ਕਿਸਾਨਾਂ ਨੂੰ ਹਰ ਫ਼ਸਲੀ ਸੀਜ਼ਨ ਵਿੱਚ ਨਵੇਂ ਬੀਜ ਖ਼ਰੀਦਣੇ ਪੈਣਗੇ ਤੇ ਉਹ ਬੀਜਾਂ ਦੀ ਮੁੜ ਵਰਤੋਂ ਨਹੀਂ ਕਰ ਸਕਣਗੇ।

# ਕੈਨੇਡਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਘਟੀ ਗਿਣਤੀ

**ਚੰਡੀਗੜ੍ਹ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ 'ਚ ਪੜ੍ਹਾਈ ਲਈ ਆਉਣ ਵਾਲੇ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 2022 ਅਤੇ 2023 ਦੇ ਮੁਕਾਬਲੇ 2024 ਅਤੇ 2025 'ਚ ਘਟੀ ਹੈ। ਇਨ੍ਹਾਂ 'ਚ ਪੰਜਾਬੀ ਵਿਦਿਆਰਥੀਆਂ ਦਾ ਵੱਡਾ ਹਿੱਸਾ ਵੀ ਸ਼ਾਮਿਲ ਹੈ। ਇਮੀਗ੍ਰੇਸ਼ਨ, ਰੈਫ਼ਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2022 'ਚ ਭਾਰਤੀ ਵਿਦਿਆਰਥੀਆਂ ਨੂੰ ਲਗਭਗ 225,835 ਸਟੱਡੀ ਪਰਮਿਟਸ ਜਾਰੀ ਕੀਤੇ ਗਏ ਸਨ ਜਦਕਿ 2023 'ਚ ਇਹ ਗਿਣਤੀ ਵਧ ਕੇ 278,005 ਹੋ ਗਈ ਸੀ, ਪਰ ਸਾਲ 2024 'ਚ ਭਾਰਤੀਆਂ ਨੂੰ ਸਿਰਫ਼ 188, 255 ਅਤੇ 2025 'ਚ ਇੱਕ ਅੰਦਾਜ਼ੇ ਅਨੁਸਾਰ ਸਿਰਫ਼ 90, 454 ਭਾਰਤੀਆਂ ਨੂੰ ਹੀ ਪੜ੍ਹਾਈ ਦੇ ਪਰਮਿਟਸ ਜਾਰੀ ਕੀਤੇ ਗਏ।

# ਜਲੰਧਰ 'ਚ ਅਵਾਰਾ ਕੁੱਤਿਆਂ ਦੀ ਦਹਿਸ਼ਤ; ਇੱਕ ਮਹੀਨੇ 'ਚ 40 ਘਟਨਾਵਾਂ

**ਕੁੱਤਿਆਂ ਦੇ ਹਮਲਿਆਂ ਕਾਰਨ ਪਾਰਕ ਹੋਏ ਸੁੰਨਸਾਨ; ਡੰਡੇ ਲੈ ਕੇ ਨਿਕਲਣ ਲਈ ਮਜਬੂਰ ਹੋਏ ਲੋਕ; ਨਿਰੀਖਣ ਕਰਨ ਗਈ ਮਹਿਲਾ ਕੌਂਸਲਰ ਨੂੰ ਵੀ ਕੁੱਤਿਆਂ ਨੇ ਵੱਢਿਆ**

**ਜਲੰਧਰ, ਜਲੰਧਰ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਵਾਰਾ ਕੁੱਤਿਆਂ ਦਾ ਕਹਿਰ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਇੱਥੋਂ ਦੇ ਵਾਰਡ ਨੰਬਰ 28 ਦਪ ਕੌਂਸਲਰ ਗੁਰਪ੍ਰੀਤ ਕੌਰ ਦਾ ਕਹਿਣਾ ਹੈ, "ਖੇਤਰ ਦੇ ਜ਼ਿਆਦਾਤਰ ਪਾਰਕ ਹੁਣ ਸੁੰਨਸਾਨ ਹਨ, ਬੱਚੇ ਸਹਿਮ ਦੇ ਕਾਰਨ ਘਰੋਂ ਬਾਹਰ ਕਦਮ ਨਹੀਂ ਰੱਖ ਸਕਦੇ ਇੱਥੋਂ ਤੱਕ ਕਿ ਬਾਲਗ ਵੀ ਸੁਰੱਖਿਆ ਲਈ ਹੱਥਾਂ ਵਿੱਚ ਡੰਡੇ ਲੈ ਕੇ ਘੁੰਮਦੇ ਹਨ। ਇੱਥੇ ਸਿਰਫ਼ ਅਵਾਰਾ ਕੁੱਤੇ ਹੀ ਆਜ਼ਾਦ ਘੁੰਮਦੇ ਹਨ।"

ਇਕੱਲੇ ਜਨਵਰੀ ਮਹੀਨੇ ਵਿੱਚ ਹੀ 40 ਤੋਂ ਵੱਧ ਘਟਨਾਵਾਂ ਨੇ ਦੁਪਹਿਰ ਵੇਲੇ ਵੀ ਗਲੀਆਂ ਵਿੱਚ ਇੱਕ ਡਰਾਉਣੀ ਚੁੱਪ ਪੈਦਾ ਕਰ ਦਿੱਤੀ ਹੈ। ਅਰਬਨ ਅਸਟੇਟ ਵਿੱਚ 14 ਜਨਵਰੀ ਨੂੰ ਘਰੇਲੂ ਸਹਾਇਕ ਵਜੋਂ ਕੰਮ ਕਰਨ ਵਾਲੀ ਪਿੰਕੀ (25) ਨੂੰ ਅਵਾਰਾ ਕੁੱਤਿਆਂ ਨੇ ਵੱਢ ਲਿਆ ਸੀ,



ਜੋ ਇੱਕ ਮਹੀਨੇ ਵਿੱਚ ਉਸ ਦੀ ਕੁੱਤੇ ਦੇ ਕੱਟਣ ਦੀ ਚੌਥੀ ਸੱਟ ਸੀ। ਪੰਜ ਸਾਲਾ ਮਾਹਿਰਾ ਸਿੰਘ 'ਤੇ 20 ਜਨਵਰੀ ਨੂੰ ਹਮਲਾ ਹੋਇਆ ਅਤੇ ਉਸ ਦੀ ਲੱਤ 'ਤੇ ਸੱਟ ਲੱਗੀ। ਸੁਨੀਤਾ ਦੇਵੀ (45) ਨੂੰ 22 ਜਨਵਰੀ ਨੂੰ ਕੁੱਤੇ ਵੱਲੋਂ ਵੱਢੇ ਜਾਣ ਤੋਂ ਬਾਅਦ ਇੱਕ ਦਿਨ ਹਸਪਤਾਲ ਵਿੱਚ ਬਿਤਾਉਣਾ ਪਿਆ; ਉਸਦੀ ਸੱਜੀ ਲੱਤ ਤੋਂ ਮਾਸ ਦਾ ਟੁਕੜਾ ਵੱਢੇ ਜਾਣ ਕਾਰਨ ਉਸ ਨੂੰ ਸੱਤ ਟਾਂਕੇ ਲੱਗੇ। ਉਸੇ ਦਿਨ ਉਸੇ ਇਲਾਕੇ ਵਿੱਚ ਦੋ ਹੋਰ ਵਸਨੀਕਾਂ ਨੂੰ ਕੁੱਤਿਆਂ ਵੱਲੋਂ ਵੱਢੇ ਜਾਣ ਦੀਆਂ ਘਟਨਾਵਾਂ ਵਾਪਰੀਆਂ। ਸਥਿਤੀ ਉਦੋਂ ਹੋਰ ਗੰਭੀਰ ਹੋ ਗਈ ਜਦੋਂ 16 ਜਨਵਰੀ ਨੂੰ ਇਲਾਕਾ ਕੌਂਸਲਰ ਗੁਰਪ੍ਰੀਤ ਕੌਰ ਜੰਡੂ, ਜੋ ਵਾਰ-ਵਾਰ ਮਿਲ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਇਲਾਕੇ ਦਾ ਨਿਰੀਖਣ ਕਰਨ ਗਈ ਸੀ, ਦਾ ਅਵਾਰਾ ਕੁੱਤਿਆਂ ਦੇ ਝੁੰਡ ਨੇ ਪਿੱਛਾ ਕੀਤਾ ਅਤੇ ਉਸ ਨੂੰ ਵੀ ਵੱਢ ਲਿਆ। ਉਨ੍ਹਾਂ ਦੀ ਲੱਤ 'ਤੇ ਸੱਟ ਲੱਗੀ ਅਤੇ ਉਹ ਨੇੜਲੇ ਘਰ ਵਿੱਚ ਵੜ ਕੇ ਇੱਕ ਗੰਭੀਰ ਹਮਲੇ ਤੋਂ ਵਾਲ-ਵਾਲ ਬਚੀ।

# ਮੁੱਕ ਰਹੇ ਜਲ ਸੋਮੇ, ਵੱਧ ਰਹੀ ਪਿਆਸ ਦੁਨੀਆਂ ਦੀ ਅੱਧੀ ਆਬਾਦੀ ਜੂਝ ਰਹੀ ਹੈ ਜਲ ਸੰਕਟ ਨਾਲ - UN

**ਨਵੀਂ ਦਿੱਲੀ, 1 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਰਾਸ਼ਟਰ ਦੀ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆਂ ਦੀ ਅੱਧੀ ਆਬਾਦੀ ਜਾਂ ਲਗਭਗ ਚਾਰ ਅਰਬ ਲੋਕ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਰਿਪੋਰਟ 'ਚ ਚਿਤਾਵਨੀ ਦਿਤੀ ਗਈ ਹੈ ਕਿ ਦੁਨੀਆਂ ਦੇ 100 ਸਭ ਤੋਂ ਵੱਡੇ ਸ਼ਹਿਰਾਂ 'ਚੋਂ ਅੱਧੇ ਸ਼ਗਿਕ ਪਾਣੀ ਦੀ ਗੰਭੀਰ ਕਮੀ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ 'ਚ ਦਿੱਲੀ, ਬੀਜਿੰਗ, ਨਿਊ ਯੌਰਕ ਅਤੇ ਰੀਓ ਵਰਗੇ ਵੱਡੇ ਸ਼ਹਿਰ ਸ਼ਾਮਿਲ ਹਨ।

ਰਿਪੋਰਟ ਅਨੁਸਾਰ 39 ਸ਼ਹਿਰਾਂ 'ਚ ਸਥਿਤੀ ਬਹੁਤ ਗੰਭੀਰ ਹੈ। ਰਿਪੋਰਟ 'ਚ ਦਿੱਲੀ ਚੌਥੇ ਸਥਾਨ 'ਤੇ ਹੈ। ਕੋਲਕਾਤਾ ਨੌਵੇਂ, ਮੁੰਬਈ 12ਵੇਂ, ਬੰਗਲੂਰੂ 24ਵੇਂ ਅਤੇ ਚੇਨਈ 29ਵੇਂ



ਸਥਾਨ 'ਤੇ ਹੈ। ਹੈਦਰਾਬਾਦ, ਅਹਿਮਦਾਬਾਦ, ਸੂਰਤ ਅਤੇ ਪੁਣੇ ਵੀ ਪਾਣੀ ਦੀ ਗੰਭੀਰ ਕਮੀ ਦਾ ਸਾਹਮਣਾ ਕਰ ਰਹੇ ਹਨ। ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਪਾਣੀ ਤੋਂ ਪੂਰੀ ਤਰ੍ਹਾਂ ਖ਼ਤਮ ਹੋਣ ਵਾਲਾ ਪਹਿਲਾ ਆਧੁਨਿਕ ਸ਼ਹਿਰ ਬਣ ਸਕਦਾ ਹੈ।

ਮੈਕਸੀਕੋ ਸਿਟੀ ਬਹੁਤ ਜ਼ਿਆਦਾ ਭੂਮੀਗਤ ਪਾਣੀ ਦੀ ਵਰਤੋਂ ਕਾਰਨ ਪ੍ਰਤੀ ਸਾਲ ਲਗਭਗ 20 ਇੰਚ ਦੀ ਦਰ ਨਾਲ ਡੁੱਬ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੱਛਮੀ ਰਾਜਾਂ 'ਚ ਕੋਲੋਰਾਡੋ ਨਦੀ ਦੇ ਪਾਣੀ ਨੂੰ ਲੈ ਕੇ ਵਿਵਾਦ ਹੈ। ਰਿਪੋਰਟਾਂ ਅਨੁਸਾਰ ਨਦੀਆਂ ਅਤੇ ਝੀਲਾਂ ਸੁੰਗੜ ਰਹੀਆਂ ਹਨ, ਭੂਮੀਗਤ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਜਲ-ਭੂਮੀ ਸੁੱਕ ਰਹੀ ਹੈ। ਜ਼ਮੀਨ ਘੱਟ ਰਹੀ ਹੈ, ਸਿੰਕਹੋਲ ਬਣ ਰਹੇ ਹਨ ਅਤੇ ਮਾਰੂਥਲ ਫ਼ੈਲ ਰਹੇ ਹਨ।

ਲਗਭਗ ਚਾਰ ਅਰਬ ਲੋਕ ਹਰ ਸਾਲ ਘੱਟੋ-ਘੱਟ ਇੱਕ ਮਹੀਨੇ ਲਈ ਪਾਣੀ ਦੀ ਕਮੀ ਦਾ ਸਾਹਮਣਾ ਕਰਦੇ ਹਨ। ਤਹਿਰਾਨ ਲਗਾਤਾਰ ਛੇਵੇਂ ਸਾਲ ਸੋਕੇ ਦਾ ਸਾਹਮਣਾ ਕਰ ਰਿਹਾ ਹੈ ਅਤੇ ਜ਼ੀਰੋ ਡੇ ਦੇ ਬਹੁਤ ਨੇੜੇ ਹੈ, ਉਹ ਦਿਨ ਜਦੋਂ ਇਸ ਦੇ ਨਾਗਰਿਕਾਂ ਲਈ ਕੋਈ ਪਾਣੀ ਨਹੀਂ ਬਚੇਗਾ। ਕੇਪ ਟਾਊਨ ਅਤੇ ਚੇਨੱਈ ਵੀ ਪਹਿਲਾਂ ਇਸ ਬਿੰਦੂ 'ਤੇ ਪਹੁੰਚ ਚੁੱਕੇ ਹਨ। ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੇ ਜਲ, ਵਾਤਾਵਰਣ ਅਤੇ ਸਿਹਤ ਸੰਸਥਾ ਦੇ ਨਿਰਦੇਸ਼ਕ ਕਾਵੇਹ ਮਦਾਨੀ ਕਹਿੰਦੇ ਹਨ ਕਿ ਸਾਨੂੰ ਇੱਕ ਨਵੀਂ ਅਤੇ ਸੀਮਿਤ ਹਕੀਕਤ ਨਾਲ ਜੀਣਾ ਸਿੱਖਣਾ ਚਾਹੀਦਾ ਹੈ।

**ਗਲੇਸ਼ੀਅਰਜ਼, ਝੀਲਾਂ ਅਤੇ ਧਰਤੀ ਹੇਠ ਪਾਣੀ ਦੀ ਕਮੀ:** ਦੁਨੀਆਂ ਦੀਆਂ ਅੱਧੀਆਂ ਪ੍ਰਮੁੱਖ ਝੀਲਾਂ ਨੇ 1990 ਤੋਂ ਬਾਅਦ ਪਾਣੀ ਗੁਆ ਦਿਤਾ ਹੈ। ਭੂਮੀਗਤ ਪਾਣੀ ਦੇ ਭੰਡਾਰਾਂ 'ਚ ਲਗਾਤਾਰ 70% ਦੀ ਗਿਰਾਵਟ ਆਈ ਹੈ। ਪਿਛਲੇ 50 ਸਾਲਾਂ 'ਚ ਯੌਰਪ ਦੇ ਬਹੁਤ ਸਾਰੇ ਜਲ-ਭੂਮੀ ਗਾਇਬ ਹੋ ਗਏ ਹਨ। 1970 ਤੋਂ ਬਾਅਦ ਗਲੇਸ਼ੀਅਰ ਲਗਭਗ 30% ਸੁੰਗੜ ਗਏ ਹਨ।

## LG ਮਨੋਜ ਸਿਨਹਾ ਦੇ ਸੰਬੋਧਨ ਨਾਲ ਸ਼ੁਰੂ ਹੋਇਆ ਜੰਮੂ ਕਸ਼ਮੀਰ ਦਾ ਵਿਧਾਨ ਸਭਾ ਸੈਸ਼ਨ

ਜੰਮੂ, 2 ਫਰਵਰੀ : ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦੇ 23 ਦਿਨਾਂ ਵਿਧਾਨ ਸੈਸ਼ਨ ਦੀ ਸ਼ੁਰੂਆਤ ਸੋਮਵਾਰ ਨੂੰ ਉੱਪ ਰਾਜਪਾਲ ਮਨੋਜ ਸਿਨਹਾ ਦੇ ਸਦਨ ਨੂੰ ਸੰਬੋਧਨ ਨਾਲ ਹੋਈ। ਉੱਪ ਰਾਜਪਾਲ ਦੇ ਸੰਬੋਧਨ ਤੋਂ ਬਾਅਦ ਉਨ੍ਹਾਂ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਕਈ ਦਿਨਾਂ ਤੱਕ ਚਰਚਾ ਹੋਵਗੀ, ਨਾਲ ਹੀ ਇਸ 'ਤੇ ਸਰਕਾਰ ਵਲੋਂ ਜਵਾਬ ਵੀ ਦਿੱਤਾ ਜਾਵੇਗਾ। ਵਿਧਾਨ ਸਭਾ ਦਾ ਇਹ 5ਵਾਂ ਸੈਸ਼ਨ, ਜੋ ਤਿੰਨ ਮਹੀਨੇ ਦੀ ਮਿਆਦ 'ਚ ਪੜਾਵਾਂ 'ਚ ਆਯੋਜਿਤ ਕੀਤਾ ਜਾ ਰਿਹਾ ਹੈ। ਜੰਮੂ ਅਤੇ ਕਸ਼ਮੀਰ ਵਿਧਾਨ ਦਾ ਬਜਟ ਸੈਸ਼ਨ 6 ਫਰਵਰੀ ਤੋਂ ਸ਼ੁਰੂ ਹੋਵੇਗਾ, ਜਿਸ 'ਚ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਸਰਕਾਰ ਸਦਨ 'ਚ ਬਜਟ ਪੇਸ਼ ਕਰੇਗੀ। ਸ਼੍ਰੀ ਅਬਦੁੱਲਾ ਕੋਲ ਵਿੱਤ ਵਿਭਾਗ ਵੀ ਹੈ, ਉਹ 16 ਅਕਤੂਬਰ 2024 ਨੂੰ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਸਰਕਾਰ ਦਾ ਦੂਜਾ ਬਜਟ ਪੇਸ਼ ਕਰਨਗੇ। ਜਿਸ ਨਾਲ ਲਗਭਗ 6 ਸਾਲ ਦਾ ਕੇਂਦਰ ਸ਼ਾਸਨ ਖ਼ਤਮ ਹੋ ਜਾਵੇਗਾ। ਵਿਧਾਨ ਸਭਾ ਸਪੀਕਰ ਰਹੀਮ ਰਾਥਰ ਵਲੋਂ ਜਾਰੀ ਵਿਧਾਨ ਸਭਾ ਕੈਲੰਡਰ ਅਨੁਸਾਰ ਬਜਟ ਸੈਸ਼ਨ 4 ਅਪ੍ਰੈਲ ਨੂੰ ਖ਼ਤਮ ਹੋਵੇਗਾ ਅਤੇ ਤਿੰਨ ਪੜਾਵਾਂ 'ਚ ਚੱਲੇਗਾ। ਪਹਿਲਾ ਪੜਾਅ ਅੱਜ ਸ਼ੁਰੂ ਹੋਇਆ ਅਤੇ ਰਮਜ਼ਾਨ ਸ਼ੁਰੂ ਹੋਣ ਤੋਂ ਪਹਿਲਾਂ (ਚੰਨ ਦਿੱਸਣ 'ਤੇ 18 ਜਾਂ 19 ਫਰਵਰੀ) ਤੱਕ ਚੱਲੇਗਾ ਅਤੇ ਦੂਜਾ ਤੇ ਤੀਜਾ ਪੜਾਅ ਮਾਰਚ-ਅਪ੍ਰੈਲ 'ਚ ਈਦ-ਉਲ-ਫਿਤਰ ਤੋਂ ਬਾਅਦ ਹੋਣਗੇ। ਵਿਧਾਨ ਸਭਾ ਕੈਲੰਡਰ ਅਨੁਸਾਰ, ਮਾਰਚ ਅਤੇ ਅਪ੍ਰੈਲ 'ਚ 5 ਅਤੇ 4 ਦਿਨ ਦਾ ਕੰਮਕਾਜ ਹੋਵੇਗਾ। ਬਜਟ ਪੇਸ਼ ਹੋਣ ਤੋਂ ਬਾਅਦ ਬਜਟ 'ਤੇ ਆਮ ਚਰਚਾ ਅਤੇ ਸਰਕਾਰ ਦਾ ਜਵਾਬ ਹੋਵੇਗਾ। ਅਪ੍ਰੈਲ ਪੜਾਅ 'ਚ ਸਰਕਾਰੀ ਕੰਮਕਾਜ ਦੇ ਨਾਲ-ਨਾਲ ਨਿੱਜੀ ਮੈਂਬਰ ਬਿੱਲ ਅਤੇ ਪ੍ਰਸਤਾਵ ਵੀ ਪੇਸ਼ ਕੀਤੇ ਜਾਣਗੇ। ਬਜਟ ਪੇਸ਼ਕਾਰੀ ਤੋਂ ਬਾਅਦ ਬਜਟ 'ਤੇ ਆਮ ਚਰਚਾ ਹੋਵੇਗੀ ਅਤੇ ਇਸ 'ਤੇ ਸਰਕਾਰ ਵਲੋਂ ਜਵਾਬ ਦਿੱਤਾ ਜਾਵੇਗਾ।



## ਕਾਂਗਰਸ ਨੇ ਸਿਰਫ਼ ਕੰਮ ਨਹੀਂ ਕਰਨ ਦੇ ਬਹਾਨੇ ਦਿੱਤੇ, ਮੋਦੀ ਸਰਕਾਰ ਨੇ ਚੁਣੌਤੀਆਂ ਦੇ ਬਾਵਜੂਦ ਕੀਤਾ ਕੰਮ : ਤੇਜਸਵੀ

ਨਵੀਂ ਦਿੱਲੀ, 2 ਫਰਵਰੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਤੇਜਸਵੀ ਸੂਰਿਆ ਨੇ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੌਰਾਨ ਕਾਂਗਰਸ ਅਤੇ ਪਿਛਲੀ ਯੂਪੀਏ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਸੂਰਿਆ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ ਨੌਜਵਾਨਾਂ ਨੂੰ ਨਿਰਾਸ਼ੀਤ ਕੀਤਾ ਅਤੇ ਸਿਰਫ਼ ਕੰਮ ਨਾ ਕਰ ਸਕਣ ਦੇ ਬਹਾਨੇ ਬਣਾਏ, ਜਦਕਿ ਮੋਦੀ ਸਰਕਾਰ ਨੇ ਚੁਣੌਤੀਆਂ ਦੇ ਬਾਵਜੂਦ ਦੇਸ਼ ਨੂੰ 'ਵਿਕਸਿਤ ਭਾਰਤ' ਦੀ ਦਿਸ਼ਾ 'ਚ ਅੱਗੇ ਵਧਾਇਆ ਹੈ। ਤੇਜਸਵੀ ਸੂਰਿਆ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਦੇਸ਼ ਦੇ ਨੌਜਵਾਨਾਂ ਦੀ ਸੋਚ 'ਚ ਵੱਡਾ ਬਦਲਾਅ ਆਇਆ ਹੈ। ਪਹਿਲਾਂ ਨੌਜਵਾਨਾਂ ਦੀ ਪਹਿਲੀ ਪਸੰਦ ਸਰਕਾਰੀ ਨੌਕਰੀ ਹੁੰਦੀ ਸੀ, ਪਰ ਅੱਜ ਦੇਸ਼ ਦਾ ਨੌਜਵਾਨ ਰੁਜ਼ਗਾਰ ਮੰਗਣ ਵਾਲਾ ਨਹੀਂ, ਸਗੋਂ ਰੁਜ਼ਗਾਰ ਦੇਣ ਵਾਲਾ (ਉੱਦਮੀ) ਬਣਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਨੌਜਵਾਨਾਂ ਨੂੰ ਸਟਾਰਟਅੱਪ, ਵਪਾਰ ਦੀ ਸੌਖ (Ease of Doing Business) ਅਤੇ ਪੀਐੱਲਆਈ (PLI) ਵਰਗੇ ਨਵੇਂ ਸੰਕਲਪ ਦਿੱਤੇ ਹਨ, ਜਿਨ੍ਹਾਂ ਦਾ ਯੂਪੀਏ ਦੇ ਸਮੇਂ ਜ਼ਿਕਰ ਤੱਕ ਨਹੀਂ ਹੁੰਦਾ ਸੀ। ਸੂਰਿਆ ਨੇ ਦਾਅਵਾ ਕੀਤਾ ਕਿ ਯੂਪੀਏ ਸਰਕਾਰ ਦੇ ਰਾਸ਼ਟਰਪਤੀ ਭਾਸ਼ਣਾਂ 'ਚ ਭਾਰਤ ਦੀ ਸੰਸਕ੍ਰਿਤੀ, ਵਿਰਾਸਤ ਅਤੇ ਸੱਭਿਅਤਾ ਦਾ ਕਦੇ ਜ਼ਿਕਰ ਨਹੀਂ ਹੋਇਆ, ਜਦਕਿ ਮੌਜੂਦਾ ਸਰਕਾਰ ਨੇ ਪਰੰਪਰਾ ਅਤੇ ਤਕਨਾਲੋਜੀ ਨੂੰ ਇਕੱਠੇ ਅੱਗੇ ਵਧਾਇਆ ਹੈ। ਉਨ੍ਹਾਂ ਨੇ ਅਯੁੱਧਿਆ 'ਚ ਰਾਮ ਮੰਦਰ ਦੇ ਉਦਘਾਟਨ ਅਤੇ 'ਹਿਰਦੇ' (HRIDAY) ਤੇ 'ਪ੍ਰਸਾਦ' (PRASAD) ਵਰਗੀਆਂ ਯੋਜਨਾਵਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅੱਜ ਭਾਰਤ ਸੱਭਿਆਚਾਰਕ ਪੱਖੋਂ ਮਜ਼ਬੂਤ ਹੋ ਰਿਹਾ ਹੈ,। ਸੂਰਿਆ ਨੇ ਕਿਹਾ ਕਿ ਅੱਜ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਯੂਪੀਏ ਸਰਕਾਰ ਦੇ ਸਮੇਂ ਮਹਿੰਗਾਈ ਅਤੇ ਆਰਥਿਕ ਮੰਦੀ ਦੇ ਬਹਾਨੇ ਦਿੱਤੇ ਜਾਂਦੇ ਸਨ, ਉੱਥੇ ਹੀ ਮੋਦੀ ਸਰਕਾਰ ਨੇ ਗਲੋਬਲ ਅਨਿਸ਼ਚਿਤਤਾ ਅਤੇ ਕੋਰੋਨਾ ਵਰਗੀ ਮਹਾਮਾਰੀ ਦੇ ਬਾਵਜੂਦ ਦੇਸ਼ ਦੀ ਆਰਥਿਕ ਬੁਨਿਆਦ ਨੂੰ ਮਜ਼ਬੂਤ ਕੀਤਾ ਹੈ,। ਸੁਰੱਖਿਆ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਮਾਓਵਾਦੀ ਉਗਰਵਾਦ ਖ਼ਤਮ ਹੋਣ ਦੇ ਕੰਢੇ ਹੈ ਅਤੇ ਕਸ਼ਮੀਰ ਵਿੱਚ ਧਾਰਾ 370 ਹਟਣ ਤੋਂ ਬਾਅਦ ਹੁਣ ਅੱਤਵਾਦ ਦੀ ਬਜਾਏ ਵਿਕਾਸ ਅਤੇ ਨੌਜਵਾਨਾਂ ਦੇ ਸਸ਼ਕਤੀਕਰਨ ਦੀ ਗੱਲ ਹੁੰਦੀ ਹੈ। ਕਾਂਗਰਸ 'ਤੇ ਵਾਅਦਾ ਖ਼ਿਲਾਫ਼ੀ ਦਾ ਦੋਸ਼ ਲਾਉਂਦਿਆਂ ਸੂਰਿਆ ਨੇ ਕਿਹਾ ਕਿ ਕਾਂਗਰਸ ਸਾਲਾਂ ਤੱਕ ਮਹਿਲਾ ਸਸ਼ਕਤੀਕਰਨ ਬਿੱਲ ਲਿਆਉਣ ਦੀ ਗੱਲ ਕਰਦੀ ਰਹੀ ਪਰ 2013 'ਚ ਇਸ ਨੂੰ ਵਾਪਸ ਲੈ ਲਿਆ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸੱਤਾ 'ਚ ਆਉਣ ਤੋਂ ਬਾਅਦ ਇਸ ਵਾਅਦੇ ਨੂੰ ਪੂਰਾ ਕਰਕੇ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਵਾਅਦੇ ਕਦੇ ਵਚਨਬੱਧਤਾ 'ਚ ਨਹੀਂ ਬਦਲੇ, ਜਦਕਿ ਮੋਦੀ ਸਰਕਾਰ ਨੇ 'ਕਰਕੇ ਦਿਖਾਉਣ' ਦੀ ਰਾਜਨੀਤੀ ਕੀਤੀ ਹੈ।



## PM ਨਰਿੰਦਰ ਮੋਦੀ ਦਾ ਵੱਡਾ ਐਲਾਨ ! ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਬਣਨਗੇ ਵਿਕਾਸ ਦੇ ਕੇਂਦਰ

ਜਲੰਧਰ, 2 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਪੰਜਾਬ ਦੌਰੇ 'ਤੇ ਪਹੁੰਚੇ, ਜਿੱਥੇ ਉਨ੍ਹਾਂ ਡੇਰਾ ਸੱਚਖੰਡ ਬੱਲਾਂ ਵਿਖੇ ਨਮਸਤਕ ਹੋ ਕੇ ਸੰਤ ਨਿਰੰਜਨ ਦਾਸ ਜੀ ਆਸ਼ੀਰਵਾਦ ਲਿਆ। ਇਸ ਦੌਰਾਨ ਉਨ੍ਹਾਂ ਆਦਮਪੁਰ ਏਅਰਪੋਰਟ ਦਾ ਨਾਮ ਬਦਲਣ ਦਾ ਰਸਮੀ ਐਲਾਨ ਕਰਦੇ ਹੋਏ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਦਮਪੁਰ ਏਅਰਪੋਰਟ ਦੇ ਨਾਂ ਦਾ ਨਾਮਕਰਨ ਕੀਤਾ ਗਿਆ ਹੈ। ਹੁਣ ਆਦਮਪੁਰ ਏਅਰਪੋਰਟ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਜਾਣਿਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਅੱਜ ਵਿੱਤ ਮੰਤਰੀ ਨਿਰਮਲਾ ਸੀਤਰਮਨ ਵੱਲੋਂ ਪੇਸ਼ ਕੀਤੇ ਗਏ ਬਜਟ 'ਤੇ ਵੀ ਅਹਿਮ ਗੱਲਾਂ ਸਾਂਝੀਆਂ ਕੀਤੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਡਾ ਐਲਾਨ ਹੋਏ ਕਿਹਾ ਕਿ ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਵਿਕਾਸ ਦੇ ਕੇਂਦਰ ਬਣਨਗੇ। ਉਨ੍ਹਾਂ ਕਿਹਾ ਕਿ ਬਜਟ ਵਿਚ ਜਲੰਧਰ, ਲੁਧਿਆਣਾ ਤੇ ਹੁਸ਼ਿਆਰਪੁਰ ਨੂੰ ਵਿਕਾਸ ਦਾ ਕੇਂਦਰ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਅਪੀਲ ਸਾਨੂੰ ਆਪਣੇ ਪ੍ਰੋਡਕਟ ਦੀ ਕੁਆਲਿਟੀ 'ਤੇ ਜ਼ੋਰ ਦੇਣਾ ਹੋਵੇਗਾ। ਬਜਟ 'ਤੇ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬਜਟ ਨਾਲ ਸਾਰਿਆਂ ਨੂੰ ਫਾਇਦਾ ਹੋਵੇਗਾ। ਬਜਟ ਗ਼ਰੀਬ, ਕਿਸਾਨਾਂ ਅਤੇ ਨੌਜਵਾਨਾਂ ਨੂੰ ਹੋਰ ਮਜ਼ਬੂਤ ਬਣਾਏਗਾ।




ਬਜਟ ਮਹਿਲਾ ਸ਼ਕਤੀ ਨੂੰ ਹੋਰ ਮਜ਼ਬੂਤ ਕਰੇਗਾ। ਇਹ ਕਿਸਾਨਾਂ ਦੀ ਆਦਮਨ ਵਧਾਉਣ ਵਾਲਾ ਬਜਟ ਹੈ। ਪਿਛਲੇ ਇਕ ਦਹਾਕੇ ਵਿਚ ਭਾਰਤ ਦਾ ਐਕਸਪੋਰਟ ਵਧਿਆ ਹੈ। ਬਜਟ ਦਾ ਇਕ ਹੋਰ ਫੋਕਸ ਸਪੋਰਟਸ 'ਤੇ ਹੈ। ਖੇਡੋ ਇੰਡੀਆ ਮਿਸ਼ਨ ਪੰਜਾਬ ਲਈ ਇਕ ਵੱਡਾ ਮੌਕਾ ਲੈ ਕੇ ਆਵੇਗਾ।

### ਮੱਛੀ ਮਾਰਕੀਟ 'ਚ ਕੁੜੀ ਦਾ ਬੇਰਹਿਮੀ ਨਾਲ ਕਤਲ

ਨੈਸ਼ਨਲ ਡੈਸਕ, 2 ਫਰਵਰੀ ; ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਦੇ ਮੱਛੀ ਮਾਰਕੀਟ 'ਚ ਉਸ ਸਮੇਂ ਦਹਿਸ਼ਤ ਫੈਲ ਗਈ, ਜਦੋਂ ਇੱਕ ਨੌਜਵਾਨ ਨੇ ਦਿਨ-ਦਹਾੜੇ ਕੁੜੀ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕਰ ਦਿੱਤਾ। ਇਸ ਖ਼ੂਨੀ ਵਾਰਦਾਤ ਤੋਂ ਬਾਅਦ ਪੂਰੇ ਇਲਾਕੇ ਵਿੱਚ ਤਣਾਅ ਦਾ ਮਾਹੌਲ ਹੈ। ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਘਟਨਾ ਸੋਮਵਾਰ ਸਵੇਰੇ ਕਰੀਬ 10:30 ਵਜੇ ਵਾਪਰੀ। ਮੁਲਜ਼ਮ ਨੇ ਬਾਜ਼ਾਰ ਵਿੱਚ ਕੁੜੀ 'ਤੇ ਹਮਲਾ ਕਰ ਕੇ ਉਸ ਦਾ ਗਲਾ ਵੱਢ ਦਿੱਤਾ। ਗੰਭੀਰ ਰੂਪ ਵਿੱਚ ਜ਼ਖ਼ਮੀ ਕੁੜੀ ਨੂੰ ਤੁਰੰਤ ਦੂਨ ਹਸਪਤਾਲ ਲਿਜਾਇਆ ਗਿਆ, ਪਰ ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਇਸ ਮਾਮਲੇ ਵਿੱਚ ਮੁਲਜ਼ਮ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਦੀ ਪਛਾਣ ਆਕਾਸ਼ ਕੁਮਾਰ ਉਰਫ਼ ਗੋਲੂ ਵਜੋਂ ਹੋਈ ਹੈ।

## ਦਲਾਈ ਲਾਮਾ ਨੇ ਰਚਿਆ ਇਤਿਹਾਸ; ਪਹਿਲੀ ਵਾਰ ਜਿੱਤਿਆ ਵੱਕਾਰੀ 'ਗ੍ਰੈਮੀ ਐਵਾਰਡ'

ਲਾਸ ਐਂਜਲੇਸ, 2 ਫਰਵਰੀ : ਦੁਨੀਆ ਦੇ ਸਭ ਤੋਂ ਵੱਕਾਰੀ ਸੰਗੀਤ ਪੁਰਸਕਾਰ '68ਵੇਂ ਗ੍ਰੈਮੀ ਐਵਾਰਡਜ਼' ਵਿੱਚ ਇਸ ਵਾਰ ਅਧਿਆਤਮਕ ਗੁਰੂ ਦਲਾਈ ਲਾਮਾ ਨੇ ਇਤਿਹਾਸ ਰਚ ਦਿੱਤਾ ਹੈ। ਐਤਵਾਰ ਨੂੰ ਲਾਸ ਐਂਜਲੇਸ ਵਿੱਚ ਹੋਏ ਸ਼ਾਨਦਾਰ ਸਮਾਗਮ ਦੌਰਾਨ ਦਲਾਈ ਲਾਮਾ ਨੇ 'ਆਡੀਓ ਬੁੱਕ, ਕਥਾਵਾਚਨ ਅਤੇ ਸਟੋਰੀਟੇਲਿੰਗ ਰਿਕਾਰਡਿੰਗ' ਸ਼੍ਰੇਣੀ ਵਿੱਚ ਆਪਣਾ ਪਹਿਲਾ ਗ੍ਰੈਮੀ ਪੁਰਸਕਾਰ ਜਿੱਤਿਆ। ਉਨ੍ਹਾਂ ਨੇ ਇਸ ਦੌੜ ਵਿੱਚ ਅਮਰੀਕੀ ਸੁਪਰੀਮ ਕੋਰਟ ਦੀ ਜੱਜ ਕੇਤਨਜੀ ਬ੍ਰਾਊਨ ਜੈਕਸਨ ਨੂੰ ਪਿੱਛੇ ਛੱਡਦਿਆਂ ਇਹ ਮਾਣ ਹਾਸਲ ਕੀਤਾ। ਇਸ ਵਾਰ ਦਾ ਗ੍ਰੈਮੀ ਸਮਾਗਮ ਦਿੱਗਜ ਫ਼?ਲਮ ਨਿਰਦੇਸ਼ਕ ਸਟੀਵਨ ਸਪੀਲਬਰਗ ਲਈ ਵੀ ਬੇਹੱਦ ਖ਼ਾਸ ਰਿਹਾ। ਉਨ੍ਹਾਂ ਦੀ ਸੰਗੀਤ ਫ਼?ਲਮ 'ਮਿਊਜ਼ਿਕ ਫਾਰ ਜੌਨ ਵਿਲੀਅਮਜ਼' ਨੇ ਸਰਵੋਤਮ ਸੰਗੀਤ ਫ਼?ਲਮ ਦਾ ਪੁਰਸਕਾਰ ਜਿੱਤਿਆ। ਇਸ ਜਿੱਤ ਨਾਲ ਸਪੀਲਬਰਗ ਹੁਣ ਅਧਿਕਾਰਤ ਤੌਰ 'ਤੇ '57®“' (ਐਮੀ, ਗ੍ਰੈਮੀ, ਆਸਕਰ ਅਤੇ ਟੋਨੀ ਐਵਾਰਡ ਜੇਤੂ) ਕਲੱਬ ਵਿੱਚ ਸ਼ਾਮਲ ਹੋ ਗਏ ਹਨ। ਸੰਗੀਤ ਜਗਤ ਵਿੱਚ ਤੇਜ਼ੀ ਨਾਲ ਉੱਭਰ ਰਹੇ ਕੇ-ਪੌਪ (K-Pop) ਨੇ ਵੀ ਇਸ ਵਾਰ ਗ੍ਰੈਮੀ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ। ਫ਼?ਲਮ 'ਕੇ-ਪੌਪ ਡੈਮਨ ਹੰਟਰਸ' ਦੇ ਗੀਤ 'ਗੋਲਡਨ' ਨੇ ਵਿਜ਼ੂਅਲ ਮੀਡੀਆ ਲਈ ਸਰਵੋਤਮ ਗੀਤ ਦਾ ਪੁਰਸਕਾਰ ਜਿੱਤਿਆ। ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਕੇ-ਪੌਪ ਕਲਾਕਾਰ ਜਾਂ ਗਰੁੱਪ ਨੇ ਗ੍ਰੈਮੀ ਆਪਣੇ ਨਾਮ ਕੀਤਾ ਹੈ। ਪੀਕਾਕ ਥੀਏਟਰ ਵਿੱਚ ਹੋਏ ਇਸ ਸਮਾਗਮ ਦੌਰਾਨ ਸਿਆਸੀ ਰੰਗ ਵੀ ਦੇਖਣ ਨੂੰ ਮਿਲਿਆ। ਕਈ ਕਲਾਕਾਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ (ਪ੍ਰਵਾਸ ਨੀਤੀ) ਦੀ ਖੁੱਲ੍ਹ ਕੇ ਨਿਖੇਧੀ ਕੀਤੀ। ਗਾਇਕ ਸ਼ਾਬੂਜੀ ਨੇ ਭਾਵੁਕ ਹੁੰਦਿਆਂ ਕਿਹਾ ਕਿ ÷ਪ੍ਰਵਾਸੀਆਂ ਨੇ ਹੀ ਇਸ ਦੇਸ਼ (ਅਮਰੀਕਾ) ਨੂੰ ਬਣਾਇਆ ਹੈ।÷ ਗਾਇਕਾ ਗਲੋਰੀਆ ਐਸਟੇਫਨ ਨੇ ਵੀ ਮੌਜੂਦਾ ਸਿਆਸੀ ਹਾਲਾਤ 'ਤੇ ਚਿੰਤਾ ਪ੍ਰਗਟਾਈ।



## ਰਾਹੁਲ ਗਾਂਧੀ ਦੇ ਭਾਸ਼ਣ 'ਤੇ ਹੋਏ ਹੰਗਾਮੇ ਮਗਰੋਂ ਲੋਕ ਸਭਾ ਹੋਈ ਮੁਲਤਵੀ

ਨਵੀਂ ਦਿੱਲੀ, 2 ਫਰਵਰੀ : ਲੋਕ ਸਭਾ 'ਚ ਸੋਮਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਇੱਕ ਸਾਬਕਾ ਫੌਜ ਮੁਖੀ ਦੇ ਸੰਸਮਰਣ (ਯਾਦਾਂ) ਦੇ ਖਰੜੇ ਦੇ ਕੁਝ ਅੰਸ਼ ਪੜ੍ਹਨ ਦੀ ਕੋਸ਼ਿਸ਼ ਕਰਨ ਤੋਂ ਬਾਅਦ ਸਦਨ 'ਚ ਭਾਰੀ ਹੰਗਾਮਾ ਦੇਖਣ ਨੂੰ ਮਿਲਿਆ। ਇਸ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਖ਼ਤ ਵਿਰੋਧ ਜਤਾਇਆ, ਜਿਸ ਕਾਰਨ ਸੱਤਾਧਾਰੀ ਪਾਰਟੀ ਅਤੇ ਕਾਂਗਰਸ ਦੇ ਮੈਂਬਰਾਂ ਵਿਚਕਾਰ ਤਿੱਖੀ ਬਹਿਸ ਹੋਈ। ਸਦਨ ਵਿੱਚ ਪੈਦਾ ਹੋਏ ਇਸ ਰੋਸ ਕਾਰਨ ਸਪੀਕਰ ਓਮ ਬਿਰਲਾ ਨੇ ਲੋਕ ਸਭਾ ਦੀ ਬੈਠਕ ਦੁਪਹਿਰ 2:09 ਵਜੇ ਤੋਂ 3:00 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਰਾਹੁਲ ਗਾਂਧੀ ਨੇ ਸਾਬਕਾ ਫੌਜ ਮੁਖੀ ਦਾ ਹਵਾਲਾ ਦਿੰਦੇ ਹੋਏ ਚੀਨ ਨਾਲ ਭਾਰਤ ਦੇ ਫੌਜੀ ਤਣਾਅ ਦਾ ਮੁੱਦਾ ਚੁੱਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਸਾਬਕਾ ਫੌਜ ਮੁਖੀ ਨੇ ਆਪਣੀਆਂ ਲਿਖਤਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਕਿਰਦਾਰ ਬਾਰੇ ਵੀ ਟਿੱਪਣੀ ਕੀਤੀ ਹੈ। ਇਸ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰਾਹੁਲ ਗਾਂਧੀ 'ਤੇ ਸਦਨ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ। ਜਦੋਂ ਇਹ ਸਾਰਾ ਵਿਵਾਦ ਹੋ ਰਿਹਾ ਸੀ, ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਵੀ ਸਦਨ ਵਿੱਚ ਮੌਜੂਦ ਸਨ। ਸਪੀਕਰ ਓਮ ਬਿਰਲਾ ਨੇ ਰਾਹੁਲ ਗਾਂਧੀ ਨੂੰ ਕਈ ਵਾਰ ਅਪੀਲ ਕੀਤੀ ਕਿ ਉਹ ਸਦਨ ਵਿੱਚ ਕਿਸੇ ਕਿਤਾਬ ਜਾਂ ਰਸਾਲੇ ਦਾ ਹਵਾਲਾ ਨਹੀਂ ਦੇ ਸਕਦੇ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਜ਼ੋਰ ਦੇ ਕੇ ਕਿਹਾ ਕਿ ਸਦਨ ਵਿੱਚ ਅਜਿਹੀਆਂ ਗੱਲਾਂ ਨਹੀਂ ਰੱਖੀਆਂ ਜਾ ਸਕਦੀਆਂ ਅਤੇ ਵਿਰੋਧੀ ਧਿਰ ਦੇ ਨੇਤਾ ਨੂੰ ਸਦਨ ਦੀ ਵਿਵਸਥਾ ਦਾ ਪਾਲਣ ਕਰਨਾ ਚਾਹੀਦਾ ਹੈ। ਰਾਜਨਾਥ ਸਿੰਘ ਨੇ ਇਹ ਸਵਾਲ ਵੀ ਚੁੱਕਿਆ ਕਿ ਜਿਸ ਪੁਸਤਕ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਕੀ ਉਹ ਅਸਲ ਵਿੱਚ ਪ੍ਰਕਾਸ਼ਿਤ ਹੋਈ ਹੈ ਜਾਂ ਨਹੀਂ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਭਾਜਪਾ ਸੰਸਦ ਮੈਂਬਰ ਤੇਜਸਵੀ ਸੂਰਿਆ ਵੱਲੋਂ ਕਾਂਗਰਸ ਦੀ ਦੇਸ਼ ਭਗਤੀ ਅਤੇ ਕਿਰਦਾਰ 'ਤੇ ਉਠਾਏ ਗਏ ਸਵਾਲਾਂ ਦਾ ਜਵਾਬ ਦੇ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸਪੀਕਰ ਦੇ ਆਸਨ ਨੂੰ ਚੁਣੌਤੀ ਨਹੀਂ ਦੇ ਰਹੇ, ਸਗੋਂ ਸਿਰਫ ਚੀਨ ਨਾਲ ਭਾਰਤ ਦੇ ਸਬੰਧਾਂ ਬਾਰੇ ਆਪਣੀ ਗੱਲ ਰੱਖਣਾ ਚਾਹੁੰਦੇ ਹਨ। ਹਾਲਾਂਕਿ, ਸਪੀਕਰ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਲਗਾਤਾਰ ਆਸਨ ਦੀ ਮਾਨਹਾਣੀ ਕਰ ਰਹੇ ਹਨ।

## ਰਾਹੁਲ ਨੇ ਸਪੀਕਰ ਦੇ ਫ਼ੈਸਲੇ ਦੀ ਉਲੰਘਣਾ ਕਰਦੇ ਹੋਏ ਸਦਨ ਦਾ ਸਮਾਂ ਕੀਤਾ ਬਰਬਾਦ : ਕਿਰਨ ਰਿਜਿਜੂ

ਨਵੀਂ ਦਿੱਲੀ, 2 ਫਰਵਰੀ : ਲੋਕ ਸਭਾ 'ਚ ਸੋਮਵਾਰ ਨੂੰ ਉਸ ਸਮੇਂ ਭਾਰੀ ਹੰਗਾਮਾ ਹੋਇਆ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਾਬਕਾ ਫੌਜ ਮੁਖੀ ਜਨਰਲ ਐੱਮ.ਐੱਮ. ਨਰਵਣੇ (ਸੇਵਾਮੁਕਤ) ਦੀ ਇਕ ਅਣਪ੍ਰਕਾਸ਼ਿਤ ਕਿਤਾਬ (memoir) ਦਾ ਹਵਾਲਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਸਦਨ ਦੀ ਕਾਰਵਾਈ 'ਚ ਵਿਘਨ ਪਿਆ ਅਤੇ ਕਾਰਵਾਈ ਨੂੰ ਸ਼ਾਮ 4 ਵਜੇ ਤੱਕ ਮੁਲਤਵੀ ਕਰਨਾ ਪਿਆ। ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਪੀਕਰ ਦੇ ਫੈਸਲੇ ਦੀ ਉਲੰਘਣਾ ਕੀਤੀ ਹੈ ਅਤੇ ਸਦਨ ਦਾ ਕੀਮਤੀ ਸਮਾਂ ਬਰਬਾਦ ਕੀਤਾ ਹੈ। ਰਿਜਿਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਪੀਕਰ ਓਮ ਬਿਰਲਾ ਨੇ ਪਹਿਲਾਂ ਹੀ ਰੂਲਿੰਗ ਦਿੱਤੀ ਹੋਈ ਹੈ ਕਿ ਸਦਨ 'ਚ ਸਿਰਫ ਪ੍ਰਮਾਣਿਤ (authenticated) ਦਸਤਾਵੇਜ਼ ਹੀ ਪੇਸ਼ ਕੀਤੇ ਜਾ ਸਕਦੇ ਹਨ। ਉਨ੍ਹਾਂ ਸਦਨ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਕਿਤਾਬਾਂ ਜਾਂ ਨਿਊਜ਼ ਕਲਿੱਪਿੰਗਜ਼ ਜਿਨ੍ਹਾਂ ਦੀ ਕਾਰਵਾਈ ਨਾਲ ਕੋਈ ਸਬੰਧ ਨਹੀਂ ਹੈ, ਉਨ੍ਹਾਂ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ। ਜਦੋਂ ਰਾਹੁਲ ਗਾਂਧੀ ਰਾਸ਼ਟਰਪਤੀ ਦੇ ਭਾਸ਼ਣ 'ਤੇ 'ਧੰਨਵਾਦ ਦੇ ਮਤੇ' ਦੌਰਾਨ ਬੋਲਣ ਲਈ ਖੜ੍ਹੇ ਹੋਏ, ਤਾਂ ਉਨ੍ਹਾਂ ਨੇ ਭਾਜਪਾ ਸੰਸਦ ਮੈਂਬਰ ਤੇਜਸਵੀ ਸੂਰਿਆ ਵੱਲੋਂ ਕਾਂਗਰਸ 'ਤੇ ਲਗਾਏ ਗਏ ਰਾਸ਼ਟਰਵਾਦ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਜਨਰਲ ਨਰਵਣੇ ਦੀ ਕਿਤਾਬ ਦਾ ਜ਼ਿਕਰ ਸ਼ੁਰੂ ਕੀਤਾ। ਇਸ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਭਾਜਪਾ ਮੈਂਬਰਾਂ ਨੇ ਸਖ਼ਤ ਇਤਰਾਜ਼ ਜਤਾਇਆ। ਸਰਕਾਰ ਵੱਲੋਂ ਦੋਸ਼ ਲਗਾਇਆ ਗਿਆ ਕਿ ਰਾਹੁਲ ਗਾਂਧੀ ਅਜਿਹੇ ਗੈਰ-ਪ੍ਰਮਾਣਿਤ ਦਸਤਾਵੇਜ਼ਾਂ ਰਾਹੀਂ ਸਦਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



## ਕੇਂਦਰ ਦਾ ਦਾਅਵਾ : 'ਹਰ ਘਰ ਜਲ' ਯੋਜਨਾ ਨੇ ਬਚਾਈਆਂ ਹਜ਼ਾਰਾਂ ਮਾਸੂਮ ਜਾਨਾਂ


ਨਵੀਂ ਦਿੱਲੀ, 2 ਫਰਵਰੀ : ਕੇਂਦਰ ਸਰਕਾਰ ਨੇ ਸੰਸਦ ਵਿੱਚ ਦਾਅਵਾ ਕੀਤਾ ਹੈ ਕਿ ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਲੋਕ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਨਹੀਂ ਹਨ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜਲ ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਨੇ ਦੱਸਿਆ ਕਿ ਕੇਂਦਰੀ ਭੂ-ਜਲ ਬੋਰਡ ਅਤੇ ਰਾਜ ਸਰਕਾਰਾਂ ਦੀਆਂ ਰਿਪੋਰਟਾਂ ਅਨੁਸਾਰ ਦੇਸ਼ ਦਾ ਜ਼ਮੀਨੀ ਪਾਣੀ ਕਾਫ਼ੀ ਹੱਦ ਤੱਕ ਪੀਣ ਯੋਗ ਹੈ। ਉਨ੍ਹਾਂ ਦੱਸਿਆ ਕਿ ਅੱਜ ਦੇਸ਼ ਦੇ 16 ਕਰੋੜ ਘਰਾਂ ਵਿੱਚ ਨਲ ਰਾਹੀਂ ਪਾਣੀ ਪਹੁੰਚ ਰਿਹਾ ਹੈ। ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਵਿਸ਼ਵ ਸਿਹਤ ਸੰਗਠਨ (WHO) ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਸਦਨ ਨੂੰ ਦੱਸਿਆ ਕਿ 'ਹਰ ਘਰ ਜਲ' ਯੋਜਨਾ ਨਾਲ ਦੇਸ਼ ਦੇ 8.4 ਲੱਖ ਕਰੋੜ ਰੁਪਏ ਦੀ ਬਚਤ ਹੋਈ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਮਿਸ਼ਨ ਸਦਕਾ ਹਰ ਸਾਲ ਉਹਨਾਂ 60 ਹਜ਼ਾਰ ਬੱਚਿਆਂ ਦੀ ਮੌਤ ਨੂੰ ਰੋਕਿਆ ਗਿਆ ਹੈ, ਜੋ ਪਹਿਲਾਂ ਦੂਸ਼ਿਤ ਪਾਣੀ ਪੀਣ ਕਾਰਨ ਹੁੰਦੀਆਂ ਸਨ। ਸਰਕਾਰ ਨੇ ਦੱਸਿਆ ਕਿ ਪਾਣੀ ਦੀ ਗੁਣਵੱਤਾ ਯਕੀਨੀ ਬਣਾਉਣ ਲਈ 24.8 ਲੱਖ ਔਰਤਾਂ ਨੂੰ ਵਿਸ਼ੇਸ਼ ਜਾਂਚ ਕਿੱਟਾਂ ਦਿੱਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ 8 ਲੱਖ ਔਰਤਾਂ ਨੇ ਆਪਣੇ ਘਰਾਂ ਵਿੱਚ ਸਪਲਾਈ ਹੋਣ ਵਾਲੇ ਪਾਣੀ ਦੀ ਗੁਣਵੱਤਾ ਦੀ ਰਿਪੋਰਟ ਜਲ ਜੀਵਨ ਮਿਸ਼ਨ ਦੇ ਪੋਰਟਲ 'ਤੇ ਅਪਲੋਡ ਵੀ ਕੀਤੀ ਹੈ। ਪਾਟਿਲ ਨੇ ਸਪੱਸ਼ਟ ਕੀਤਾ ਕਿ ਜਲਾਪੂਰਤੀ ਮੁੱਖ ਤੌਰ 'ਤੇ ਰਾਜ ਸਰਕਾਰਾਂ ਦਾ ਕੰਮ ਹੈ, ਪਰ ਕੇਂਦਰ ਸਰਕਾਰ ਜਲ ਜੀਵਨ ਮਿਸ਼ਨ ਤਹਿਤ ਉਨ੍ਹਾਂ ਦੀ ਮਦਦ ਕਰ ਰਹੀ ਹੈ। ਵਿੱਤ ਵਰ੍ਹੇ 2026-27 ਲਈ ਇਸ ਮਿਸ਼ਨ ਵਾਸਤੇ 67,300 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਰਾਜਾਂ ਨੇ ਖਰਚੇ ਦਾ ਪੂਰਾ ਵੇਰਵਾ ਨਹੀਂ ਦਿੱਤਾ, ਉਨ੍ਹਾਂ ਦੇ ਫੰਡ ਅਸਥਾਈ ਤੌਰ 'ਤੇ ਰੋਕੇ ਗਏ ਹਨ, ਜੋ ਜਾਣਕਾਰੀ ਮਿਲਣ 'ਤੇ ਜਾਰੀ ਕਰ ਦਿੱਤੇ ਜਾਣਗੇ। ਇੰਦੌਰ ਵਿੱਚ ਦੂਸ਼ਿਤ ਪਾਣੀ ਨਾਲ ਹੋਈਆਂ ਬੱਚਿਆਂ ਦੀਆਂ ਮੌਤਾਂ ਬਾਰੇ ਉਨ੍ਹਾਂ ਕਿਹਾ ਕਿ ਵਿਸਤ੍ਰਿਤ ਰਿਪੋਰਟ ਆਉਣ 'ਤੇ ਉਚਿਤ ਕਾਰਵਾਈ ਕੀਤੀ ਜਾਵੇਗੀ।

## 1 ਮਿੰਟ ਦੀ ਦੇਰੀ ਨੇ ਤੋੜੇ ਵਿਦਿਆਰਥਣਾਂ ਦੇ ਸੁਪਨੇ

ਨੈਸ਼ਨਲ ਡੈਸਕ, 2 ਫਰਵਰੀ : ਬਿਹਾਰ 'ਚ ਅੱਜ ਤੋਂ ਇੰਟਰਮੀਡੀਏਟ (12ਵੀਂ) ਦੀਆਂ ਪ੍ਰੀਖਿਆਵਾਂ ਦਾ ਆਗਾਜ਼ ਹੋ ਗਿਆ ਹੈ, ਪਰ ਪ੍ਰੀਖਿਆ ਦੇ ਪਹਿਲੇ ਹੀ ਦਿਨ ਨਿਯਮਾਂ ਦੀ ਸਖ਼ਤੀ ਕਈ ਵਿਦਿਆਰਥੀਆਂ 'ਤੇ ਭਾਰੀ ਪੈ ਗਈ। ਬਿਹਾਰ ਸਕੂਲ ਪ੍ਰੀਖਿਆ ਬੋਰਡ (BSEB) ਵੱਲੋਂ ਨਕਲ ਰੋਕਣ ਲਈ ਅਪਣਾਈ ਗਈ 'ਜ਼ੀਰੋ ਟੋਲਰੈਂਸ ਪਾਲਿਸੀ' ਕਾਰਨ ਕਈ ਵਿਦਿਆਰਥਣਾਂ ਨੂੰ ਮਹਿਜ਼ ਕੁਝ ਮਿੰਟਾਂ ਦੀ ਦੇਰੀ ਹੋਣ 'ਤੇ ਪ੍ਰੀਖਿਆ ਕੇਂਦਰ 'ਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਦਾ ਪੂਰਾ ਸਾਲ ਬਰਬਾਦ ਹੋਣ ਦਾ ਡਰ ਬਣ ਗਿਆ ਹੈ। ਭਾਗਲਪੁਰ ਦੇ ਕਈ ਪ੍ਰੀਖਿਆ ਕੇਂਦਰਾਂ, ਜਿਵੇਂ ਕਿ ਮਾਰਵਾੜੀ ਪਾਠਸ਼ਾਲਾ ਅਤੇ ਸੂਰਜ ਦੇਵੀ ਮਿਸ਼ਰੀਲਾਲ ਕੇਂਦਰ ਦੇ ਬਾਹਰ ਬਹੁਤ ਹੀ ਭਾਵੁਕ ਦ੍ਰਿਸ਼ ਦੇਖਣ ਨੂੰ ਮਿਲੇ। ਨਿਯਮਾਂ ਅਨੁਸਾਰ ਪ੍ਰੀਖਿਆ ਸ਼ੁਰੂ ਹੋਣ ਦੇ ਤੈਅ ਸਮੇਂ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਦਾਖ਼ਲਾ ਨਹੀਂ ਦਿੱਤਾ ਜਾ ਸਕਦਾ ਸੀ। ਨੌਂ ਵਜਦੇ ਹੀ ਕੇਂਦਰਾਂ ਦੇ ਗੇਟਾਂ ਨੂੰ ਤਾਲੇ ਲਗਾ ਦਿੱਤੇ ਗਏ। ਜਿਹੜੀਆਂ ਵਿਦਿਆਰਥਣਾਂ ਮਹਿਜ਼ 1 ਤੋਂ 4 ਮਿੰਟ ਦੀ ਦੇਰੀ ਨਾਲ ਪਹੁੰਚੀਆਂ, ਉਨ੍ਹਾਂ ਨੂੰ ਅੰਦਰ ਜਾਣ ਤੋਂ ਸਾਫ਼ ਮਨਾ ਕਰ ਦਿੱਤਾ ਗਿਆ। ਪ੍ਰੀਖਿਆ ਕੇਂਦਰਾਂ ਦੇ ਬਾਹਰ ਵਿਦਿਆਰਥਣਾਂ ਰੋਂਦੀਆਂ-ਕੁਰਲਾਉਂਦੀਆਂ ਰਹੀਆਂ। ਕਈ ਵਿਦਿਆਰਥਣਾਂ ਨੇ ਮੌਕੇ 'ਤੇ ਤਾਇਨਾਤ ਮੈਜਿਸਟ?ਰੇਟ ਅਤੇ ਪੁਲਿਸ ਕਰਮਚਾਰੀਆਂ ਅੱਗੇ ਹੱਥ ਜੋੜ ਕੇ ਗੁਹਾਰ ਲਗਾਈ ਅਤੇ ਦੁਬਾਰਾ ਅਜਿਹੀ ਗਲਤੀ ਨਾ ਕਰਨ ਦੀ ਕਸਮ ਵੀ ਖਾਧੀ, ਪਰ ਨਿਯਮਾਂ ਦੀ ਕੰਧ ਇੰਨੀ ਸਖ਼ਤ ਸੀ ਕਿ ਉਨ੍ਹਾਂ ਨੂੰ ਇੱਕ ਮਿੰਟ ਦੀ ਵੀ ਮੋਹਲਤ ਨਹੀਂ ਦਿੱਤੀ ਗਈ। ਇਸ ਦੌਰਾਨ ਵਿਦਿਆਰਥਣਾਂ ਦੇ ਮਾਪੇ ਵੀ ਬੇਬਸ ਨਜ਼ਰ ਆਏ ਅਤੇ ਆਪਣੀਆਂ ਧੀਆਂ ਦੇ ਟੁੱਟਦੇ ਸੁਪਨੇ ਦੇਖ ਕੇ ਖ਼ੁਦ ਵੀ ਭਾਵੁਕ ਹੋ ਗਏ। ਦੱਸ ਦੇਈਏ ਕਿ ਭਾਗਲਪੁਰ ਵਿੱਚ ਕੁੱਲ 59 ਪ੍ਰੀਖਿਆ ਕੇਂਦਰਾਂ 'ਤੇ ਇੰਟਰਮੀਡੀਏਟ ਦੀ ਪ੍ਰੀਖਿਆ ਲਈ ਜਾ ਰਹੀ ਹੈ, ਜਿਸ ਵਿੱਚ 44,644 ਪ੍ਰੀਖਿਆਰਥੀ ਸ਼ਾਮਲ ਹਨ।

## ਰਾਜ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਚਰਚਾ: ਸਦਾਨੰਦ ਮਾਸਟਰ ਨੇ 'ਵਿਕਸਿਤ ਭਾਰਤ' ਦਾ ਰੋਡਮੈਪ ਕੀਤਾ ਪੇਸ਼

ਨਵੀਂ ਦਿੱਲੀ, 2 ਫਰਵਰੀ : ਰਾਜ ਸਭਾ 'ਚ ਮੰਗਲਵਾਰ ਨੂੰ ਰਾਸ਼ਟਰਪਤੀ ਦੇ ਭਾਸ਼ਣ 'ਤੇ 'ਧੰਨਵਾਦ ਮਤੇ' 'ਤੇ ਚਰਚਾ ਸ਼ੁਰੂ ਹੋਈ। ਰਾਜ ਸਭਾ ਦੇ ਨਾਮਜ਼ਦ ਮੈਂਬਰ ਸੀ. ਸਦਾਨੰਦ ਮਾਸਟਰ ਨੇ ਚਰਚਾ ਦਾ ਆਗਾਜ਼ ਕਰਦਿਆਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੰਬੋਧਨ ਨੂੰ 'ਵਿਕਸਿਤ ਭਾਰਤ' ਦੀ ਯੋਜਨਾ ਦਾ ਇਕ ਅਜਿਹਾ ਵਿਸ਼ਾਲ ਨਕਸ਼ਾ ਦੱਸਿਆ, ਜਿਸ 'ਚ ਦੇਸ਼ ਦੀਆਂ ਪ੍ਰਾਪਤੀਆਂ ਅਤੇ ਇੱਛਾਵਾਂ ਦੀ ਝਲਕ ਮਿਲਦੀ ਹੈ। ਚਰਚਾ ਦੌਰਾਨ ਸਦਨ 'ਚ ਕਾਫੀ ਹੰਗਾਮਾ ਦੇਖਣ ਨੂੰ ਮਿਲਿਆ। ਜਦੋਂ ਸਦਾਨੰਦ ਮਾਸਟਰ, ਜੋ ਕਿ 35 ਸਾਲ ਪਹਿਲਾਂ ਕੇਰਲ 'ਚ ਸਿਆਸੀ ਹਿੰਸਾ ਦੌਰਾਨ ਆਪਣੇ ਦੋਵੇਂ ਪੈਰ ਗੁਆ ਚੁੱਕੇ ਹਨ, ਬੋਲਣ ਲਈ ਖੜ੍ਹੇ ਹੋਏ ਤਾਂ ਮਾਕਪਾ (CPIM) ਦੇ ਮੈਂਬਰ ਜੌਨ ਬ੍ਰਿਟਾਸ ਨੇ ਉਨ੍ਹਾਂ ਦੇ ਨਕਲੀ ਪੈਰਾਂ ਨੂੰ ਲੈ ਕੇ ਵਿਵਸਥਾ ਦਾ ਸਵਾਲ ਉਠਾਇਆ। ਸੱਤਾਧਾਰੀ ਪੱਖ ਦੇ ਮੈਂਬਰਾਂ ਨੇ ਰਾਸ਼ਟਰਪਤੀ ਦੇ ਭਾਸ਼ਣ ਦੌਰਾਨ ਵਿਰੋਧੀ ਧਿਰ ਵੱਲੋਂ ਕੀਤੇ ਗਏ ਸ਼ੋਰ-ਸ਼ਰਾਬੇ ਦੀ ਸਖ਼ਤ ਨਿੰਦਾ ਕੀਤੀ। ਦੱਸਣਯੋਗ ਹੈ ਕਿ ਵਿਰੋਧੀ ਧਿਰ ਵੱਲੋਂ ਰਾਸ਼ਟਰਪਤੀ ਦੇ ਭਾਸ਼ਣ ਵਿੱਚ ਸੋਧ ਲਈ ਕੁੱਲ 126 ਪ੍ਰਸਤਾਵ ਪੇਸ਼ ਕੀਤੇ ਗਏ ਹਨ। ਆਪਣੇ ਪਹਿਲੇ ਭਾਸ਼ਣ 'ਚ ਸਦਾਨੰਦ ਮਾਸਟਰ ਨੇ ਕਿਹਾ ਕਿ ਰਾਸ਼ਟਰਪਤੀ ਨੇ ਆਜ਼ਾਦੀ ਦੇ 'ਅੰਮ੍ਰਿਤ ਕਾਲ' 'ਚ ਵਿਕਸਿਤ ਭਾਰਤ ਦੇ ਨਿਰਮਾਣ ਦਾ ਸੰਕਲਪ ਲਿਆ ਹੈ। ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਦੇ ਕਥਨ 'ਨਿਰਧਨ ਦੀ ਸੇਵਾ ਹੀ ਪ੍ਰਭੂ ਦੀ ਸੇਵਾ ਹੈ' ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅੱਜ ਦੇ 'ਨਰਿੰਦਰ' (ਪ੍ਰਧਾਨ ਮੰਤਰੀ ਮੋਦੀ) ਵੀ ਇਸੇ ਕਾਰਜ ਵਿੱਚ ਜੁਟੇ ਹੋਏ ਹਨ। ਉਨ੍ਹਾਂ ਨੇ 'ਸਬਕਾ ਸਾਥ, ਸਬਕਾ ਵਿਕਾਸ' ਦੇ ਨਾਅਰੇ ਦਾ ਜ਼ਿਕਰ ਕਰਦਿਆਂ ਅਜਿਹਾ ਭਾਰਤ ਬਣਾਉਣ ਦੀ ਅਪੀਲ ਕੀਤੀ ਜਿੱਥੇ ਸਾਰੇ ਭਾਈਚਾਰੇ ਨਾਲ ਰਹਿਣ। ਸਦਾਨੰਦ ਮਾਸਟਰ ਨੇ ਦੇਸ਼ ਦੀ ਬਦਲਦੀ ਤਸਵੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿੱਥੇ ਕਦੇ 'ਭਾਰਤ ਤੇਰੇ ਟੁਕੜੇ ਹੋਣਗੇ' ਦੇ ਨਾਅਰੇ ਲੱਗਦੇ ਸਨ, ਉੱਥੇ ਹੁਣ 'ਵੰਦੇ ਮਾਤਰਮ' ਦਾ ਗੂੰਜ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀਨਗਰ ਦੇ ਲਾਲ ਚੌਕ 'ਤੇ ਹੁਣ ਪਾਕਿਸਤਾਨੀ ਝੰਡੇ ਦੀ ਬਜਾਏ ਤਿਰੰਗਾ ਲਹਿਰਾ ਰਿਹਾ ਹੈ। ਭਾਜਪਾ ਦੀ ਮੇਧਾ ਵਿਸ਼ਰਾਮ ਕੁਲਕਰਨੀ ਨੇ ਚਰਚਾ 'ਚ ਹਿੱਸਾ ਲੈਂਦਿਆਂ ਕਿਹਾ ਕਿ ਵਰਤਮਾਨ ਸਰਕਾਰ ਨੇ ਆਪਣੀ ਨੀਤੀ ਅਤੇ ਨੀਅਤ ਨਾਲ 25 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਿਆ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਮਤਭੇਦ ਹੋ ਸਕਦੇ ਹਨ, ਪਰ ਦੇਸ਼ ਦੀ ਸੁਰੱਖਿਆ ਅਤੇ ਵਿਕਾਸ ਦੇ ਟੀਚਿਆਂ 'ਤੇ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਦੂਜੇ ਪਾਸੇ, ਸਦਾਨੰਦ ਮਾਸਟਰ ਨੇ ਕੇਰਲ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਹੂਲਤਾਂ ਦੀ ਘਾਟ ਕਾਰਨ ਉੱਥੋਂ ਦੇ ਨੌਜਵਾਨ ਬਾਹਰ ਜਾਣ ਲਈ ਮਜਬੂਰ ਹਨ ਅਤੇ ਕੇਰਲ ਇੱਕ 'ਓਲਡ ਏਜ ਹੋਮ' (ਬਿਰਧ ਆਸ਼ਰਮ) ਬਣਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰ ਸਾਲ ਸਾਢੇ ਚਾਰ ਲੱਖ ਨੌਜਵਾਨ ਪੜ੍ਹਾਈ ਲਈ ਬਾਹਰ ਚਲੇ ਜਾਂਦੇ ਹਨ, ਜਿਸ ਕਾਰਨ ਘਰਾਂ ਵਿੱਚ ਸਿਰਫ਼ ਬਜ਼ੁਰਗ ਮਾਪੇ ਹੀ ਰਹਿ ਗਏ ਹਨ।



## ਸ਼ੌਕ ਦਾ ਕੋਈ ਮੁੱਲ ਨਹੀਂ ; ਕਾਰ ਤੋਂ ਵੀ ਮਹਿੰਗੀ ਨੰਬਰ ਪਲੇਟ ! ਲੱਗੀ ਕਰੋੜਾਂ ਦੀ ਬੋਲੀ

ਨੈਸ਼ਨਲ ਡੈਸਕ, 2 ਫਰਵਰੀ : ਕਹਿੰਦੇ ਹਨ ਕਿ "ਸ਼ੌਕ ਦਾ ਕੋਈ ਮੁੱਲ ਨਹੀਂ÷ ਅਤੇ ਇਸ ਦੀ ਤਾਜ਼ਾ ਮਿਸਾਲ ਗੱਡੀ ਦੀ ਇੱਕ ਨੰਬਰ ਪਲੇਟ ਦੀ ਨਿਲਾਮੀ ਨੇ ਦਿੱਤੀ ਹੈ, ਜਿਸ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ। ਭਾਰਤ ਵਿੱਚ ਇੱਕ ਨੰਬਰ ਪਲੇਟ ਇੰਨੀ ਮਹਿੰਗੀ ਵਿਕੀ ਹੈ ਕਿ ਉਸ ਦੀ ਕੀਮਤ ਕਈ ਲਗਜ਼ਰੀ ਕਾਰਾਂ ਨਾਲੋਂ ਵੀ ਕਿਤੇ ਜ਼ਿਆਦਾ ਹੈ। '443 0001' ਰਜਿਸਟਰੇਸ਼ਨ ਨੰਬਰ ਵਾਲੀ ਇਸ ਪਲੇਟ ਨੂੰ 2.08 ਕਰੋੜ ਰੁਪਏ ਵਿੱਚ ਨਿਲਾਮ ਕੀਤਾ ਗਿਆ ਹੈ, ਜੋ ਕਿ ਦੇਸ਼ ਦੀ ਹੁਣ ਤੱਕ ਦੀ ਸਭ ਤੋਂ ਮਹਿੰਗੀ ਨੰਬਰ ਪਲੇਟ ਬਣ ਗਈ ਹੈ। ਇਹ ਇਤਿਹਾਸਕ ਸੌਦਾ ਪ੍ਰੀ-ਓਨਡ ਲਗਜ਼ਰੀ ਕਾਰ ਬਿਜ਼ਨਸ 'ਬਿਗ ਬੁਆਏ ਟੌਇਜ਼' (Big Boy Toyz) ਦੇ ਨਵੇਂ ਆਕਸ਼ਨ ਹਾਊਸ ਦੀ ਲਾਂਚਿੰਗ ਦੌਰਾਨ ਹੋਇਆ। ਇਸ ਨੰਬਰ ਪਲੇਟ 'ਤੇ ਸਭ ਤੋਂ ਉੱਚੀ ਬੋਲੀ ਆਂਧਰਾ ਪ੍ਰਦੇਸ਼ ਦੇ ਗੁੰਟੂਰ ਦੇ ਰਹਿਣ ਵਾਲੇ ਕਿਰਨ ਕੋਲਪਾਕੁਲਾ ਨੇ ਲਗਾਈ। ਦੱਸਣਯੋਗ ਹੈ ਕਿ ਇਹ '443 0001' ਨੰਬਰ ਪਲੇਟ ਪਹਿਲਾਂ ਬਿਗ ਬੁਆਏ ਟੌਇਜ਼ ਦੇ ਫਾਊਂਡਰ ਅਤੇ ਮੈਨੇਜਿੰਗ ਡਾਇਰੈਕਟਰ ਜਤਿਨ ਆਹੂਜਾ ਕੋਲ ਸੀ। 2.08 ਕਰੋੜ ਰੁਪਏ ਦੀ ਇਸ ਨਿਲਾਮੀ ਨੇ ਭਾਰਤ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਤੋਂ ਪਹਿਲਾਂ ਸਭ ਤੋਂ ਮਹਿੰਗੀ ਨੰਬਰ ਪਲੇਟ ਦਾ ਰਿਕਾਰਡ ਹਰਿਆਣਾ ਦੇ ਨੰਬਰ 'HR' ਦੇ ਨਾਮ ਸੀ, ਜੋ ਨਵੰਬਰ ਵਿੱਚ ਇੱਕ ਸਰਕਾਰੀ ਨਿਲਾਮੀ ਦੌਰਾਨ 1.17 ਕਰੋੜ ਰੁਪਏ ਵਿੱਚ ਵਿਕੀ ਸੀ। ਉਸ ਤੋਂ ਵੀ ਪਹਿਲਾਂ ਕੇਰਲ ਦਾ ਇੱਕ ਨੰਬਰ ਲਗਭਗ 46 ਲੱਖ ਰੁਪਏ ਵਿੱਚ ਵਿਕਿਆ ਸੀ। ਜਤਿਨ ਆਹੂਜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਕਲੈਕਟਰ ਸਿਰਫ਼ ਕਾਰਾਂ ਵਿੱਚ ਹੀ ਨਹੀਂ, ਸਗੋਂ ਉਨ੍ਹਾਂ ਨਾਲ ਜੁੜੀਆਂ ਦੁਰਲੱਭ ਅਤੇ ਕੀਮਤੀ ਚੀਜ਼ਾਂ ਵਿੱਚ ਵੀ ਭਾਰੀ ਦਿਲਚਸਪੀ ਦਿਖਾ ਰਹੇ ਹਨ।

## ਪੰਜਾਬ 'ਚ 2 ਦਿਨ Alert ! ਸਾਵਧਾਨ ਰਹਿਣ 15 ਜ਼ਿਲ੍ਹੇ, ਮੌਸਮ ਵਿਭਾਗ ਨੇ 6 ਫਰਵਰੀ ਤੱਕ ਕੀਤੀ ਵੱਡੀ ਭਵਿੱਖਬਾਣੀ

ਜਲੰਧਰ, 2 ਫਰਵਰੀ : ਪੰਜਾਬ ਵਿਚ ਇਕ ਵਾਰ ਫਿਰ ਤੋਂ ਮੌਸਮ ਵਿਚ ਬਦਲਾਅ ਵੇਖਣ ਨੂੰ ਮਿਲੇਗਾ। ਅਗਲੇ ਦਿਨਾਂ ਲਈ ਮੌਸਮ ਵਿਭਾਗ ਵੱਲੋਂ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 6 ਫਰਵਰੀ ਤੱਕ ਵੱਡੀ ਭਵਿੱਖਬਾਣੀ ਗਈ ਹੈ। ਤਾਜ਼ਾ ਜਾਣਕਾਰੀ ਅਪਡੇਟ ਮੁਤਾਬਕ ਮੌਸਮ ਵਿਭਾਗ ਵੱਲੋਂ 2 ਦਿਨਾਂ ਲਈ ਸੀਤ ਲਹਿਰ ਦਾ ਸੂਬੇ ਵਿਚ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ 15 ਜ਼ਿਲ੍ਹਿਆਂ ਲਈ ਧੁੰਦ ਨੂੰ ਲੈ ਕੇ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਧੁੰਦ ਦੀ ਸਥਿਤੀ ਖ਼ਾਸ ਤੌਰ 'ਤੇ ਸਵੇਰੇ ਅਤੇ ਸ਼ਾਮ ਦੇ ਸਮੇਂ ਬਣੀ ਰਹਿਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਸੂਬੇ ਦੇ 9 ਜ਼ਿਲ੍ਹਿਆਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਵੀ ਜਤਾਈ ਗਈ ਹੈ। ਇਹ ਵੀ ਪੜ੍ਹੋ: ਪੁਲਸ ਥਾਣਿਆਂ 'ਚ ਨਹੀਂ ਹੁੰਦੀ 'ਆਪ' MLA ਕੁੰਵਰ ਵਿਜੈ ਪ੍ਰਤਾਪ ਦੀ ਸੁਣਵਾਈ, ਨਵਜੋਤ ਕੌਰ ਨੇ ਦੱਸੀ ਵਜ੍ਹਾ ਪਿਛਲੇ 24 ਘੰਟਿਆਂ ਦੌਰਾਨ ਕਈ ਜ਼ਿਲ੍ਹਿਆਂ ਵਿੱਚ ਮੀਂਹ ਦਰਜ ਕੀਤਾ ਗਿਆ ਹੈ। ਹਾਲਾਂਕਿ ਬਠਿੰਡਾ ਵਿੱਚ ਸਵੇਰ ਤੋਂ ਹੀ ਵਿਜ਼ੀਬਿਲਟੀ ਜ਼ੀਰੋ ਦਰਜ ਕੀਤੀ ਗਈ। ਉਥੇ ਹੀ ਜੇਕਰ ਸੂਬੇ ਵਿਚ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਸੂਬੇ ਦੇ ਵੱਧ ਤੋਂ ਵੱਧ ਤਾਪਮਾਨ 'ਚ 1.4 ਡਿਗਰੀ ਦੀ ਵਾਧਾ ਦਰਜ ਹੋਈ ਹੈ, ਜਿਸ ਨਾਲ ਤਾਪਮਾਨ ਹੁਣ ਸਧਾਰਣ ਦੇ ਨੇੜੇ ਪਹੁੰਚ ਗਿਆ ਹੈ। ਰਾਜ ਵਿੱਚ ਸਭ ਤੋਂ ਘੱਟ ਨਿਊਨਤਮ ਤਾਪਮਾਨ 5.9 ਡਿਗਰੀ ਸੈਲਸੀਅਸ ਅੰਮ੍ਰਿਤਸਰ ਵਿੱਚ ਰਿਕਾਰਡ ਕੀਤਾ ਗਿਆ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਸਿੰਘ ਮੁਤਾਬਕ 2 ਫਰਵਰੀ ਨੂੰ ਪੰਜਾਬ ਦੇ ਕੁਝ ਇਲਾਕਿਆਂ 'ਚ ਹਲਕਾ ਮੀਂਹ ਪੈ ਸਕਦਾ ਹੈ। ਆਉਣ ਵਾਲੇ ਤਿੰਨ ਦਿਨਾਂ ਦੌਰਾਨ ਰਾਤ ਦੇ ਤਾਪਮਾਨ ਵਿੱਚ 2 ਤੋਂ 4 ਡਿਗਰੀ ਸੈਲਸੀਅਸ ਤੱਕ ਗਿਰਾਵਟ ਆਉਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਤਾਪਮਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੋਵੇਗਾ। ਮੌਸਮ ਵਿਭਾਗ ਮੁਤਾਬਕ 2 ਅਤੇ 3 ਫਰਵਰੀ ਨੂੰ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ ਸਾਹਿਬ, ਮੋਗਾ, ਸੰਗਰੂਰ, ਫਤਿਹਗੜ੍ਹ ਸਾਹਿਬ, ਪਟਿਆਲਾ, ਫਾਜ਼ਿਲਕਾ ਵਿੱਚ ਕੁਝ ਥਾਵਾਂ 'ਤੇ ਸੰਘਣੀ ਧੁੰਦ ਪੈ ਸਕਦੀ ਹੈ। ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਉਥੇ ਹੀ 4 ਫ਼ਰਵਰੀ ਇਨ੍ਹਾਂ ਜ਼ਿਲ੍ਹਿਆਂ ਵਿੱਚ ਮੁੜ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ ਪਰ ਮੌਸਮ ਖ਼ੁਸ਼ਕ ਰਹੇਗਾ। 5 ਅਤੇ 6 ਫਰਵਰੀ ਨੂੰ ਮੀਂਹ ਜਾਂ ਕੋਹਰੇ ਨੂੰ ਲੈ ਕੇ ਕੋਈ ਅਲਰਟ ਨਹੀਂ। ਉੱਥੇ ਹੀ 9 ਜ਼ਿਲ੍ਹਿਆਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਇਨ੍ਹਾਂ 'ਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਰੂਪਨਗਰ ਅਤੇ ਮੋਹਾਲੀ ਦੇ ਕੁਝ ਇਲਾਕਿਆਂ 'ਚ ਹਲਕੀ ਬਾਰਿਸ਼ ਪੈ ਸਕਦੀ ਹੈ। ਇਥੇ ਦੱਸਣਯੋਗ ਹੈ ਕਿ ਉੱਤਰ ਪਾਕਿਸਤਾਨ ਅਤੇ ਆਸ-ਪਾਸ ਦੇ ਇਲਾਕਿਆਂ 'ਚ ਵੈਸਟਨ ਡਿਸਟਰਬਨ ਸਰਗਰਮ ਹੈ। ਇਹ ਜ਼ਮੀਨ ਤੋਂ ਲਗਭਗ 3 ਤੋਂ 6 ਕਿਲੋਮੀਟਰ ਦੀ ਉੱਚਾਈ 'ਤੇ ਹਵਾ ਦੇ ਚੱਕਰ ਦੇ ਰੂਪ 'ਚ ਬਣਿਆ ਹੋਇਆ ਹੈ। ਇਸ ਨਾਲ ਜੁੜਿਆ ਚੱਕਰਵਾਤੀ ਅਸਰ ਜੋ ਪਹਿਲਾਂ ਉੱਤਰ ਰਾਜਸਥਾਨ ਵਿੱਚ ਸੀ, ਹੁਣ ਦੱਖਣ ਹਰਿਆਣਾ ਅਤੇ ਆਸ-ਪਾਸ ਦੇ ਉੱਤਰ ਰਾਜਸਥਾਨ ਤੱਕ ਪਹੁੰਚ ਗਿਆ ਹੈ। ਇਸ ਦਾ ਅਸਰ ਕਰੀਬ 1.5 ਕਿਲੋਮੀਟਰ ਦੀ ਉੱਚਾਈ ਤੱਕ ਹੈ। ਮੌਸਮ ਵਿਭਾਗ ਮੁਤਾਬਕ 5 ਫ਼ਰਵਰੀ 2026 ਦੀ ਰਾਤ ਤੋਂ ਇਕ ਹੋਰ ਨਵਾਂ ਵੈਸਟਨ ਡਿਸਟਰਬਨ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰ ਸਕਦਾ ਹੈ।





## ਲੋਕ ਸਭਾ 'ਚ ਰਾਹੁਲ ਗਾਂਧੀ ਚੁੱਕ ਲਿਆਏ ਨਰਵਣੇ ਦੀ ਕਿਤਾਬ ! ਡੋਕਲਾਮ ਨੂੰ ਲੈ ਕੇ ਭਖ਼ ਗਿਆ ਮਾਹੌਲ

ਨਵੀਂ ਦਿੱਲੀ, 2 ਫਰਵਰੀ : ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੌਰਾਨ ਅੱਜ ਰਾਹੁਲ ਗਾਂਧੀ ਨੇ 'ਬੋਲਣ ਦਾ ਸਮਾਂ ਦੇਣ ਲਈ' ਧੰਨਵਾਦ ਕਹਿੰਦੇ ਹੋਏ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਭਾਸ਼ਣ ਦੌਰਾਨ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਉਨ੍ਹਾਂ ਨੇ ਸਾਬਕਾ ਫੌਜ ਮੁਖੀ ਐੱਮ.ਐੱਮ. ਨਰਵਣੇ ਦੀ ਇੱਕ ਅਣ-ਪ੍ਰਕਾਸ਼ਿਤ ਕਿਤਾਬ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਕਿਤਾਬ ਅਨੁਸਾਰ ਚੀਨੀ ਟੈਂਕ ਡੋਕਲਾਮ ਵਿੱਚ ਭਾਰਤੀ ਸਰਹੱਦ ਦੇ ਬਹੁਤ ਨੇੜੇ ਪਹੁੰਚ ਗਏ ਸਨ। ਰਾਹੁਲ ਗਾਂਧੀ ਨੇ ਜਿਵੇਂ ਹੀ ਇਹ ਗੱਲ ਕਹੀ, ਉਦੋਂ ਹੀ ਸਾਹਮਣੇ ਬੈਠੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਜਿਸ ਕਿਤਾਬ ਦਾ ਰਾਹੁਲ ਗਾਂਧੀ ਜ਼ਿਕਰ ਕਰ ਰਹੇ ਹਨ, ਉਹ ਅਜੇ ਤੱਕ ਪ੍ਰਕਾਸ਼ਿਤ ਹੀ ਨਹੀਂ ਹੋਈ ਹੈ। ਉਨ੍ਹਾਂ ਚੁਣੌਤੀ ਦਿੱਤੀ ਕਿ ਜੇਕਰ ਕਿਤਾਬ ਪ੍ਰਕਾਸ਼ਿਤ ਹੋਈ ਹੈ ਤਾਂ ਉਸ ਨੂੰ ਸਦਨ ਵਿੱਚ ਪੇਸ਼ ਕੀਤਾ ਜਾਵੇ। ਇਸ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਰਾਹੁਲ ਗਾਂਧੀ ਜਿਸ ਜਾਣਕਾਰੀ ਦਾ ਹਵਾਲਾ ਦੇ ਰਹੇ ਹਨ, ਉਹ ਅਸਲ ਵਿੱਚ ਇੱਕ ਮੈਗਜ਼ੀਨ ਦੀ ਰਿਪੋਰਟ ਹੈ, ਨਾ ਕਿ ਫੌਜ ਮੁਖੀ ਦੇ ਆਪਣੇ ਸ਼ਬਦ। ਉਨ੍ਹਾਂ ਕਿਹਾ ਕਿ ਜਿਹੜੀ ਕਿਤਾਬ ਛਪੀ ਹੀ ਨਹੀਂ, ਉਸ ਦਾ ਹਵਾਲਾ ਸਦਨ ਵਿੱਚ ਨਹੀਂ ਦਿੱਤਾ ਜਾ ਸਕਦਾ, ਜਿਸ ਮਗਰੋਂ ਸਪੀਕਰ ਓਮ ਬਿਰਲਾ ਨੇ ਸਪੱਸ਼ਟ ਕੀਤਾ ਕਿ ਸਦਨ ਵਿੱਚ ਸਿਰਫ਼ ਪ੍ਰਮਾਣਿਤ ਦਸਤਾਵੇਜ਼ ਜਾਂ ਅਖ਼ਬਾਰ ਦੀਆਂ ਕਲਿੱਪਿੰਗਾਂ ਹੀ ਚੱਲ ਸਕਦੀਆਂ ਹਨ। ਉਨ੍ਹਾਂ ਰਾਹੁਲ ਗਾਂਧੀ ਨੂੰ ਨਿਯਮਾਂ ਅਨੁਸਾਰ ਚੱਲਣ ਦੀ ਹਦਾਇਤ ਦਿੱਤੀ। ਇਸ ਮਗਰੋਂ ਸਪਾ ਨੇਤਾ ਅਖਿਲੇਸ਼ ਯਾਦਵ ਨੇ ਰਾਹੁਲ ਗਾਂਧੀ ਦਾ ਸਮਰਥਨ ਕਰਦਿਆਂ ਕਿਹਾ ਕਿ ਚੀਨ ਦਾ ਮੁੱਦਾ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਇੱਕ ਸੰਵੇਦਨਸ਼ੀਲ ਮਾਮਲਾ ਹੈ, ਇਸ ਲਈ ਇਸ 'ਤੇ ਗੱਲ ਹੋਣੀ ਚਾਹੀਦੀ ਹੈ। ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਫੌਜ ਮੁਖੀ ਦੀ ਕਿਤਾਬ ਨੂੰ ਜਾਣਬੁੱਝ ਕੇ ਪ੍ਰਕਾਸ਼ਿਤ ਨਹੀਂ ਹੋਣ ਦਿੱਤਾ ਜਾ ਰਿਹਾ, ਜਦਕਿ ਸਰਕਾਰ ਨੇ ਇਸ ਨੂੰ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ।